ਅੰਗ ੧੦੦੮ = ਮਾਰੂ ਮਹਲਾ ੫ ॥ ਵੈਦੋ ਨ ਵਾਈ ਭੈਣੋ ਨ ਭਾਈ, ਏਕੋ ਸਹਾਈ ਰਾਮੁ ਹੇ ॥੧॥ ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ, ਸੋ ਸਿਮਰਹੁ ਪਰਧਾਨੁ ਹੇ ॥੨॥ ਘਟਿ ਘਟੇ ਵਾਸੀ ਸਰਬ ਨਿਵਾਸੀ, ਅਸਥਿਰੁ ਜਾ ਕਾ ਥਾਨੁ ਹੇ ॥੩॥ ਆਵੈ ਨ ਜਾਵੈ ਸੰਗੇ ਸਮਾਵੈ, ਪੂਰਨ ਜਾ ਕਾ ਕਾਮੁ ਹੇ ॥੪॥ ਭਗਤ ਜਨਾ ਕਾ ਰਾਖਨਹਾਰਾ ॥ ਸੰਤ ਜੀਵਹਿ ਜਪਿ ਪ੍ਰਾਨ ਅਧਾਰਾ ॥ ਕਰਨ ਕਾਰਨ ਸਮਰਥੁ ਸੁਆਮੀ, ਨਾਨਕੁ ਤਿਸੁ ਕੁਰਬਾਨੁ ਹੇ ॥੫॥੨॥੩੨॥ (ਹੇ ਭਾਈ! ਅੰਤ ਵੇਲੇ) ਨਾ ਭੈਣ, ਨਾ ਭਾਈ ਅਤੇ ਨਾ ਕੋਈ ਵੈਦ ਰਖਿਆ ਕਰਨ ਵਾਲਾ ਹੈ; ਜਨਮ ਮਰਨ ਦੇ ਰੋਗ ਤੋਂ ਰੱਖਿਆ ਕਰਨ ਵਾਲਾ ਨਾ ਕੋਈ ਵੈਦ, ਨਾ ਭੈਣ ਤੇ ਨਾ ਭਾਈ ਹੈ, (ਕੇਵਲ) ਇਕ ਰਾਮ ਹੀ ਸਹਾਈ ਹੈ।੧।(ਹੇ ਭਾਈ!) ਜਿਸ ਪ੍ਰਭੂ ਦਾ ਕੀਤਾ ਹੋਇਆ ਸਭ ਕੁਛ ਹੁੰਦਾ ਹੈ, (ਉਸ ਦਾ ਨਾਮ ਸਿਮਰਨ) ਪਾਪਾਂ ਦੀ ਮੈਲ ਨੂੰ ਧੋ ਦੇਂਦਾ ਹੈ, ਉਹ ਪ੍ਰਭੂ (ਜਗਤ ਵਿਚ) ਸਭ ਤੋਂ ਉਚਾ ਹੈ (ਉਸ ਨੂੰ) ਸਿਮਰਦੇ ਰਹੋ।੨।(ਹੇ ਭਾਈ!) ਜਿਸ ਪ੍ਰਭੂ ਦਾ ਅਸਥਾਨ ਅਚੱਲ ਹੈ, (ਉਹ) ਸਾਰੇ ਜੀਵਾਂ ਦੇ ਦਿਲਾਂ ਵਿਚ ਵਸਣ ਵਾਲਾ ਹੈ, (ਬਾਹਰ ਵੀ) ਸਭ ਜਗ੍ਹਾ ਨਿਵਾਸ ਰਖਣ ਵਾਲਾ ਹੈ।੩।(ਹੇ ਭਾਈ!) ਪ੍ਰਭੂ ਨਾ ਆਉਂਦਾ ਹੈ, ਨਾ ਜਾਂਦਾ ਹੈ (ਜੰਮਦਾ ਮਰਦਾ ਨਹੀਂ), ਹਰੇਕ ਜੀਵ ਦੇ ਨਾਲ ਵਸਦਾ ਹੈ, ਜਿਸ ਪ੍ਰਭੂ ਦਾ ਹਰੇਕ ਕੰਮ ਪੂਰਾ ਹੁੰਦਾ ਹੈ ਭਾਵ ਕੋਈ ਕੰਮ ਅਧੂਰਾ ਨਹੀਂ।੪।(ਹੇ ਭਾਈ!) ਪ੍ਰਭੂ ਭਗਤ ਜਨਾਂ ਦੀ ਰੱਖਿਆ ਕਰਨ ਵਾਲਾ ਹੈ।ਸੰਤ ਪ੍ਰਭੂ ਦਾ ਨਾਮ ਜਪ ਕੇ ਜਿਉਂਦੇ ਹਨ, (ਜੋ ਹਰੇਕ ਜੀਵ ਦੇ) ਪ੍ਰਾਣਾਂ ਦਾ ਆਸਰਾ ਹੈ।ਪ੍ਰਭੂ ਸਾਰੇ ਕਾਰਨਾਂ ਦੇ ਕਰਨ ਵਾਲਾ (ਜਗਤ ਰਚਨਾ ਦਾ ਮੂਲ ਕਾਰਨ) ਹੈ ਅਤੇ ਸਰਬ ਸ਼ਕਤੀਮਾਨ ਹੈ, ਨਾਨਕ ਉਸ ਤੋਂ ਕੁਰਬਾਨ ਜਾਂਦਾ ਹੈ।੫।੨।੩੨।

ਪਦਾਰਥ = ਵੈਦੋ–ਵੈਦ।ਵਾਈ–ਅ. (ਜਨਮ ਮਰਨ ਰੂਪ) ਵਾਈ ਰੋਗ; ਰਖਿਆ ਕਰਨ ਵਾਲਾ (ਸ਼ਬਦਾਰਥ; ਮ.ਕੋ.); ਦਵਾਈ (ਨਿਰਣੈ; ਦਰਪਣ)।ਸਹਾਈ–ਸਹਾਇਤਾ ਕਰਨ ਵਾਲਾ।ਰਾਮੁ–ਸਰਬ ਵਿਆਪਕ ਪ੍ਰਮਾਤਮਾ।ਹੇ–ਹੈ।੧।ਜਿਸੋ–ਜਿਸ ਦਾ।ਮਲੋ–ਮੈਲ।ਸੋ–ਉਹ।ਪਰਧਾਨੁ–ਸਭ ਤੋਂ ਉਚਾ; ਸ਼ਿਰੋਮਣੀ।੨।ਘਟਿ ਘਟੇ–ਹਰੇਕ ਜੀਵ ਦੇ ਹਿਰਦੇ ਅੰਦਰ।ਵਾਸੀ–ਵਸਣ ਵਾਲਾ।ਸਰਬ ਨਿਵਾਸੀ–ਸਭ ਜਗ੍ਹਾ ਵਸਣ ਵਾਲਾ।ਅਸਥਿਰੁ–ਸਦਾ ਕਾਇਮ ਰਹਿਣ ਵਾਲਾ।ਜਾ ਕਾ–ਜਿਸ ਦਾ।ਥਾਨੁ–ਅਸਥਾਨ; ਟਿਕਾਣਾ।੩। ਆਵੈ ਨ ਜਾਵੈ–ਨਾ ਜੰਮਦਾ ਹੈ ਤੇ ਨਾ ਮਰਦਾ ਹੈ।ਸੰਗੇ–ਨਾਲ।ਸਮਾਵੈ–ਵਸਦਾ ਹੈ; ਮਿਲਿਆ ਹੋਇਆ ਹੈ।ਕਾਮੁ–ਕੰਮ।੪।ਜੀਵਹਿ–ਜਿਉਂਦੇ ਹਨ।ਜਪਿ–ਜਪ ਕੇ।ਪ੍ਰਾਨ ਅਧਾਰਾ–ਪ੍ਰਾਣਾਂ ਦਾ ਆਸਰਾ।ਕਰਨ ਕਾਰਨ–ਸਾਰੇ ਕਰਨਾਂ ਦੇ ਕਰਨ ਵਾਲਾ; ਜਗਤ ਰਚਨਾ ਦਾ ਮੂਲ ਕਾਰਨ।ਸਮਰਥੁ–ਸਰਬ ਸ਼ਕਤੀਮਾਨ।ਸੁਆਮੀ–ਪ੍ਰਭੂ।ਤਿਸੁ–ਉਸ ਤੋਂ।ਕੁਰਬਾਨੁ ਹੇ–ਕੁਰਬਾਨ ਜਾਂਦਾ ਹੈ।੫।੨।੩੨।

ਮਾਰੂ ਰਾਗ ਵਿਚ ਆਏ ਸ਼ਬਦਾਂ ਦਾ ਵੇਰਵਾ = ਮਹਲਾ ੧ = ੧੨ ਸ਼ਬਦ। ਮਹਲਾ ੩ = ੫ ਸ਼ਬਦ।
ਮਹਲਾ ੪ = ੮ ਸ਼ਬਦ ਅਤੇ ਮਹਲਾ ੫ ਦੇ ੩੨ ਸ਼ਬਦ। ਕੁਲ ਜੋੜ = ੫੭ ਸ਼ਬਦ ।

ੴ ਸਤਿਗੁਰ ਪ੍ਰਸਾਦਿ ॥ ਮਾਰੂ ਮਹਲਾ ੯ ॥ ਹਰਿ ਕੋ ਨਾਮੁ ਸਦਾ ਸੁਖਦਾਈ ॥ ਜਾ ਕਉ ਸਿਮਰਿ ਅਜਾਮਲੁ ਉਧਰਿਓ, ਗਨਕਾ ਹੂ ਗਤਿ ਪਾਈ ॥੧॥ਰਹਾਉ॥ ਪੰਚਾਲੀ ਕਉ ਰਾਜ ਸਭਾ ਮਹਿ, ਰਾਮ ਨਾਮ ਸੁਧਿ ਆਈ ॥ ਤਾ ਕੋ ਦੂਖੁ ਹਰਿਓ ਕਰੁਣਾ ਮੈ, ਅਪਨੀ ਪੈਜ ਬਢਾਈ ॥੧॥ ਜਿਹ ਨਰ ਜਸੁ ਕ੍ਰਿਪਾ ਨਿਧਿ ਗਾਇਓ, ਤਾ ਕਉ ਭਇਓ ਸਹਾਈ ॥ ਕਹੁ ਨਾਨਕ ਮੈ ਇਹੀ ਭਰੋਸੈ, ਗਹੀ ਆਨਿ ਸਰਨਾਈ ॥੨॥੧॥ (ਹੇ ਭਾਈ!) ਹਰੀ ਦਾ ਨਾਮ ਸਦਾ ਹੀ ਸੁਖ ਦੇਣ ਵਾਲਾ ਹੈ।ਜਿਸ ਨਾਮ ਨੂੰ ਸਿਮਰ ਕੇ ਅਜਾਮਲ (ਪਾਪੀ ਸੰਸਾਰ ਸਮੁੰਦਰ ਤੋਂ) ਤਰ ਗਿਆ ਅਤੇ ਗਨਕਾ (ਵੇਸਵਾ) ਨੇ ਵੀ ਮੁਕਤੀ ਪਾਈ ਸੀ।੧।ਰਹਾਉ।(ਹੇ ਭਾਈ! ਦੁਰਯੋਧਨ ਦੇ) ਰਾਜ ਦਰਬਾਰ ਵਿਚ ਦ੍ਰੋਪਤੀ ਨੂੰ ਰਾਮ ਦੇ ਨਾਮ ਸਿਮਰਨ ਦੀ ਸੋਝੀ ਆਈ।ਦਇਆ ਸਰੂਪ ਪ੍ਰਭੂ ਨੇ ਉਸ ਦਾ ਦੁਖ ਦੂਰ ਕੀਤਾ, (ਦ੍ਰੋਪਤੀ ਦੀ ਰੱਖਿਆ ਕਰਕੇ) ਅਪਣੀ ਇੱਜਤ ਬਧਾਈ ਹੈ; (ਦ੍ਰੋਪਤੀ ਨੂੰ) ਅਪਣੀ ਦਾਸੀ ਜਾਣ ਕੇ (ਉਸ ਦੀ) ਇੱਜਤ ਵਧਾਈ ਸੀ (ਟਕਸਾਲ)।੧।(ਹੇ ਭਾਈ!) ਜਿਨ੍ਹਾਂ ਪੁਰਖਾਂ ਨੇ ਕ੍ਰਿਪਾ ਦੇ ਖਜਾਨੇ ਪ੍ਰਭੂ ਦਾ ਜਸ ਗਾਇਆ ਹੈ, ਪ੍ਰਭੂ ਉਨ੍ਹਾਂ ਨੂੰ ਸਹਾਈ ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਵੀ ਇਸੇ ਭਰੋਸੇ ਕਰਕੇ ਆ ਕੇ ਪ੍ਰਭੂ ਦੀ ਸ਼ਰਨ ਫੜੀ ਹੈ।੨।੧।

ਪਦਾਰਥ = ਕੋ–ਦਾ।ਸੁਖਦਾਈ–ਸੁਖ ਦੇਣ ਵਾਲਾ।ਜਾ ਕਉ–ਜਿਸ (ਨਾਮ) ਨੂੰ।ਸਿਮਰਿ–ਸਿਮਰ ਕੇ।ਉਧਰਿਓ–(ਸੰਸਾਰ ਸਮੁੰਦਰ ਤੋਂ) ਤਰ ਗਿਆ।ਗਨਕਾ ਹੂ–ਗਨਕਾ ਨੇ ਵੀ।ਗਤਿ–ਮੁਕਤੀ।੧।ਰਹਾਉ।ਪੰਚਾਲੀ–ਉਤਰੀ ਹਿੰਦ ਵਿਚ ਇਕ ਦੇਸ਼, ਜੋ ਹਿਮਾਲਾ ਤੋਂ ਚੰਬਲ ਤਕ ਦੱਸੀਦਾ ਹੈ, ਪੰਚਾਲ ਦੇਸ਼ ਦੀ ਕੰਨਿਆ ਹੋਣ ਕਰ ਕੇ ਦ੍ਰੋਪਦੀ ਨੂੰ ਪੰਚਾਲੀ ਕਿਹਾ ਹੈ; ਪੰਜਾਬ ਦਾ ਪੁਰਾਣਾ ਨਾਮ (ਟਕਸਾਲ)।ਰਾਜ ਸਭਾ ਮਹਿ–ਦੁਰਯੋਧਨ ਦੇ ਰਾਜ ਦਰਬਾਰ ਵਿਚ।ਸੁਧਿ–ਸੂਝ; ਸੋਝੀ।ਤਾ ਕੋ–ਉਸ ਦਾ।ਹਰਿਓ–ਦੂਰ ਕੀਤਾ।ਕਰੁਣਾ ਮੈ–ਦਇਆ ਸਰੂਪ ਪ੍ਰਭੂ ਨੇ।ਪੈਜ–ਇੱਜਤ; ਵਡਿਆਈ।੧।ਜਿਹ ਨਰ–ਜਿਨ੍ਹਾਂ ਪੁਰਖਾਂ ਨੇ।ਜਸੁ–ਸਿਫਤ ਸਲਾਹ।ਕਿਰਪਾ ਨਿਧਿ–ਕ੍ਰਿਪਾ ਦੇ ਖਜਾਨੇ ਪ੍ਰਭੂ ਦਾ।ਤਾ ਕਉ–ਉਨ੍ਹਾਂ ਨੂੰ।ਸਹਾਈ–ਸਹਾਇਤਾ ਕਰਨ ਵਾਲਾ।ਭਇਓ–ਹੋਇਆ ਹੈ।ਇਹੀ ਭਰੋਸੈ–ਇਸੇ ਭਰੋਸੇ ਕਰਕੇ

।ਆਨਿ–ਆ ਕੇ।ਗਹੀ ਸਰਨਾਈ–ਸ਼ਰਨ ਫੜ੍ਹੀ ਹੈ।੨।੧।

ਅਜਾਮਲੁ = ਵੇਸਵਾ ਗਾਮੀ ਸੀ, ਇਕ ਮਹਾਂ ਪੁਰਖ ਦੇ ਕਹੇ ਤੇ ਅਜਾਮਲ ਨੇ ਅਪਣੇ ਪੁਤ੍ਰ ਦਾ ਨਾਮ ਨਰਾਇਣ ਰੱਖਿਆ, ਅੰਤ ਸਮੇਂ ਨਰਾਇਣ ਨਰਾਇਣ ਕਹਿੰਦਿਆਂ ਇਸ ਦੀ ਬਿਰਤੀ ਸਚਮੁੱਚ ਪ੍ਰਭੂ ਨਾਲ ਜੁੜ ਗਈ, ਜਿਸ ਕਰਕੇ ਇਸ ਦਾ ਉਧਾਰ ਹੋ ਗਿਆ।

ਗਨਕਾ = ਇਸ ਨੇ ਮੀਂਹ ਪੈਂਦੇ ਵਿਚ ਇਕ ਸੰਤ ਦੀ ਸੇਵਾ ਕੀਤੀ।ਸੰਤਾਂ ਨੇ ਦਇਆ ਵਿਚ ਆ ਕੇ ਇਸ ਨੂੰ ਰਾਮ ਰਾਮ ਬੋਲਣ ਵਾਲਾ ਤੋਤਾ ਦਿਤਾ।ਤੋਤੇ ਤੋਂ ਰਾਮ ਨਾਮ ਸੁਣਦਿਆਂ ਤੇ ਜਪਦਿਆਂ ਇਹ ਮੁਕਤ ਹੋ ਗਈ ਸੀ।

ਮਾਰੂ ਮਹਲਾ ੯ ॥ ਅਬ ਮੈ ਕਹਾ ਕਰਉ ਰੀ ਮਾਈ ॥ ਸਗਲ ਜਨਮੁ ਬਿਖਿਅਨ ਸਿਉ ਖੋਇਆ, ਸਿਮਰਿਓ ਨਾਹਿ ਕਨ੍ਹਾਈ ॥੧॥ ਰਹਾਉ॥ ਕਾਲ ਫਾਸ ਜਬ ਗਰ ਮਹਿ ਮੇਲੀ, ਤਿਹ ਸੁਧਿ ਸਭ ਬਿਸਰਾਈ ॥ ਰਾਮ ਨਾਮ ਬਿਨੁ ਯਾ ਸੰਕਟ ਮਹਿ, ਕੋ ਅਬ ਹੋਤ ਸਹਾਈ ॥੧॥ ਜੋ ਸੰਪਤਿ ਅਪਨੀ ਕਰਿ ਮਾਨੀ, ਛਿਨ ਮਹਿ ਭਈ ਪਰਾਈ ॥ ਕਹੁ ਨਾਨਕ ਯਹ ਸੋਚ ਰਹੀ ਮਨਿ, ਹਰਿ ਜਸੁ ਕਬਹੂ ਨ ਗਾਈ ॥੨॥੨॥ (ਜਗਿਆਸੂ ਦਾ ਪ੍ਰਸ਼ਨ ਹੈ ਕਿ ਜਮ ਦੂਤਾਂ ਤੋਂ ਬਚਣ ਲਈ) ਹੇ ਮਾਂ! ਹੁਣ ਮੈਂ ਕੀ ਜਤਨ ਕਰਾਂ? ਮੈਂ ਵਿਸ਼ੇ ਵਿਕਾਰਾਂ ਨਾਲ ਲਗ ਕੇ ਸਾਰਾ ਜਨਮ ਬਿਰਥਾ ਗੁਆ ਦਿਤਾ ਹੈ, ਪ੍ਰਭੂ ਦਾ ਸਿਮਰਨ ਨਹੀਂ ਕੀਤਾ।੧।ਰਹਾਉ।ਜਦੋਂ (ਜਮਰਾਜ ਮਨੁੱਖ ਦੇ) ਗਲ ਵਿਚ ਮੌਤ ਦੀ ਫਾਹੀ ਪਾਉਂਦਾ ਹੈ, (ਜਮਦੂਤ) ਉਸ ਦੀ ਸਾਰੀ ਸੁਰਤ ਭੁਲਾ ਦੇਂਦਾ ਹੈ।ਇਸ ਸੰਕਟ ਵਿਚ ਰਾਮ ਦੇ ਨਾਮ ਤੋਂ ਬਿਨਾ (ਅੰਤ ਸਮੇਂ) ਹੁਣ ਕੌਣ ਸਹਾਈ ਹੋ ਸਕਦਾ ਹੈ? (ਕੋਈ ਸਹਾਇਤਾ ਨਹੀਂ ਕਰ ਸਕਦਾ)।੧।(ਮਨੁੱਖ ਨੇ) ਜਿਹੜੀ ਧਨ ਦੌਲਤ ਅਪਣੀ ਕਰਕੇ ਮੰਨੀ ਹੋਈ ਹੈ, (ਉਹ ਵੀ ਅੰਤ ਵੇਲੇ) ਇਕ ਖਿਨ ਵਿਚ ਪਰਾਈ ਹੋ ਜਾਂਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਅੰਤ ਸਮੇਂ ਮਨੁੱਖ ਦੇ) ਮਨ ਵਿਚ ਇਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਮੈਂ ਹਰੀ ਦਾ ਜਸ ਕਦੇ ਵੀ ਨਹੀਂ ਗਾਇਆ।੨।੨। (ਭੂਤ ਕਾਲ ਵਿਚ ਲਿਖੇ ਸ਼ਬਦਾਂ ਦੇ ਅਰਥ ਵਰਤਮਾਨ ਵਿਚ ਕੀਤੇ ਗਏ ਹਨ, ਗੁਰੂ ਜੀ ਨੇ ਅਪਣੇ ਰਾਹੀਂ ਲੋਕਾਂ ਦੀ ਹਾਲਤ ਦੱਸੀ ਹੈ)।

ਪਦਾਰਥ = ਅਬ–ਹੁਣ।ਕਹਾ ਕਰਉ–ਕੀ ਕਰਾਂ।ਰੀ ਮਾਈ–ਹੇ ਮਾਂ; ਹੇ ਮਾਤਾ ਪਿਤਾ ਰੂਪ ਗੁਰੂ ਜੀ!।ਸਗਲ–ਸਾਰਾ।ਬਿਖਿਅਨ ਸਿਉ–ਵਿਸ਼ੇ ਵਿਕਾਰਾਂ ਨਾਲ।ਕਨ੍ਹਾਈ–ਕਨ੍ਹਈਆ (ਵਾਹਿਗੁਰੂ)।੧।ਰਹਾਉ।ਕਾਲ ਫਾਸ–ਮੌਤ ਦੀ ਫਾਹੀ।ਜਬ–ਜਦੋਂ।ਗਰ ਮਹਿ–ਗਲ ਵਿਚ।ਮੇਲੀ–ਪਾ ਦਿਤੀ।ਤਿਹ–ਉਸ ਦੀ।ਸੁਧਿ–ਸੁਰਤ; ਹੋਸ਼।ਬਿਸਰਾਈ–ਭੁਲਾ ਦਿਤੀ।ਰਾਮ–ਪ੍ਰਮਾਤਮਾ।ਯਾ ਸੰਕਟ ਮਹਿ–ਇਸ ਬਿਪਤਾ ਵਿਚ।ਕੋ–ਕੌਣ।੧।ਸੰਪਤਿ–ਧਨ ਦੌਲਤ।ਕਰਿ ਮਾਨੀ–ਕਰਕੇ ਮੰਨੀ ਹੈ।ਛਿਨ ਮਹਿ–ਇਕ ਖਿਨ ਵਿਚ।ਭਈ ਪਰਾਈ–ਬਿਗਾਨੀ ਹੋ ਗਈ।ਯਹ–ਇਹ।ਸੋਚ ਰਹੀ–ਚਿੰਤਾ ਰਹੀ ਹੈ।ਮਨਿ–ਮਨ ਵਿਚ।ਕਬਹੂ–ਕਦੇ ਵੀ।ਨ ਗਾਈ–ਨਹੀਂ ਗਾਇਆ।੨।੨।

ਮਾਰੂ ਮਹਲਾ ੯ ॥ ਮਾਈ, ਮੈ ਮਨ ਕੋ ਮਾਨੁ ਨ ਤਿਆਗਿਓ ॥ ਮਾਇਆ ਕੇ ਮਦਿ ਜਨਮੁ ਸਿਰਾਇਓ, ਰਾਮ ਭਜਨਿ ਨਹੀ ਲਾਗਿਓ ॥੧॥ਰਹਾਉ॥ ਜਮ ਕੋ ਡੰਡੁ ਪਰਿਓ ਸਿਰ ਊਪਰਿ, ਤਬ ਸੋਵਤ ਤੈ ਜਾਗਿਓ ॥ ਕਹਾ ਹੋਤ ਅਬ ਕੈ ਪਛੁਤਾਏ, ਛੂਟਤ ਨਾਹਿਨ ਭਾਗਿਓ ॥੧॥ ਇਹ ਚਿੰਤਾ ਉਪਜੀ ਘਟ ਮਹਿ ਜਬ, ਗੁਰ ਚਰਨਨ ਅਨੁਰਾਗਿਓ ॥ ਸੁਫਲੁ ਜਨਮੁ ਨਾਨਕ ਤਬ ਹੂਆ, ਜਉ ਪ੍ਰਭ ਜਸ ਮਹਿ ਪਾਗਿਓ ॥੨॥੩॥ (ਪ੍ਰਭੂ ਦੇ ਚਰਨਾਂ ਦਾ ਪ੍ਰੇਮੀ ਮਨੁੱਖ ਆਖਦਾ ਹੈ ਕਿ) ਹੇ ਮਾਂ! ਮੈਂ ਮਨ ਦਾ ਮਾਣ ਨਹੀਂ ਛਡਿਆ।ਮਾਇਆ ਦੇ ਹੰਕਾਰ ਵਿਚ ਮੈਂ ਅਪਣਾ ਜਨਮ ਨਿਸਫਲ ਗੁਜਾਰ ਦਿਤਾ ਹੈ, ਪ੍ਰਭੂ ਦੇ ਭਜਨ ਵਿਚ ਨਹੀਂ ਲੱਗਿਆ।੧।ਰਹਾਉ।(ਜਦੋਂ ਮਨੁੱਖ ਦੇ) ਸਿਰ ਉਤੇ ਜਮ ਦਾ ਡੰਡਾ ਆ ਪੈਂਦਾ ਹੈ, ਤਦੋਂ (ਉਹ ਮੋਹ ਮਾਇਆ ਦੀ ਨੀਂਦ ਵਿਚ) ਸੁੱਤਾ ਪਿਆ ਰਹਿਣ ਤੋਂ ਜਾਗਦਾ ਹੈ।(ਪਰ) ਹੁਣ ਦੇ ਪਛਤਾਏ ਕੀ ਹੁੰਦਾ ਹੈ? (ਕਿਉਂਕਿ ਉਸ ਵੇਲੇ ਜਮ ਤੋਂ) ਭੱਜਿਆਂ ਛੁਟਕਾਰਾ ਨਹੀਂ ਹੋ ਸਕਦਾ।੧।(ਹੇ ਮਾਂ ਮੇਰੇ) ਹਿਰਦੇ ਵਿਚ ਜਦੋਂ ਇਹ ਚਿੰਤਾ ਪੈਦਾ ਹੋਈ (ਕਿ ਮੈਂ ਸਿਮਰਨ ਨਹੀਂ ਕੀਤਾ, ਤਦ ਮੈਂ) ਗੁਰੂ ਦੇ ਚਰਨਾਂ ਵਿਚ ਪਿਆਰ ਪਾਇਆ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਪਰੋਕਤ ਪ੍ਰੇਮੀ ਮਨੁੱਖ ਦਾ) ਜਨਮ ਸਫਲ ਤਦ ਹੋਇਆ ਹੈ, ਜਦ (ਉਹ ਗੁਰੂ ਦੀ ਸ਼ਰਨ ਵਿਚ ਪੈ ਕੇ) ਪ੍ਰਭੂ ਦੇ ਜਸ ਵਿਚ ਮਗਨ ਹੋਇਆ।੨।੩।

ਪਦਾਰਥ = ਮਾਈ–ਹੇ ਮਾਂ!; ਹੇ ਮਾਤਾ ਪਿਤਾ ਰੂਪ ਗੁਰੂ ਜੀ! (ਟਕਸਾਲ)।ਕੋ–ਦਾ।ਮਾਨੁ–ਹੰਕਾਰ।ਨ ਤਿਆਗਿਓ–ਨਹੀਂ ਛੱਡਿਆ।ਮਦਿ–ਹੰਕਾਰ ਵਿਚ; ਨਸ਼ੇ ਵਿਚ।ਸਿਰਾਇਓ–ਗੁਜਾਰ ਦਿਤਾ।ਰਾਮ–ਪ੍ਰਮਾਤਮਾ।ਭਜਨਿ–ਭਜਨ ਵਿਚ।੧।ਰਹਾਉ।ਡੰਡੁ–ਡੰਡਾ।ਪਰਿਓ–ਆ ਪਿਆ।ਤਬ–ਤਦੋਂ।ਸੋਵਤ ਤੈ–ਸੁਤੇ ਪਿਆਂ ਤੋਂ।ਕਹਾ ਹੋਤ–ਕੀ ਹੁੰਦਾ ਹੈ? ਅਬ ਕੈ ਪਛੁਤਾਏ–ਹੁਣ ਦੇ ਪਛਤਾਏ।ਛੂਟਤ ਨਾਹਿਨ–ਛੁਟਕਾਰਾ ਨਹੀਂ ਹੋ ਸਕਦਾ।ਭਾਗਿਓ–ਭੱਜ ਜਾਣ ਨਾਲ।੧।ਉਪਜੀ–ਪੈਦਾ ਹੋਈ।ਘਟ ਮਹਿ–ਹਿਰਦੇ ਵਿਚ।ਜਬ–ਜਦੋਂ।ਚਰਨਨ–ਚਰਨਾਂ ਵਿਚ।ਤਬ–ਤਦ।ਜਉ–ਜਦੋਂ।ਜਸ ਮਹਿ–ਸਿਫਤ ਸਲਾਹ ਕਰਨ ਵਿਚ।ਪਾਗਿਓ–ਮਗਨ ਹੋਇਆ।੨।੩।

ਮਾਰੂ ਅਸਟਪਦੀਆ ਮਹਲਾ ੧ ਘਰੁ ੧ ੧ਓ ਸਤਿਗੁਰ ਪ੍ਰਸਾਦਿ ॥ ਬੇਦ ਪੁਰਾਣ ਕਥੇ ਸੁਣੇ, ਹਾਰੇ ਮੁਨੀ ਅਨੇਕਾ ॥ ਅਠਸਠਿ

ਤੀਰਥ ਬਹੁ ਘਣਾ, ਭ੍ਰਮਿ ਥਾਕੇ ਭੇਖਾ ॥ ਸਾਚੋ ਸਾਹਿਬੁ ਨਿਰਮਲੋ, ਮਨਿ ਮਾਨੈ ਏਕਾ ॥੧॥ (ਹੇ ਭਾਈ!) ਅਨੇਕਾਂ ਰਿਸ਼ੀ ਮੁਨੀ ਚਾਰ ਬੇਦਾਂ ਤੇ ਅਠਾਰਾਂ ਪੁਰਾਣਾਂ ਦਾ ਕਥਨ ਕਰਕੇ ਅਤੇ ਸੁਣ ਕੇ ਹਾਰ ਗਏ ਹਨ। (ਇਸੇ ਤਰ੍ਹਾਂ) ਭੇਖਧਾਰੀ ਬਹੁਤ ਘਣੇ ਤੀਰਥ ਫਿਰ ਫਿਰ ਕੇ ਥਕ ਗਏ ਹਨ (ਫਿਰ ਵੀ ਉਹ ਪ੍ਰਭੂ ਨੂੰ ਪ੍ਰਸੰਨ ਨਹੀਂ ਸਕੇ। ਉਹ) ਸੱਚਾ ਪਵਿਤ੍ਰ ਮਾਲਕ ਕੇਵਲ ਮਨ ਦੀ ਪਵਿਤ੍ਰਤਾ ਰਾਹੀਂ ਪਤੀਜਦਾ ਹੈ; (ਉਸ ਉਤੇ ਪ੍ਰਭੂ) ਪਤੀਜਦਾ ਹੈ, (ਜਿਹੜਾ ਮਨੁੱਖ) ਮਨ ਵਿਚ ਇਕ ਪ੍ਰਭੂ ਦਾ ਨਾਮ ਵਸਾ ਲੈਂਦਾ ਹੈ (ਮੇਰਾ ਖਿਆਲ)।੧।

ਅੰਗ ੧੦੦੯ = ਤੂ ਅਜਰਾਵਰੁ ਅਮਰੁ ਤੂ ,ਸਭ ਚਾਲਣਹਾਰੀ ॥ ਨਾਮੁ ਰਸਾਇਣੁ ਭਾਇ ਲੈ, ਪਰਹਰਿ ਦੁਖੁ ਭਾਰੀ ॥੧॥ਰਹਾਉ॥ ਹਰਿ ਪੜੀਐ ਹਰਿ ਬੁਝੀਐ, ਗੁਰਮਤੀ ਨਾਮਿ ਉਧਾਰਾ ॥ ਗੁਰਿ ਪੂਰੈ ਪੂਰੀ ਮਤਿ ਹੈ, ਪੂਰੈ ਸਬਦਿ ਬੀਚਾਰਾ ॥ ਅਠਸਠਿ ਤੀਰਥ ਹਰਿ ਨਾਮੁ ਹੈ, ਕਿਲਵਿਖ ਕਾਟਣਹਾਰਾ ॥੨॥ ਜਲੁ ਬਿਲੋਵੈ ਜਲੁ ਮਥੈ, ਤਤੁ ਲੋੜੈ ਅੰਧੁ ਅਗਿਆਨਾ ॥ ਗੁਰਮਤੀ ਦਧਿ ਮਥੀਐ, ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥ ਮਨਮੁਖ ਤਤੁ ਨ ਜਾਣਨੀ, ਪਸੂ ਮਾਹਿ ਸਮਾਨਾ ॥੩॥ ਹਉਮੈ ਮੇਰਾ ਮਰੀ ਮਰੁ ,ਮਰਿ ਜੰਮੈ ਵਾਰੋ ਵਾਰ ॥ ਗੁਰ ਕੈ ਸਬਦੇ ਜੇ ਮਰੈ, ਫਿਰਿ ਮਰੈ ਨ ਦੂਜੀ ਵਾਰ ॥ ਗੁਰਮਤੀ ਜਗਜੀਵਨੁ ਮਨਿ ਵਸੈ, ਸਭਿ ਕੁਲ ਉਧਾਰਣਹਾਰ ॥੪॥ ਹੇ ਪ੍ਰਭੂ! ਤੂੰ ਬੁਢੇਪੇ ਤੋਂ ਰਹਿਤ ਹੈਂ, ਤੂੰ ਅਮਰ ਹੈਂ, (ਬਾਕੀ) ਸਾਰੀ ਸ੍ਰਿਸਟੀ ਨਾਸ਼ਵੰਤ ਹੈ। ਤੇਰਾ ਨਾਮ ਰਸਾਂ ਦਾ ਘਰ ਹੈ, (ਜੋ ਮਨੁੱਖ ਤੇਰਾ ਨਾਮ) ਪ੍ਰੇਮ ਨਾਲ ਲੈਂਦਾ (ਜਪਦਾ) ਹੈ, (ਉਹ ਜਨਮ ਮਰਨ ਦੇ) ਭਾਰੀ ਦੁਖ ਨੂੰ ਦੂਰ ਕਰ ਲੈਂਦਾ ਹੈ।੧।ਰਹਾਉ। (ਹੇ ਭਾਈ) ਹਰੀ ਦਾ ਨਾਮ ਪੜ੍ਹਨਾ ਚਾਹੀਦਾ ਹੈ, ਹਰੀ ਦਾ ਨਾਮ ਹੀ ਸਮਝਣਾ ਚਾਹੀਦਾ ਹੈ, ਗੁਰੂ ਦੀ ਸਿੱਖਿਆ ਲੈ ਕੇ ਨਾਮ ਦੁਆਰਾ (ਭਵਜਲ ਤੋਂ) ਪਾਰ ਉਤਾਰਾ ਹੁੰਦਾ ਹੈ। ਇਹ ਪੂਰੀ ਮੱਤ ਪੂਰੇ ਗੁਰੂ ਦੁਆਰਾ ਪ੍ਰਾਪਤ ਹੁੰਦੀ ਹੈ ਅਤੇ ਪੂਰੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਵਿਚਾਰਿਆ ਹੈ। ਕਿ ਹਰੀ ਦਾ ਨਾਮ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ, (ਜੋ ਸਾਰੇ) ਪਾਪ ਕੱਟ ਦੇਣ ਵਾਲਾ ਹੈ।੨। (ਜੋ ਮਨੁੱਖ) ਪਾਣੀ ਰਿੜਕਦਾ ਹੈ, (ਸਦਾ) ਪਾਣੀ ਹੀ ਰਿੜਕਦਾ ਰਹਿੰਦਾ ਹੈ, (ਅਤੇ ਪਾਣੀ ਵਿਚੋਂ) ਮੱਖਣ ਕੱਢਣਾ ਚਾਹੁੰਦਾ ਹੈ, (ਉਹ) ਅੰਨ੍ਹਾਂ ਤੇ ਅਗਿਆਨੀ ਹੈ (ਗਿਆਨ ਹੀਣ ਮਨੁੱਖ ਦਿਖਾਵੇ ਦੇ ਧਾਰਮਕ ਕਰਮ ਕਰਕੇ ਮੁਕਤੀ ਚਾਹੁੰਦਾ ਹੈ, ਜੋ ਅਸੰਭਵ ਹੈ)। ਜੇ ਗੁਰੂ ਦੇ ਉਪਦੇਸ਼ ਦੁਆਰਾ ਦਹੀਂ ਰਿੜਕੀਏ (ਸ਼ਬਦ ਦੀ ਵਿਚਾਰ ਕਰੀਏ, ਤਾਂ) ਮੱਖਣ ਪਾਈਦਾ ਹੈ ਅਤੇ ਨਾਮ ਰੂਪ ਖਜਾਨਾ ਵੀ ਪਾ ਲਈਦਾ ਹੈ। ਮਨਮੁਖ ਅਸਲੀਅਤ ਨੂੰ ਨਹੀਂ ਜਾਣਦੇ, (ਜਿਸ ਕਰਕੇ ਉਹ) ਪਸ਼ੂਆਂ ਦੀ ਜੂਨ ਵਿਚ ਵਿਚ ਸਮਾ ਜਾਂਦੇ ਹਨ।੩। ਜੋ ਮਨੁੱਖ ਹਉਮੈ ਤੇ ਮੇਰਾਪਣ ਦੀ ਮੌਤ ਮਰਦਾ ਹੈ, ਉਹ ਵਾਰ ਵਾਰ ਮਰਦਾ ਜੰਮਦਾ ਰਹਿੰਦਾ ਹੈ। ਜੇ (ਕੋਈ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਜੀਵਤ ਭਾਵ ਤੋਂ ਮਰਦਾ ਹੈ, ਉਹ ਮੁੜ ਕੇ ਦੂਜੀ ਵਾਰ ਨਹੀਂ ਮਰਦਾ। ਗੁਰੂ ਦੀ ਸਿੱਖਿਆ ਦੁਆਰਾ (ਜਿਸ ਮਨੁੱਖ ਦੇ) ਮਨ ਵਿਚ ਜਗਤ ਦਾ ਜੀਵਨ ਪ੍ਰਭੂ ਵਸਦਾ ਹੈ, (ਉਹ ਆਪ ਵੀ ਭਵਜਲ ਤੋਂ ਤਰ ਜਾਂਦਾ ਹੈ ਅਤੇ ਅਪਣੀ) ਸਾਰੀ ਕੁਲ ਨੂੰ ਤਾਰਨ ਵਾਲਾ ਬਣ ਜਾਂਦਾ ਹੈ।੪।

ਪਦਾਰਥ = ਅਸਟਪਦੀਆ–ਅੱਠ ਪਦਿਆਂ ਦੇ ਸ਼ਬਦ। ਕਥੇ–ਕਥਨ ਕਰਕੇ। ਸੁਣੇ–ਸੁਣ ਕੇ। ਹਾਰੇ–ਹਾਰ ਗਏ; ਥੱਕ ਗਏ। ਮੁਨੀ–ਸਾਧੂ। ਅਠਸਠਿ–ਅਠਾਹਠ। ਬਹੁ ਘਣਾ–ਬਹੁਤ ਜਿਆਦਾ। ਭ੍ਰਮਿ–ਘੁੰਮ ਫਿਰ ਕੇ। ਭੇਖਾ–ਭੇਖਧਾਰੀ ਸਾਧੂ। ਨਿਰਮਲੋ–ਪਵਿਤ੍ਰ। ਮਨਿ ਮਾਨੈ–ਮਨ ਦੇ ਰਾਹੀਂ ਮੰਨਦਾ (ਪਤੀਜਦਾ) ਹੈ। ਏਕਾ–ਕੇਵਲ।੧। ਅਜਰਾਵਰੁ–ਅਜਰ (ਜੋ ਜਰਾ ਰਹਿਤ ਹੋਵੇ); ਜਿਸ ਤੋਂ ਸ੍ਰੇਸਟ ਹੋਰ ਨਾ ਹੋਵੇ; ਸਦਾ ਇਕ ਰਸ ਰਹਿਣ ਵਾਲਾ; ਅਜਰ (ਦੇਵਤਿਆਂ) ਤੋਂ ਉਤਮ। ਅਮਰੁ–ਮੌਤ ਰਹਿਤ। ਚਾਲਣਹਾਰੀ–ਚਲੇ ਜਾਣ ਵਾਲੀ (ਨਾਸ਼ਵੰਤ)। ਸਭ–ਸਾਰੀ ਸ੍ਰਿਸਟੀ। ਰਸਾਇਣੁ–ਰਸਾਂ ਦਾ ਘਰ। ਭਾਇ ਲੈ–ਪ੍ਰੇਮ ਨਾਲ ਲੈਂਦਾ (ਜਪਦਾ) ਹੈ। ਪਰਹਰਿ–ਦੂਰ ਕਰ ਲੈਂਦਾ ਹੈ।੧। ਰਹਾਉ। ਬੁਝੀਐ–ਸਮਝਣਾ ਚਾਹੀਦਾ ਹੈ। ਗੁਰਮਤੀ–ਗੁਰੂ ਦੀ ਸਿੱਖਿਆ ਲੈ ਕੇ। ਨਾਮਿ–ਨਾਮ ਰਾਹੀਂ। ਉਧਾਰਾ–ਪਾਰ ਉਤਾਰਾ। ਗੁਰਿ ਪੂਰੈ–ਪੂਰੇ ਗੁਰੂ ਰਾਹੀਂ। ਮਤਿ–ਅਕਲ। ਸਬਦਿ–ਸਬਦ ਵਿਚ ਜੁੜ ਕੇ। ਬੀਚਾਰਾ–ਵਿਚਾਰਿਆ ਹੈ। ਕਿਲਵਿਖ–ਪਾਪ।੨। ਬਿਲੋਵੈ –ਰਿੜਕਦਾ ਹੈ। ਮਥੈ–ਰਿੜਕਦਾ ਹੈ। ਤਤੁ–ਮੱਖਣ। ਲੋੜੈ–ਚਾਹੁੰਦਾ ਹੈ। ਅੰਧੁ–ਅੰਨ੍ਹਾ ਮਨੁੱਖ। ਅਗਿਆਨਾ–ਗਿਆਨ ਹੀਣ ਮਨੁੱਖ। ਦਧਿ –ਦਹੀਂ। ਮਥੀਐ–ਜੇ ਰਿੜਕੀਏ। ਅੰਮ੍ਰਿਤੁ–ਮੱਖਣ। ਨਿਧਾਨਾ–ਖਜਾਨਾ। ਮਨਮੁਖ–ਮਨ ਦੀ ਮਰਜੀ ਅਨੁਸਾਰ ਚੱਲਣ ਵਾਲੇ ਮਨੁੱਖ। ਤਤੁ –ਅਸਲੀਅਤ ਨੂੰ; ਸੱਚਾਈ ਨੂੰ। ਨ ਜਾਣਨੀ–ਨਹੀਂ ਜਾਣਦੇ। ਪਸੂ ਮਾਹਿ–ਪਸ਼ੂਆਂ ਵਿਚ। ਸਮਾਨਾ–ਸਮਾ ਜਾਂਦੇ ਹਨ।੩। ਮੇਰਾ–ਮੇਰਾਪਣ। ਮਰੀ–ਮਰਦਾ ਹੈ। ਮਰੁ–ਮੌਤ। ਮਰਿ ਜੰਮੈ–ਮਰਦਾ ਜੰਮਦਾ ਹੈ। ਸਬਦੇ–ਸ਼ਬਦ ਦੁਆਰਾ। ਫਿਰਿ–ਮੁੜ ਕੇ। ਜਗ ਜੀਵਨੁ। ਜਗਤ ਦਾ ਜੀਵਨ। ਮਨਿ–ਮਨ ਵਿਚ। ਕੁਲ–ਖਾਨਦਾਨ; ਵੰਸ਼। ਉਧਾਰਣਹਾਰ–ਤਾਰ ਦੇਣ ਵਾਲਾ।੪।

ਸਚਾ ਵਖਰੁ ਨਾਮੁ ਹੈ, ਸਚਾ ਵਾਪਾਰਾ ॥ ਲਾਹਾ ਨਾਮੁ ਸੰਸਾਰਿ ਹੈ, ਗੁਰਮਤੀ ਵੀਚਾਰਾ ॥ ਦੂਜੈ ਭਾਇ ਕਾਰ ਕਮਾਵਣੀ, ਨਿਤ ਤੋਟਾ ਸੈਸਾਰਾ ॥੫॥ ਸਾਚੀ ਸੰਗਤਿ ਥਾਨੁ ਸਚੁ ,ਸਚੇ ਘਰ ਬਾਰਾ ॥ ਸਚਾ ਭੋਜਨੁ ਭਾਉ ਸਚੁ ,ਸਚੁ ਨਾਮੁ ਅਧਾਰਾ ॥ ਸਚੀ ਬਾਣੀ ਸੰਤੋਖਿਆ ,ਸਚਾ ਸਬਦੁ ਵੀਚਾਰਾ ॥੬॥ ਰਸ ਭੋਗਣ ਪਾਤਿਸਾਹੀਆ, ਦੁਖ ਸੁਖ ਸੰਘਾਰਾ ॥ ਮੋਟਾ ਨਾਉ ਧਰਾਈਐ, ਗਲਿ ਅਉਗਣ ਭਾਰਾ ॥

ਮਾਣਸ ਦਾਤਿ ਨ ਹੋਵਈ, ਤੂ ਦਾਤਾ ਸਾਰਾ ॥੭॥ ਅਗਮ ਅਗੋਚਰੁ ਤੂ ਧਣੀ, ਅਵਿਗਤੁ ਅਪਾਰਾ ॥ ਗੁਰਸਬਦੀ ਦਰੁ ਜੋਈਐ, ਮੁਕਤੇ ਭੰਡਾਰਾ ॥ ਨਾਨਕ ਮੇਲੁ ਨ ਚੂਕਈ, ਸਾਚੇ ਵਾਪਾਰਾ ॥੮॥੧॥ (ਹੇ ਭਾਈ!) ਵਾਹਿਗੁਰੂ ਦਾ ਨਾਮ ਸੱਚਾ ਸੌਦਾ ਹੈ, (ਹੋਰਨਾਂ ਨੂੰ ਨਾਮ ਜਪਾਉਣਾ ਤੇ ਆਪ ਜਪਣਾ) ਹੀ ਸਚਾ ਵਪਾਰ ਹੈ। (ਜਿਸ ਮਨੁੱਖ ਨੇ) ਗੁਰੂ ਦੀ ਸਿੱਖਿਆ ਦੁਆਰਾ ਵਿਚਾਰਿਆ ਹੈ, (ਉਸ ਨੇ) ਸੰਸਾਰ ਵਿਚ ਨਾਮ ਸਿਮਰਨ ਰੂਪ ਲਾਭ ਖੱਟਿਆ ਹੈ। (ਉਸ ਜਾਣਦਾ ਹੈ ਕਿ) ਇਕ ਪ੍ਰਭੂ ਨੂੰ ਛਡ ਕੇ ਕਿਸੇ ਹੋਰ ਦੇ ਪਿਆਰ ਵਿਚ ਕੰਮ ਕਰਨ ਨਾਲ ਸੰਸਾਰ ਵਿਚ ਸਦਾ ਘਾਟਾ ਹੀ ਰਹਿੰਦਾ ਹੈ।੫। (ਨਾਮ ਜਪਣ ਵਾਲੇ ਮਨੁੱਖ ਦੀ) ਸੰਗਤ ਸੱਚੀ ਹੈ, (ਉਸ ਦਾ) ਥਾਂ ਸੱਚਾ ਹੈ ਅਤੇ (ਉਸ ਦਾ) ਘਰ ਬਾਰ ਵੀ ਸੱਚਾ ਹੈ। (ਉਸ ਦਾ) ਭੋਜਨ ਸੱਚ ਹੈ, (ਉਸ ਦਾ) ਪ੍ਰੇਮ ਸੱਚਾ ਹੈ ਅਤੇ ਸੱਚਾ ਨਾਮ (ਉਸ ਦੇ ਜੀਵਨ ਦਾ) ਆਸਰਾ ਹੈ। (ਉਸ ਨੇ) ਸੱਚੇ ਸ਼ਬਦ ਨੂੰ ਵਿਚਾਰਿਆ ਹੈ, ਸੱਚੀ ਬਾਣੀ ਦੁਆਰਾ (ਉਹ ਮਾਇਆ ਦੀ ਤ੍ਰਿਸ਼ਨਾ ਵੱਲੋਂ) ਸੰਤੋਖੀ ਹੋ ਗਿਆ ਹੈ।੬। (ਦੁਨਿਆਵੀ) ਪਾਤਸ਼ਾਹੀਆਂ ਦੇ ਰਸ ਭੋਗਣ ਨਾਲ ਸੁਖਾਂ ਤੇ ਦੁਖਾਂ ਦੀ (ਮਨੁੱਖ ਨੂੰ) ਮਾਰ ਪੈਂਦੀ ਹੈ। (ਜੇ ਅਪਣਾ) ਨਾਉਂ ਵੱਡਾ ਧਰਾ ਲਈਏ, ਤਾਂ ਗਲ ਵਿਚ ਔਗਣਾਂ ਦੇ ਭਾਰ ਬੱਝ ਪੈਂਦੇ ਹਨ (ਜਿਸ ਨਾਲ ਮਨੁੱਖ ਭਵਜਲ ਵਿਚ ਡੁਬ ਜਾਂਦਾ ਹੈ)। ਮਨੁੱਖ ਦੀ ਦਿਤੀ ਦਾਤ ਨਾਲ ਨਹੀਂ ਰੱਜ ਨਹੀਂ ਹੁੰਦਾ (ਸੰਤੁਸ਼ਟੀ ਨਹੀਂ ਹੁੰਦੀ, ਹੇ ਪ੍ਰਭੂ!) ਤੂੰ ਸ੍ਰੇਸਟ ਦਾਤਾ ਹੈਂ (ਪ੍ਰਸੰਨ ਹੋ ਕੇ ਮਨੁੱਖ ਨੂੰ ਦਾਤਾਂ ਨਾਲ ਰਜਾ ਦੇਂਦਾ ਹੈਂ)।੭। ਹੇ ਮਾਲਕ ਪ੍ਰਭੂ! ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈਂ, ਤੂੰ ਇੰਦ੍ਰੀਆਂ ਦੀ ਪਕੜ ਤੋਂ ਵੀ ਪਰੇ ਹੈਂ, ਅਕਾਰ ਰਹਿਤ ਅਤੇ ਪਾਰ ਰਹਿਤ ਹੈਂ। ਗੁਰੂ ਦੇ ਸ਼ਬਦ ਦੁਆਰਾ (ਜੇ ਪ੍ਰਭੂ ਦਾ) ਦਰ ਖੋਜੀਏ, (ਤਾਂ ਮਨੁੱਖ ਨੂੰ) ਮੁਕਤੀ ਦਾ ਭੰਡਾਰ ਪ੍ਰਭੂ ਮਿਲ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਨਾਮ ਦਾ) ਵਪਾਰ ਸੱਚਾ ਹੈ (ਇਸ ਵਪਾਰ ਦੀ ਬਰਕਤ ਨਾਲ ਪ੍ਰਭੂ ਸ਼ਾਹ ਨਾਲ ਵਪਾਰੀ ਮਨੁੱਖ ਦਾ ਹੋਇਆ) ਮੇਲ ਦੂਰ ਨਹੀਂ ਹੁੰਦਾ (ਸਦੀਵੀ ਮੇਲ ਰਹਿੰਦਾ ਹੈ)।੮।੧।

ਪਦਾਰਥ =ਵਖਰੁ–ਸੌਦਾ। ਲਾਹਾ–ਲਾਭ। ਸੰਸਾਰਿ–ਸੰਸਾਰ ਵਿਚ। ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ। ਦੂਜੈ ਭਾਇ–ਪ੍ਰਭੂ ਨੂੰ ਛਡ ਕੇ ਕਿਸੇ ਹੋਰ ਦੇ ਪਿਆਰ ਵਿਚ। ਕਾਰ ਕਮਾਵਣੀ–ਕੰਮ ਕਰਨ ਨਾਲ। ਨਿਤ–ਸਦਾ। ਤੋਟਾ–ਘਾਟਾ। ਸੈਸਾਰਾ–ਸੰਸਾਰ ਵਿਚ।੫। ਭਾਉ–ਪ੍ਰੇਮ। ਅਧਾਰਾ–ਆਸਰਾ। ਸੰਤੋਖਿਆ–ਸੰਤੋਖੀ ਹੋ ਗਿਆ।੬। ਰਸ ਭੋਗਣ–ਅਨੰਦ ਮਾਨਣ ਨਾਲ। ਸੰਘਾਰਾ–ਮਾਰ ਪੈਂਦੀ ਹੈ। ਮੋਟਾ–ਵੱਡਾ। ਧਰਾਈਐ–ਜੇ ਰਖਾ ਲਈਏ। ਗਲਿ–ਗਲ ਵਿਚ। ਭਾਰਾ–ਬੋਝ। ਮਾਣਸ–ਮਨੁੱਖ ਦੀ। ਸਾਰਾ–ਸ੍ਰੇਸਟ।੭। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦੀਆਂ ਦੀ ਪਕੜ ਤੋਂ ਪਰੇ। ਅਵਿਗਤੁ–ਅਕਾਰ ਰਹਿਤ। ਅਪਾਰਾ–ਪਾਰ ਰਹਿਤ; ਬੇਅੰਤ। ਸਬਦੀ–ਸ਼ਬਦ ਦੁਆਰਾ। ਜੋਈਐ–ਖੋਜੀਏ। ਮੁਕਤੇ ਭੰਡਾਰਾ–ਮੁਕਤੀ ਦਾ ਖਜਾਨਾ। ਨ ਚੂਕਈ–ਦੂਰ ਨਹੀਂ ਹੁੰਦਾ।੮।੧।

ਮਾਰੂ ਮਹਲਾ ੧ ॥ ਬਿਖੁ ਬੋਹਿਥਾ ਲਾਦਿਆ, ਦੀਆ ਸਮੁੰਦ ਮੰਝਾਰਿ ॥ ਕੰਧੀ ਦਿਸਿ ਨ ਆਵਈ, ਨਾ ਉਰਵਾਰੁ ਨ ਪਾਰੁ ॥ ਵੰਝੀ ਹਾਥਿ ਨ ਖੇਵਟੂ ,ਜਲੁ ਸਾਗਰੁ ਅਸਰਾਲੁ ॥੧॥ ਬਾਬਾ, ਜਗੁ ਫਾਥਾ ਮਹਾ ਜਾਲਿ ॥ ਗੁਰ ਪਰਸਾਦੀ ਉਬਰੇ, ਸਚਾ ਨਾਮੁ ਸਮਾਲਿ ॥੧ ॥ਰਹਾਉ॥ ਸਤਿਗੁਰੂ ਹੈ ਬੋਹਿਥਾ, ਸਬਦਿ ਲੰਘਾਵਣਹਾਰੁ ॥ ਤਿਥੈ ਪਵਣੁ ਨ ਪਾਵਕੋ, ਨਾ ਜਲੁ ਨਾ ਆਕਾਰੁ ॥ ਤਿਥੈ ਸਚਾ ਸਚਿ ਨਾਇ, ਭਵਜਲ ਤਾਰਣਹਾਰੁ ॥੨॥ ਗੁਰਮੁਖਿ ਲੰਘੇ ਸੇ ਪਾਰਿ ਪਏ, ਸਚੇ ਸਿਉ ਲਿਵ ਲਾਇ ॥ ਆਵਾ ਗਉਣੁ ਨਿਵਾਰਿਆ, ਜੋਤੀ ਜੋਤਿ ਮਿਲਾਇ ॥ ਗੁਰਮਤੀ ਸਹਜੁ ਊਪਜੈ, ਸਚੇ ਰਹੈ ਸਮਾਇ ॥੩॥ ਸਪੁ ਪਿੜਾਈ ਪਾਈਐ, ਬਿਖੁ ਅੰਤਰਿ ਮਨਿ ਰੋਸੁ ॥ ਪੂਰਬਿ ਲਿਖਿਆ ਪਾਈਐ, ਕਿਸ ਨੋ ਦੀਜੈ ਦੋਸੁ ॥ ਗੁਰਮੁਖਿ ਗਾਰੜੁ ਜੇ ਸੁਣੈ, ਮੰਨੇ ਨਾਉ ਸੰਤੋਸੁ ॥੪॥ (ਹੇ ਭਾਈ! ਜੀਵਾਂ ਨੇ) ਜੀਵਨ ਜਹਾਜ ਨੂੰ ਮਾਇਆ ਤੇ ਵਿਸ਼ੇ ਵਿਕਾਰਾਂ ਦੇ ਜਹਿਰ ਨਾਲ ਲੱਦਿਆ ਹੋਇਆ ਹੈ ਅਤੇ (ਇਸ ਨੂੰ) ਸੰਸਾਰ ਸਮੁੰਦਰ ਵਿਚ ਠੇਲ੍ਹ ਦਿਤਾ ਹੈ। ਸੰਸਾਰ ਸਮੁੰਦਰ ਦਾ ਕੰਢਾ ਨਜਰ ਨਹੀਂ ਆਉਂਦਾ, ਉਰਵਾਰ ਦਾ ਤੇ ਨਾ ਪਾਰਲਾ ਪਤਾ ਲਗਦਾ ਹੈ। ਸਮੁੰਦਰ ਬੜਾ ਭਿਆਨਕ ਹੈ, ਪਾਣੀ ਵੀ ਡਰਾਉਣਾ ਹੈ, (ਜੀਵਾਂ ਦੇ) ਹੱਥ ਵਿਚ ਨਾ ਚੱਪੂ ਹੈ, ਨਾ (ਉਨ੍ਹਾਂ ਪਾਸ) ਜਹਾਜ ਚਲਾਉਣ ਲਈ ਮਲਾਹ ਹੈ।੧। ਹੇ ਭਾਈ! ਜਗਤ (ਮੋਹ ਮਾਇਆ ਦੇ) ਵੱਡੇ ਜਾਲ ਵਿਚ ਫਸਿਆ ਹੋਇਆ ਹੈ। (ਇਸ ਜਾਲ ਵਿਚ ਫਸਣ ਤੋਂ ਉਹ ਜੀਵ) ਬਚ ਜਾਂਦੇ ਹਨ, ਜੋ ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਦਾ ਸੱਚਾ ਨਾਮ ਸਿਮਰਦੇ ਹਨ।੧। ਰਹਾਉ। (ਹੇ ਭਾਈ!) ਸਤਿਗੁਰੂ ਜਹਾਜ ਹੈ, (ਉਹ) ਸ਼ਬਦ ਦੁਆਰਾ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਵਾਲਾ ਹੈ। ਉਥੇ (ਗੁਰੂ ਰੂਪ ਜਹਾਜ ਵਿਚ ਸਵਾਰ ਹੋਇਆਂ) ਨਾ ਹਵਾ, ਨਾ ਅੱਗ, ਨਾ (ਉਚੀਆਂ ਲਹਿਰਾਂ ਵਾਲਾ) ਪਾਣੀ ਅਤੇ ਨਾ ਵੱਡੇ ਅਕਾਰ ਵਾਲੇ ਸਮੁੰਦਰ (ਦੀ ਔਖਿਆਈ ਆਉਂਦੀ) ਹੈ; (ਜਿੱਥੇ ਗੁਰੂ ਪਹੁਚਾਉਂਦਾ ਹੈ), ਉਥੇ ਨਾ ਹਵਾ ਹੈ, ਨਾ (ਬੜਵਾਨਲ) ਅੱਗ ਹੈ, ਨਾ ਪਾਣੀ ਹੈ ਅਤੇ ਨਾ ਹੀ ਜਗਤ ਦਾ ਅਕਾਰ ਹੈ (ਸੰ.ਸ.; ਫ.ਸ.; ਦਰਪਣ)। ਉਥੇ ਸੱਚਾ ਪ੍ਰਭੂ ਆਪ ਸਹਾਈ ਹੁੰਦਾ ਹੈ, ਜੋ ਸੱਚੇ ਨਾਮ ਦੁਆਰਾ (ਭਿਆਨਕ) ਸਮੁੰਦਰ ਤੋਂ ਤਾਰਨ ਵਾਲਾ ਹੈ।੨। (ਜਿਨ੍ਹਾਂ ਮਨੁੱਖਾਂ ਨੇ) ਗੁਰੂ ਦੁਆਰਾ ਸਚੇ ਨਾਮ ਨਾਲ ਲਿਵ ਲਾਈ ਹੈ, ਉਹ (ਸੰਸਾਰ ਸਮੁੰਦਰ ਤੋਂ) ਲੰਘ ਕੇ ਪਾਰ ਪਏ ਹਨ। (ਸਤਿਗੁਰੂ ਨੇ ਉਨ੍ਹਾਂ ਦੀ) ਆਤਮ

ਜੋਤ ਪ੍ਰਭੂ ਦੀ ਜੋਤ ਵਿਚ ਮਿਲਾ ਕੇ (ਉਨ੍ਹਾਂ ਦਾ) ਜਨਮ ਮਰਨ ਦਾ ਗੇੜ ਦੂਰ ਕਰ ਦਿਤਾ ਹੈ।(ਜਦੋਂ) ਗੁਰੂ ਦੀ ਸਿੱਖਿਆ ਨਾਲ ਪੂਰਨ ਸ਼ਾਂਤੀ ਤੇ ਅਡੋਲ ਅਵਸਥਾ ਪੈਦਾ ਹੁੰਦੀ ਹੈ, (ਤਾਂ ਮਨੁੱਖ) ਸਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ।੩।ਹੇ ਭਾਈ! ਜੇ) ਸੱਪ ਨੂੰ ਪਿਟਾਰੀ ਵਿਚ ਪਾ ਦੇਈਏ, ਤਾਂ ਵੀ ਉਸ ਦੇ ਅੰਦਰ ਜਹਿਰ ਰਹਿੰਦੀ ਹੈ ਅਤੇ (ਦੂਜਿਆ ਨੂੰ ਡੰਗ ਮਾਰਨ ਦਾ) ਗੁੱਸਾ ਮਨ ਵਿਚ ਟਿਕਿਅ ਰਹਿੰਦਾ ਹੈ (ਇਸੇ ਤਰ੍ਹਾਂ ਜੇ ਮਨੁੱਖ ਅਪਣੇ ਆਪ ਨੂੰ ਭੇਖ ਵਿਚ ਪਾ ਲਵੇ, ਤਾਂ ਵੀ ਉਸ ਦੇ ਮਨ ਵਿਚ ਰੋਹ ਰੂਪ ਜਹਿਰ ਕਾਇਮ ਰਹਿੰਦਾ ਹੈ) ।ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਲਿਖਿਆ ਫਲ ਪਾਈਦਾ ਹੈ, (ਇਸ ਲਈ) ਕਿਸ ਨੂੰ ਦੋਸ਼ ਦੇਈਏ, (ਭੇਖ ਧਾਰ ਕੇ ਵੀ ਜੀਵ ਦਾ ਸੁਭਾਉ ਬਦਲਦਾ ਨਹੀਂ ਹੈ।ਪਰ) ਜੇ ਗੁਰੂ ਦੀ ਸਰਣ ਵਿਚ ਪੈ ਕੇ (ਮਨ ਰੂਪ ਸੱਪ ਨੂੰ ਵਸ ਕਰਨ ਵਾਲਾ) ਸ਼ਬਦ ਰੂਪ ਗਾਰੜੂ ਮੰਤ੍ਰ ਸੁਣੇ ਅਤੇ ਨਾਮ ਨੂੰ ਮੰਨੇ, (ਤਾਂ ਮਨ ਵਿਚ) ਸੰਤੋਖ ਆ ਜਾਂਦਾ ਹੈ (ਜਹਿਰ ਦੂਰ ਹੋ ਕੇ ਮਨ ਸ਼ਾਂਤ ਹੋ ਜਾਂਦਾ ਹੈ)।੪।

ਪਦਾਰਥ = ਬਿਖੁ–ਜਹਿਰ।ਬੋਹਿਥਾ–ਜਹਾਜ।ਦੀਆ–ਠੇਲ੍ਹ ਦਿਤਾ ਹੈ।ਮੰਝਾਰਿ–ਵਿਚ।ਕੰਧੀ–ਕੰਢਾ।ਦਿਸਿ ਨ ਆਵਈ–ਨਜਰ ਨਹੀਂ ਆਉਂਦਾ।ਉਰਵਾਰੁ–ਉਰਲਾ ਕੰਢਾ।ਪਾਰੁ–ਪਾਰਲਾ ਕੰਢਾ।ਵੰਝੀ–ਕਿਸ਼ਤੀ ਚਲਾਉਣ ਵਾਲਾ ਬਾਂਸ (ਸ਼ੁੱਭ ਵਿਚਾਰ ਰੂਪ ਚੱਪੂ)।ਹਾਥਿ–(ਮਨ ਰੂਪ) ਹੱਥ ਵਿਚ।ਖੇਵਟੂ–(ਗੁਰੂ ਰੂਪ) ਮਲਾਹ।ਅਸਰਾਲੁ–ਭਿਆਨਕ; ਡਰਾਉਣਾ।੧।ਬਾਬਾ–ਹੇ ਭਾਈ! (ਦਰਪਣ)।ਜਗੁ–ਜਗਤ।ਫਾਥਾ–ਫਸਿਆ ਪਿਆ ਹੈ।ਮਹਾ ਜਾਲਿ–ਵੱਡੇ ਜਾਲ ਵਿਚ।ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ।ਉਬਰੇ–ਬਚ ਜਾਂਦੇ ਹਨ। ਸਮਾਲਿ–ਸਿਮਰਦੇ ਹਨ।੧।ਰਹਾਉ।ਸਬਦਿ–ਸ਼ਬਦ ਰਾਹੀਂ।ਲੰਘਾਵਣਹਾਰ–ਲੰਘਾਉਣ ਵਾਲਾ।ਤਿਥੈ–ਉਥੇ।ਪਵਣੁ–ਹਵਾ।ਪਾਵਕੋ–ਅੱਗ।ਆਕਾਰੁ–ਦਿਸਦਾ ਜਗਤ; ਸਮੁੰਦਰ ਦਾ ਅਕਾਰ।ਸਚਾ–ਸੱਚਾ ਪ੍ਰਭੂ।ਸਚਿ ਨਾਇ–ਸੱਚੇ ਨਾਮ ਦੁਆਰਾ।ਭਵਜਲ–ਸੰਸਾਰ ਸਮੁੰਦਰ ਤੋਂ।ਤਾਰਣਹਾਰ–ਤਾਰ ਦੇਣ ਵਾਲਾ।੨।ਗੁਰਮੁਖਿ–ਗੁਰੂ ਰਾਹੀਂ।ਸੇ–ਉਹ।ਸਚੇ ਸਿਉ–ਸੱਚੇ ਨਾਮ ਨਾਲ।ਆਵਾਗਉਣੁ–ਜਨਮ ਮਰਨ ਦਾ ਗੇੜ।ਨਿਵਾਰਿਆ–ਦੂਰ ਕਰ ਦਿਤਾ।ਜੋਤੀ ਜੋਤਿ ਮਿਲਾਇ–ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲਾ ਕੇ।ਗੁਰਮਤੀ–ਗੁਰੂ ਦੀ ਸਿੱਖਿਆ ਨਾਲ।ਸਹਜੁ–ਪੂਰਨ ਸ਼ਾਂਤੀ ਅਤੇ ਅਡੋਲ ਅਵਸਥਾ।ਊਪਜੈ–ਪੈਦਾ ਹੁੰਦੀ ਹੈ।ਸਚੇ–ਸੱਚੇ ਪ੍ਰਭੂ ਵਿਚ।ਰਹੈ ਸਮਾਇ–ਲੀਨ ਰਹਿੰਦਾ ਹੈ।੩।ਪਿੜਾਈ–ਪਟਾਰੀ।ਮਨਿ–ਮਨ ਵਿਚ।ਰੋਸੁ–ਗੁੱਸਾ।ਪੂਰਬਿ ਲਿਖਿਆ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਲਿਖਿਆ ਫਲ।ਦੀਜੈ–ਦੇਈਏ।ਗਾਰੜੁ–ਸੱਪ ਦਾ ਜਹਿਰ ਦੂਰ ਕਰਨ ਵਾਲਾ ਮੰਤ੍ਰ।ਸੰਤੋਸੁ–ਸੰਤੋਖ; ਸਾਂਤੀ।੪।

ਮਾਗਰਮਛੁ ਫਹਾਈਐ, ਕੁੰਡੀ ਜਾਲੁ ਵਤਾਇ ॥ ਦੁਰਮਤਿ ਫਾਥਾ ਫਾਹੀਐ, ਫਿਰਿ ਫਿਰਿ ਪਛੋਤਾਇ ॥ ਜੰਮਣ ਮਰਣੁ ਨ ਸੁਝਈ, ਕਿਰਤੁ ਨ ਮੇਟਿਆ ਜਾਇ ॥੫॥ ਹਉਮੈ ਬਿਖੁ ਪਾਇ ਜਗਤੁ ਉਪਾਇਆ, ਸਬਦੁ ਵਸੈ ਬਿਖੁ ਜਾਇ ॥ ਜਰਾ ਜੋਹਿ ਨ ਸਕਈ, ਸਚਿ ਰਹੈ ਲਿਵ ਲਾਇ ॥ ਜੀਵਨ ਮੁਕਤੁ ਸੋ ਆਖੀਐ, ਜਿਸ ਵਿਚਹੁ ਹਉਮੈ ਜਾਇ ॥੬॥ (ਹੇ ਭਾਈ! ਜਿਵੇਂ ਦਰਿਆ ਵਿਚ) ਜਾਲ ਜਾਂ ਕੁੰਡੀ ਪਾ ਕੇ ਮਗਰ ਮੱਛ ਨੂੰ ਫਸਾ ਲਈਦਾ ਹੈ।(ਇਸੇ ਤਰ੍ਹਾਂ) ਖੋਟੀ ਮੱਤ ਵਿਚ ਫਸਿਆ ਹੋਇਆ ਜੀਵ ਮੋਹ ਮਾਇਆ ਦੀ ਫਾਹੀ ਵਿਚ ਫਸ ਜਾਂਦਾ ਹੈ ਅਤੇ ਮੁੜ ਮੁੜ ਪਛਤਾਉਂਦਾ ਹੈ।(ਉਸ ਨੂੰ) ਸੁਝਦਾ ਨਹੀਂ ਕਿ ਮਰਣ ਤੇ ਜੰਮਣ ਦਾ ਗੇੜ ਪੈ ਜਾਏਗਾ, (ਪਰ ਜੀਵ ਦੇ ਵਸ ਵਿਚ ਕੀ ਹੈ? ਪਿਛਲੇ ਜਨਮਾਂ ਦੇ) ਕੀਤੇ ਕਰਮਾਂ ਦੇ ਸੰਸਕਾਰਾਂ ਦਾ ਅਸਰ ਮੇਟਿਆ ਨਹੀਂ ਜਾ ਸਕਦਾ।੫।(ਹੇ ਭਾਈ! ਪ੍ਰਭੂ ਨੇ) ਜੀਵ ਦੇ ਅੰਦਰ ਹਉਮੈ ਦੀ ਵਿਹੁ ਪਾ ਕੇ ਜਗਤ ਨੂੰ ਪੈਦਾ ਕੀਤਾ ਹੈ, (ਪਰ ਜੇ ਇਸ ਦੇ ਹਿਰਦੇ ਵਿਚ ਗੁਰੂ ਦਾ) ਸ਼ਬਦ ਵਸ ਜਾਵੇ ਤਾਂ ਹਉਮੈ ਦੀ ਵਿਹੁ ਦੂਰ ਹੋ ਜਾਂਦੀ ਹੈ।(ਫਿਰ ਉਸ ਵੱਲ) ਬੁੱਢੇਪਾ ਦੇਖ ਵੀ ਨਹੀਂ ਸਕਦਾ (ਦੁਖੀ ਨਹੀਂ ਕਰਦਾ; ਉਸ ਵੱਲ ਹਉਮੈ ਦੀ ਜਹਿਰ) ਜਰਾ ਜਿੰਨੀ ਵੀ ਨਹੀਂ ਦੇਖ ਸਕਦੀ, (ਕਿਉਂਕਿ ਜੀਵ) ਸੱਚੇ ਪ੍ਰਭੂ ਵਿਚ ਲਿਵ ਜੋੜੀ ਰਖਦਾ ਹੈ।ਜਿਸ ਮਨੁੱਖ ਦੇ ਮਨ ਵਿਚੋਂ ਹਉਮੈ ਦੂਰ ਹੋ ਜਾਂਦੀ ਹੈ, ਉਹ ਜੀਵਨ ਮੁਕਤ ਆਖੀਦਾ ਹੈ।੬।

ਅੰਗ ੧੦੧੦ = ਧੰਧੈ ਧਾਵਤ ਜਗੁ ਬਾਧਿਆ, ਨਾ ਬੂਝੈ ਵੀਚਾਰੁ ॥ ਜੰਮਣ ਮਰਣੁ ਵਿਸਾਰਿਆ, ਮਨਮੁਖ ਮੁਗਧੁ ਗਵਾਰੁ ॥ ਗੁਰਿ ਰਾਖੇ ਸੇ ਉਬਰੇ, ਸਚਾ ਸਬਦੁ ਵੀਚਾਰਿ ॥੭॥ ਸੂਹਟੁ ਪਿੰਜਰਿ ਪ੍ਰੇਮ ਕੈ, ਬੋਲੈ ਬੋਲਣਹਾਰੁ ॥ ਸਚੁ ਚੁਗੈ ਅੰਮ੍ਰਿਤੁ ਪੀਐ, ਉਡੈ ਤ ਏਕਾ ਵਾਰ ॥ ਗੁਰਿ ਮਿਲਿਐ ਖਸਮੁ ਪਛਾਣੀਐ, ਕਹੁ ਨਾਨਕ ਮੋਖ ਦੁਆਰੁ ॥੮॥੨॥ (ਹੇ ਭਾਈ!) ਜਗਤ ਧੰਧਿਆਂ ਵਿਚ ਦੌੜਦਾ ਹੋਇਆ ਮੋਹ ਮਾਇਆ ਦੇ ਬੰਧਨ ਵਿਚ ਬੰਨ੍ਹਿਆ ਪਿਆ ਹੈ, (ਉਹ ਗੁਰ ਸ਼ਬਦ ਦੇ) ਵਿਚਾਰ ਨੂੰ ਨਹੀਂ ਸਮਝਦਾ।ਮਨਮੁਖ ਬੁੱਧੂ ਹੈ, ਮੂਰਖ ਹੈ, (ਕਿਉਂਕਿ ਉਸ ਨੇ) ਜੰਮਣ ਮਰਨ ਨੂੰ ਭੁਲਾ ਛੱਡਿਆ ਹੈ।(ਜਿਨ੍ਹਾਂ ਮਨੁੱਖਾਂ ਦੀ) ਗੁਰੂ ਨੇ ਰੱਖਿਆ ਕੀਤੀ ਹੈ, ਉਹ ਸੱਚਾ ਸ਼ਬਦ ਵਿਚਾਰ ਕੇ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ।੭।(ਜਿਹੜਾ ਜੀਵ ਰੂਪ) ਤੋਤਾ ਪ੍ਰੇਮ ਦੇ ਪਿੰਜਰੇ ਵਿਚ ਪੈ ਜਾਂਦਾ ਹੈ, (ਉਹ ਸਾਰੇ ਜੀਵਾਂ ਦੇ ਅੰਦਰ) ਬੋਲਣ ਵਾਲੇ ਪ੍ਰਭੂ ਦੇ ਜਸ ਨੂੰ ਬੋਲਦਾ (ਗਾਉਂਦਾ) ਹੈ।(ਉਹ) ਸੱਚੇ ਨਾਮ ਦਾ ਚੋਗ ਚੁਗਦਾ ਹੈ, ਨਾਮ ਰੂਪ ਅੰਮ੍ਰਿਤ ਪੀਂਦਾ ਹੈ ਅਤੇ (ਸਰੀਰ ਰੂਪ ਪਿੰਜਰੇ ਵਿਚੋਂ) ਇਕੋ ਵਾਰ ਉਡਦਾ ਹੈ (ਮੁੜ ਜਨਮ ਮਰਨ ਵਿਚ ਨਹੀਂ ਆਉਂਦਾ)।ਗੁਰੂ ਦੇ ਮਿਲਿਆਂ ਮਾਲਕ

ਪ੍ਰਭੂ ਨੂੰ ਪਛਾਣ ਸਕੀਦਾ ਹੈ, ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਇਉਂ) ਮੁਕਤੀ ਦਾ ਦਰਵਾਜਾ ਪਾ ਲਈਦਾ ਹੈ।੮।੨।

ਪਦਾਰਥ = ਫਹਾਈਐ–ਫਸਾ ਲਈਦਾ ਹੈ।ਵਤਾਇ–ਪਾ ਕੇ।ਦੁਰਮਤਿ–ਖੋਟੀ ਮੱਤ।ਫਾਥਾ–ਫਸਿਆ ਹੋਇਆ।ਫਾਹੀਐ–ਫਸ ਜਾਂਦਾ ਹੈ।ਫਿਰਿ ਫਿਰਿ–ਮੁੜ ਮੁੜ; ਬਾਰ ਬਾਰ।ਨ ਸੁਝਈ–ਸੁੱਝਦਾ ਨਹੀਂ।ਕਿਰਤੁ–ਕੀਤੇ ਕਰਮਾਂ ਦੇ ਸੰਸਕਾਰਾਂ ਦਾ ਅਸਰ।੫।ਬਿਖੁ–ਵਿਹੁ ;ਜਹਿਰ।ਪਾਇ–ਪਾ ਕੇ।ਉਪਾਇਆ–ਪੈਦਾ ਕੀਤਾ ਹੈ।ਜਾਇ–ਦੂਰ ਹੋ ਜਾਂਦੀ ਹੈ।ਜਰਾ–ਬੁਢੇਪਾ; ਥੋੜੀ ਜਿੰਨੀ ਵੀ।ਜੋਹਿ ਨ ਸਕਈ–ਦੇਖ ਨਹੀਂ ਸਕਦਾ।ਸਚਿ–ਸੱਚੇ ਪ੍ਰਭੂ ਵਿਚ।ਰਹੈ ਲਿਵ ਲਾਇ–ਸੁਰਤ ਜੋੜੀ ਰਖਦਾ ਹੈ।੬।ਸੋ–ਉਹ (ਮਨੁੱਖ)।ਵਿਚਹੁ–ਮਨ ਵਿਚੋਂ।੬।ਧੰਧੈ–ਧੰਧਿਆਂ ਵਿਚ।ਧਾਵਤ–ਦੌੜਦਾ ਹੋਇਆ।ਜਗੁ–ਜਗਤ।ਬਾਧਿਆ–ਬੰਨ੍ਹਿਆ ਪਿਆ ਹੈ।ਨ ਬੂਝੈ–ਸਮਝਦਾ ਨਹੀਂ।ਮੁਗਧੁ–ਮੂਰਖ।ਵਿਸਾਰਿਆ–ਭੁਲਾ ਦਿਤਾ ਹੈ।ਗਵਾਰੁ–ਬੁੱਧੂ।ਗੁਰਿ ਰਾਖੇ–ਗੁਰੂ ਨੇ ਰੱਖਿਆ ਕੀਤੀ ਹੈ।ਸੇ–ਉਹ (ਮਨੁੱਖ) ਉਬਰੇ–ਤਰ ਗਏ ਹਨ।ਵਿਚਾਰਿ–ਵਿਚਾਰ ਕੇ।੭।ਸੂਹਟੁ–ਤੋਤਾ।ਪਿੰਜਰਿ–ਪਿੰਜਰੇ ਵਿਚ।ਪੀਐ–ਪੀਂਦਾ ਹੈ।ਗੁਰਿ ਮਿਲਿਐ–ਗੁਰੂ ਦੇ ਮਿਲਿਆਂ।ਖਸਮੁ–ਮਾਲਕ ਪ੍ਰਭੂ।ਮੋਖ ਦੁਆਰੁ–ਮੁਕਤੀ ਦਾ ਦਰਵਾਜਾ।੮।੨।

ਮਾਰੂ ਮਹਲਾ ੧ ॥ ਸਬਦਿ ਮਰੈ ਤਾ ਮਾਰਿ ਮਰੁ ,ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ, ਅੰਮ੍ਰਿਤੁ ਤਾ ਕੋ ਨਾਉ ॥ ਮਾਰਹਿ ਰਾਖਹਿ ਏਕੁ ਤੂ ,ਬੀਜਉ ਨਾਹੀ ਥਾਉ ॥੧॥ ਬਾਬਾ, ਮੈ ਕੁਚੀਲੁ ਕਾਚਉ ਮਤਿ ਹੀਨ ॥ ਨਾਮ ਬਿਨਾ ਕੋ ਕਛੁ ਨਹੀ, ਗੁਰਿ ਪੂਰੈ ਪੂਰੀ ਮਤਿ ਕੀਨ ॥੧॥ਰਹਾਉ॥ ਅਵਗਣਿ ਸੁਭਰ ਗੁਣ ਨਹੀ, ਬਿਨੁ ਗੁਣ ਕਿਉ ਘਰਿ ਜਾਉ ॥ ਸਹਜਿ ਸਬਦਿ ਸੁਖੁ ਊਪਜੈ, ਬਿਨੁ ਭਾਗਾ ਧਨੁ ਨਾਹਿ ॥ ਜਿਨ ਕੈ ਨਾਮੁ ਨ ਮਨਿ ਵਸੈ, ਸੇ ਬਾਧੇ ਦੂਖ ਸਹਾਹਿ ॥੨॥ ਜਿਨੀ ਨਾਮੁ ਵਿਸਾਰਿਆ, ਸੇ ਕਿਤੁ ਆਏ ਸੰਸਾਰਿ ॥ ਆਗੈ ਪਾਛੈ ਸੁਖੁ ਨਹੀ, ਗਾਡੇ ਲਾਦੇ ਛਾਰੁ ॥ ਵਿਛੁੜਿਆ ਮੇਲਾ ਨਹੀ, ਦੂਖੁ ਘਣੋ ਜਮ ਦੁਆਰਿ ॥੩॥ ਅਗੈ ਕਿਆ ਜਾਣਾ ਨਾਹਿ ਮੈ, ਭੂਲੇ ਤੂ ਸਮਝਾਇ ॥ ਭੂਲੇ ਮਾਰਗੁ ਜੋ ਦਸੇ, ਤਿਸ ਕੈ ਲਾਗਉ ਪਾਇ ॥ ਗੁਰ ਬਿਨੁ ਦਾਤਾ ਕੋ ਨਹੀ, ਕੀਮਤਿ ਕਹਣੁ ਨ ਜਾਇ ॥੪॥ (ਹੇ ਭਾਈ! ਜੋ ਮਨੁੱਖ ਗੁਰੂ ਦੇ) ਸ਼ਬਦ ਵਿਚ ਜੁੜ ਕੇ ਆਪਾ ਭਾਵ ਤੋਂ ਮਰਦਾ ਹੈ, (ਉਹ) ਮੌਤ ਨੂੰ ਮਾਰ ਲੈਂਦਾ ਹੈ, (ਸ਼ਬਦ ਵਿਚ ਜੁੜਨ ਤੋਂ ਬਿਨਾ) ਮੈਂ ਮੌਤ ਤੋਂ ਭੱਜ (ਬਚ) ਕੇ ਕਿਸ ਪਾਸ ਜਾਵਾਂ? ਜਿਸ ਪ੍ਰਭੂ ਦੇ ਡਰ ਨਾਲ ਮੌਤ ਦੇ ਡਰ ਤੋਂ ਦੌੜ (ਬਚ) ਸਕੀਦਾ ਹੈ, ਉਸ ਦਾ ਨਾਮ ਅੰਮ੍ਰਿਤ ਰੂਪ ਹੈ (ਅਮਰ ਕਰ ਦੇਣ ਵਾਲਾ ਹੈ)।ਹੇ ਪ੍ਰਭੂ! (ਜੀਵ ਨੂੰ) ਇਕ ਤੂੰ ਹੀ ਮਾਰਦਾ ਹੈ, ਇਕ ਤੂੰ ਹੀ ਰੱਖਿਆ ਕਰਦਾ ਹੈਂ, (ਤੇਰੇ ਬਿਨਾ ਕੋਈ ਹੋਰ) ਦੂਜਾ ਥਾਂ ਨਹੀਂ ਹੈ (ਜਿਥੇ ਮੈਂ ਮੌਤ ਤੋਂ ਬਚ ਸਕਾਂ)।੧।ਹੇ ਪ੍ਰਭੂ! ਮੈਂ ਗੰਦਾ ਹਾਂ, ਕੱਚਾ ਹਾਂ ਅਤੇ ਅਕਲ ਹੀਣ ਹਾਂ।ਨਾਮ ਤੋਂ ਬਿਨਾ ਕੋਈ ਜੀਵ ਕੁਛ (ਕੋਈ ਕੀਮਤ) ਨਹੀਂ, ਪੂਰੇ ਗੁਰੂ ਨੇ ਮੇਰੀ ਅਕਲ ਪੂਰੀ ਕਰ ਦਿਤੀ ਹੈ (ਸਮਝਦਾਰ ਬਣਾ ਦਿਤਾ)।੧।ਰਹਾਉ।(ਹੇ ਪ੍ਰਭੂ! ਮੇਰਾ ਸਰੀਰ) ਔਗਣਾਂ ਨਾਲ ਪੂਰੀ ਤਰ੍ਹਾਂ ਭਰਿਆ ਪਿਆ ਹੈ, (ਮੇਰੇ ਵਿਚ ਕੋਈ ਚੰਗਾ) ਗੁਣ ਨਹੀਂ, ਚੰਗੇ ਗੁਣਾਂ ਤੋਂ ਬਿਨਾ ਮੈਂ ਘਰ (ਪ੍ਰਭੂ ਦੀ ਹਜ਼ੂਰੀ) ਵਿਚ ਕਿਵੇਂ ਜਾਵਾਂਗਾ? ਗੁਰੂ ਦੇ ਸ਼ਬਦ ਵਿਚ ਜੁੜਨ ਨਾਲ ਸਹਜੇ ਹੀ ਆਤਮਕ ਸੁਖ ਪੈਦਾ ਹੁੰਦਾ ਹੈ, (ਪਰ) ਭਾਗਾਂ ਤੋਂ ਬਿਨਾ (ਗੁਰੂ ਦਾ ਸ਼ਬਦ ਰੂਪ) ਧਨ ਨਹੀਂ ਮਿਲਦਾ।ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਪ੍ਰਭੂ ਦਾ ਨਾਮ ਨਹੀਂ ਵਸਦਾ, ਉਹ (ਔਗਣਾਂ ਜਾਂ ਪਾਪਾਂ ਵਿਚ) ਬੱਧੇ ਹੋਏ ਦੁਖ ਸਹਾਰਦੇ ਹਨ।੨।(ਹੇ ਭਾਈ!) ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ ਨਾਮ ਭੁਲਾ ਦਿਤਾ ਹੈ, ਉਹ ਸੰਸਾਰ ਵਿਚ ਕਿਸ ਵਾਸਤੇ ਆਏ ਹਨ? (ਉਨ੍ਹਾਂ ਨੂੰ) ਅੱਗੇ ਪਿੱਛੇ (ਲੋਕ ਪ੍ਰਲੋਕ ਵਿਚ ਕਿਤੇ ਵੀ) ਸੁਖ ਨਹੀਂ ਮਿਲਦਾ, (ਉਨ੍ਹਾਂ ਨੇ) ਸੁਆਹ ਦੇ ਗੱਡੇ ਲੱਦੇ ਹੋਏ ਹਨ (ਉਹ ਪਾਪਾਂ ਨਾਲ ਭਰੇ ਪਏ ਹਨ)।ਪ੍ਰਭੂ ਤੋਂ ਵਿਛੜੇ ਮਨੁੱਖਾਂ ਦਾ ਪ੍ਰਭੂ ਨਾਲ ਮਿਲਾਪ ਨਹੀਂ ਹੁੰਦਾ, (ਉਹ) ਜਮਾਂ ਦੇ ਦਰ ਤੇ (ਨਰਕ ਵਿਚ) ਬਹੁਤ ਦੁਖ ਸਹਾਰਦੇ ਹਨ।੩।(ਹੇ ਪ੍ਰਭੂ!) ਮੈਂ ਨਹੀਂ ਜਾਣਦਾ ਅੱਗੇ ਪ੍ਰਲੋਕ ਵਿਚ ਮੇਰਾ ਕੀ ਹਾਲ ਹੋਵੇਗਾ? ਮੈਨੂੰ ਭੁੱਲੇ ਹੋਏ ਨੂੰ ਤੂੰ ਹੀ ਸਮਝਾ ਦੇਹ।ਮੈਨੂੰ ਭੁੱਲੇ ਹੋਏ ਨੂੰ ਜੋ (ਮਹਾਂ ਪੁਰਖ ਤੈਨੂੰ ਮਿਲਣ ਦਾ) ਰਸਤਾ ਦੱਸੇਗਾ, ਮੈਂ ਉਸ ਦੇ ਚਰਨੀ ਲੱਗ ਜਾਵਾਂਗਾ।(ਹੇ ਭਾਈ! ਸਹੀ ਰਸਤੇ ਦੀ) ਦਾਤ ਦੇਣ ਵਾਲਾ ਗੁਰੂ ਤੋਂ ਬਿਨਾ ਹੋਰ ਕੋਈ ਨਹੀਂ ਹੈ, (ਉਸ ਦੀ ਬਖਸ਼ੀ ਦਾਤ ਦੀ) ਕੀਮਤ ਕਥਨ ਨਹੀਂ ਕੀਤੀ ਜਾ ਸਕਦੀ।੪।

ਪਦਾਰਥ = ਸਬਦਿ–ਸ਼ਬਦ ਵਿਚ ਜੁੜ ਕੇ।ਮਰੈ–ਆਪਾ ਭਾਵ ਤੋਂ ਮਰਦਾ ਹੈ।ਮਾਰਿ–ਮਾਰ ਲੈਂਦਾ ਹੈ।ਮਰੁ–ਮੌਤ ਨੂੰ।ਭਾਗੋ–ਭੱਜ ਕੇ। ਪਹਿ–ਪਾਸ।ਜਾਉ–ਜਾਵਾਂ।ਜਿਸ ਕੈ ਡਰਿ–ਜਿਸ ਪ੍ਰਭੂ ਦੇ ਡਰ ਨਾਲ।ਭਾਗੀਐ–ਦੌੜ ਸਕੀਦਾ ਹੈ।ਤਾ ਕੋ–ਉਸ ਦਾ।ਬੀਜਉ–ਦੂਜਾ।੧।ਬਾਬਾ–ਹੇ ਪ੍ਰਭੂ!।ਕੁਚੀਲੁ–ਗੰਦਾ।ਕਾਚਉ–ਕੱਚਾ।ਮਤਿ ਹੀਨ–ਅਕਲ ਤੋਂ ਖਾਲੀ।ਕੋ–ਕੋਈ।ਗੁਰਿ ਪੂਰੈ–ਪੂਰੇ ਗੁਰੂ ਨੇ।ਕੀਨ–ਕਰ ਦਿਤੀ।੧।ਰਹਾਉ।ਅਵਗੁਣਿ–ਔਗਣਾਂ ਨਾਲ।ਸੁਭਰ–ਪੂਰੀ ਤਰ੍ਹਾਂ (ਨੱਕੋ ਨੱਕ) ਭਰਿਆ ਪਿਆ ਹਾਂ।ਘਰਿ ਜਾਉ–ਪ੍ਰਭੂ ਦੇ ਘਰ ਵਿਚ ਜਾਵਾਂਗਾ।ਸਹਜਿ–ਸੁਭਾਵਕ ਹੀ; (ਜੋ ਮਨੁੱਖ) ਸਹਿਜ ਅਵਸਥਾ ਵਿਚ ਅਪੜਦਾ ਹੈ (ਡਾ. ਤਾਰਨ ਸਿੰਘ); ਸਹਿਜ ਵਾਲੇ ਸ਼ਬਦ ਦੁਆਰਾ; ਪੂਰਨ ਅਡੋਲਤਾ ਤੇ ਸ਼ਾਂਤੀ ਦੇਣ ਵਾਲੇ ਸ਼ਬਦ ਦੁਆਰਾ (ਦੋਵੇਂ ਅਰਥ ਸ਼ਬਦਾਰਥ ਦੇ ਹਨ)।ਊਪਜੈ–ਪੈਦਾ ਹੁੰਦਾ ਹੈ।ਧਨੁ–

(ਸ਼ਬਦ ਰੂਪ) ਧਨ। ਜਿਨ ਕੈ–ਜਿਨ੍ਹਾਂ ਦੇ। ਮਨਿ–ਮਨ ਵਿਚ। ਸੇ–ਉਹ। ਬਾਧੇ–ਬੰਨ੍ਹੇ ਹੋਏ। ਸਹਾਹਿ–ਸਹਾਰਦੇ ਹਨ। ੨। ਜਿਨੀ–ਜਿਨ੍ਹਾਂ ਨੇ। ਵਿਸਾਰਿਆ–ਭੁਲਾ ਦਿਤਾ ਹੈ। ਕਿਤੁ–ਕਿਸ ਵਾਸਤੇ। ਸੰਸਾਰਿ–ਸੰਸਾਰ ਵਿਚ। ਆਗੈ–ਪ੍ਰਲੋਕ ਵਿਚ। ਪਾਛੈ–ਇਸ ਲੋਕ ਵਿਚ। ਗਾਡੇ ਲਾਦੇ–(ਮਨ ਰੂਪ) ਗੱਡੇ ਲੱਦੇ ਹੋਏ ਹਨ। ਛਾਰੁ–ਸੁਆਹ। ਘਣੋ–ਬਹੁਤ। ਜਮ ਦੁਆਰਿ–ਜਮ ਦੇ ਦੁਆਰ ਉਤੇ। ੩। ਜਾਣਾ ਨਾਹਿ–ਮੈਂ ਨਹੀਂ ਜਾਣਦਾ। ਭੂਲੇ–ਮੈਨੂੰ ਭੁੱਲੇ ਹੋਏ ਨੂੰ। ਮਾਰਗੁ–ਰਸਤਾ। ਤਿਸ ਕੈ–ਉਸ ਦੇ। ਲਾਗਉ ਪਾਇ–ਪੈਰੀਂ ਲੱਗਾਂਗਾ। ੪।

ਸਾਜਨੁ ਦੇਖਾ ਤਾ ਗਲਿ ਮਿਲਾ, ਸਾਚੁ ਪਠਾਇਓ ਲੇਖੁ ॥ ਮੁਖਿ ਧਿਮਾਣੈ ਧਨ ਖੜੀ, ਗੁਰਮੁਖਿ ਆਖੀ ਦੇਖੁ ॥ ਤੁਧੁ ਭਾਵੈ ਤੂ ਮਨਿ ਵਸਹਿ, ਨਦਰੀ ਕਰਮਿ ਵਿਸੇਖੁ ॥੫॥ ਭੂਖ ਪਿਆਸੋ ਜੇ ਭਵੈ, ਕਿਆ ਤਿਸੁ ਮਾਗਉ ਦੇਇ ॥ ਬੀਜਉ ਸੂਝੈ ਕੋ ਨਹੀ, ਮਨਿ ਤਨਿ ਪੂਰਨੁ ਦੇਇ ॥ ਜਿਨਿ ਕੀਆ ਤਿਨਿ ਦੇਖਿਆ, ਆਪਿ ਵਡਾਈ ਦੇਇ ॥੬॥ ਨਗਰੀ ਨਾਇਕੁ ਨਵਤਨੋ, ਬਾਲਕੁ ਲੀਲ ਅਨੂਪੁ ॥ ਨਾਰਿ ਨ ਪੁਰਖੁ ਨ ਪੰਖਣੂ ,ਸਾਚਉ ਚਤੁਰੁ ਸਰੂਪੁ ॥ ਜੋ ਤਿਸੁ ਭਾਵੈ ਸੋ ਥੀਐ, ਤੂ ਦੀਪਕੁ ਤੂ ਧੂਪੁ ॥੭॥ ਗੀਤ ਸਾਦ ਚਾਖੇ ਸੁਣੇ, ਬਾਦ ਸਾਦ ਤਨਿ ਰੋਗੁ ॥ ਸਚੁ ਭਾਵੈ ਸਾਚਉ ਚਵੈ, ਛੂਟੈ ਸੋਗ ਵਿਜੋਗੁ ॥ ਨਾਨਕ ਨਾਮੁ ਨ ਵੀਸਰੈ, ਜੋ ਤਿਸੁ ਭਾਵੈ ਸੋ ਹੋਗੁ ॥੮॥੩॥

(ਪ੍ਰਭੂ ਦੇ ਦਰਸ਼ਨਾਂ ਦੀ ਚਾਹਵਾਨ ਜਗਿਆਸੂ ਇਸਤ੍ਰੀ ਸੰਤ ਰੂਪ ਸਹੇਲੀਆਂ ਨੂੰ ਕਹਿੰਦੀ ਹੈ ਕਿ ਜਦੋਂ ਮੈਂ) ਸੱਜਣ ਪ੍ਰਭੂ ਨੂੰ ਦੇਖਾਂਗੀ, ਤਾਂ ਮੈਂ (ਉਸ ਦੇ) ਗਲ ਨਾਲ ਲਗ ਕੇ ਮਿਲਾਂਗੀ, (ਮੈਨੂੰ ਉਸ ਦੇ ਦਰਸ਼ਨਾਂ ਦੀ ਉਡੀਕ ਹੈ, ਕਿਉਂਕਿ ਮੈਂ) ਸੱਚ ਰੂਪ ਲੇਖ (ਪੱਤਰ ਉਸ ਨੂੰ) ਭੇਜਿਆ ਹੈ। ਸੋਚ ਵਿਚ ਡੁੱਬੀ ਹੋਈ ਮੈਂ ਜਗਿਆਸੂ ਰੂਪ ਇਸਤ੍ਰੀ (ਉਸ ਦੀ ਉਡੀਕ ਵਿਚ) ਖੜੀ ਹਾਂ, (ਸੰਤ ਕਹਿੰਦੇ ਹਨ ਕਿ ਹੇ ਇਸਤ੍ਰੀ ! ਤੂੰ ਉਸ ਨੂੰ ਅਪਣੀਆਂ) ਅੱਖਾਂ ਨਾਲ ਗੁਰੂ ਦੁਆਰਾ ਦੇਖ ਸਕਦੀ ਹੈਂ। ਹੇ ਪ੍ਰਭੂ ! ਜੇ ਤੈਨੂੰ ਚੰਗਾ ਲੱਗੇ, ਤਾਂ ਤੂੰ ਆਪੇ (ਜੀਵਾਂ ਦੇ) ਮਨ ਵਿਚ ਆ ਵਸਦਾ ਹੈਂ, ਤੇਰੀ ਬਖਸ਼ਿਸ਼ ਵਾਲੀ ਮੇਹਰ ਦੀ ਨਜਰ ਨਾਲ ਹੀ (ਤੇਰੇ ਦਰਸ਼ਨ ਦੀ) ਵਡਿਆਈ ਮਿਲਦੀ ਹੈ। ੫। ਜੇ (ਕੋਈ ਮਨੁੱਖ ਆਪ ਹੀ) ਭੁੱਖਾ ਪਿਆਸਾ ਫਿਰਦਾ ਹੋਵੇ, ਮੈਂ ਉਸ ਪਾਸੋਂ ਕੀ ਮੰਗਾਂ ਅਤੇ (ਉਹ ਕਿਸੇ ਨੂੰ) ਕੀ ਦੇ ਸਕਦਾ ਹੈ ? (ਦੇਵੀ ਦੇਵਤਿਆਂ ਦੀ ਪੂਜਾ ਕਰਨ ਨਾਲ ਸੁਖ ਨਹੀਂ ਮਿਲਦਾ, ਉਹ ਤਾਂ ਆਪ ਦੁਖੀ ਫਿਰਦੇ ਹਨ। ਦੇਣ ਵਾਲਾ ਦਾਤਾ) ਹੋਰ ਦੂਜਾ ਕੋਈ ਨਹੀਂ ਸੁਝਦਾ, ਜੋ ਮਨ ਤੇ ਤਨ ਵਿਚ ਵਿਆਪਕ ਪ੍ਰਭੂ ਹੈ, (ਉਹ ਹੀ ਸਾਰੇ ਜੀਵਾਂ ਨੂੰ) ਦੇਂਦਾ ਹੈ। ਜਿਸ ਪ੍ਰਭੂ ਨੇ ਜਗਤ ਨੂੰ ਪੈਦਾ ਕੀਤਾ ਹੈ, ਉਸ ਨੇ ਹੀ (ਜੀਵਾਂ ਦੀਆਂ ਲੋੜਾਂ ਨੂੰ) ਦੇਖਿਆ ਹੈ, ਆਪ ਹੀ (ਉਹ ਜੀਵਾਂ ਨੂੰ ਯਥਾ ਯੋਗ) ਵਡਿਆਈ ਦੇਂਦਾ ਹੈ। ੬। (ਹੇ ਭਾਈ ! ਪ੍ਰਭੂ ਸਰੀਰ ਰੂਪ) ਨਗਰੀ ਦਾ ਮਾਲਕ ਹੈ, (ਉਹ) ਨਵਾਂ ਹੈ ਤੇ ਬਾਲਕ ਵਾਂਗ ਸੁੰਦਰ ਲੀਲ੍ਹਾ (ਅਸਚਰਜ ਕੌਤਕ) ਕਰਨ ਵਾਲਾ ਹੈ। (ਉਹ) ਨਾ ਇਸਤ੍ਰੀ ਹੈ, ਨਾ ਪੁਰਖ ਹੈ, ਨਾ ਹੀ ਨਿਪੁੰਸਕ ਹੈ, ਉਹ ਸੱਚਾ ਅਤੇ ਚਤਰ ਸਰੂਪ ਹੈ। ਜੋ ਕੁਛ ਉਸ ਨੂੰ ਚੰਗਾ ਲਗਦਾ ਹੈ, ਉਹੋ ਹੁੰਦਾ ਹੈ, ਹੇ ਪ੍ਰਭੂ ! ਤੂੰ ਦੀਵਾ ਰੂਪ ਹੈ ਤੇ ਸੁਗੰਧੀ ਰੂਪ ਹੈਂ (ਚਾਨਣ ਤੇ ਸਭ ਸੁਗੰਧੀਆਂ ਤੇਰੇ ਵਿਚੋਂ ਹੀ ਨਿਕਲਦੀਆਂ ਹਨ) । ੭। (ਹੇ ਭਾਈ ! ਮਨੁੱਖ ਗੰਦੇ) ਗੀਤ ਸੁਣਦਾ ਹੈ, (ਤਰ੍ਹਾਂ ਤਰ੍ਹਾਂ ਦੇ) ਸਵਾਦ ਚੱਖਦਾ ਹੈ, (ਇਹ) ਬਿਅਰਥ ਸਵਾਦ ਸਰੀਰ ਵਿਚ ਰੋਗ ਪੈਦਾ ਕਰਨ ਵਾਲੇ ਹਨ। (ਜਿਸ ਮਨੁੱਖ ਨੂੰ) ਸੱਚਾ ਪ੍ਰਭੂ ਚੰਗਾ ਲਗਦਾ ਹੈ ਅਤੇ ਜੋ ਸੱਚਾ ਨਾਮ ਉਚਾਰਦਾ ਹੈ, (ਉਸ ਦਾ) ਗਮ ਦੂਰ ਹੋ ਜਾਂਦਾ ਹੈ ਤੇ ਪ੍ਰਭੂ ਨਾਲੋਂ ਵਿਛੋੜਾ ਛੁਟ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੂੰ ਪ੍ਰਭੂ ਦਾ) ਨਾਮ ਨਹੀਂ ਭੁਲਦਾ, (ਉਸ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ ਜਗਤ ਵਿਚ) ਉਹੋ ਕੁਛ ਹੁੰਦਾ ਹੈ, ਜੋ ਪ੍ਰਭੂ ਨੂੰ ਭਾਉਂਦਾ ਹੈ। ੮। ੩।

ਪਦਾਰਥ = ਸਾਜਨੁ–ਸੱਜਣ ਪ੍ਰਭੂ। ਗਲਿ–ਗਲ ਨਾਲ। ਮਿਲਾ–ਮਿਲਾਂਗੀ। ਪਠਾਇਓ–ਭੇਜਿਆ ਹੈ। ਸਾਚੁ ਲੇਖੁ–ਸੱਚ ਰੂਪ ਲੇਖ (ਚਿੱਠੀ) । ਮੁਖ ਧਿਮਾਣੈ–ਮੂੰਹ ਨੀਵਾਂ ਕਰਕੇ; ਸੋਚ ਵਿਚ ਡੁੱਬੀ ਹੋਈ; ਨਿੰਮੋਝੂਣੀ ਹਾਲਤ ਵਿਚ। ਧਨ–ਇਸਤ੍ਰੀ। ਗੁਰਮੁਖਿ–ਗੁਰੂ ਦੁਆਰਾ। ਆਖੀ –ਅੱਖਾਂ ਨਾਲ। ਦੇਖੁ–ਦੇਖ ਸਕਦੀ ਹੈਂ। ਤੁਧੁ ਭਾਵੈ–ਜੇ ਤੈਨੂੰ ਚੰਗਾ ਲੱਗੇ। ਮਨਿ ਵਸਹਿ–ਮਨ ਵਿਚ ਆ ਵਸਦਾ ਹੈਂ। ਨਦਰੀ ਕਰਮਿ– ਬਖਸ਼ਿਸ਼ ਵਾਲੀ ਮੇਹਰ ਦੀ ਨਜਰ ਨਾਲ। ਵਿਸੇਖੁ–ਵਿਸ਼ੇਸ਼ਤਾ; ਵਡਿਆਈ। ੫। ਭੂਖ ਪਿਆਸੋ–ਭੁੱਖਾ ਪਿਆਸਾ। ਫਿਰੈ–ਫਿਰਦਾ ਹੋਵੇ। ਤਿਸੁ–ਉਸ ਪਾਸੋਂ। ਮਾਗਉ–ਮੈਂ ਮੰਗਾਂ। ਕਿਆ ਦੇਇ–ਕੀ ਦੇ ਸਕਦਾ ਹੈ ? ਬੀਜਉ–ਦੂਜਾ। ਸੂਝੈ ਨਹੀ–ਸੁਝਦਾ ਨਹੀਂ। ਕੋ–ਕੋਈ। ਮਨਿ– ਮਨ ਵਿਚ। ਤਨਿ–ਸਰੀਰ ਵਿਚ। ਪੂਰਨੁ–ਵਿਆਪਕ ਪ੍ਰਭੂ। ਦੇਇ–ਦੇਂਦਾ ਹੈ। ਜਿਨਿ–ਜਿਸ ਨੇ। ਕੀਆ–ਪੈਦਾ ਕੀਤਾ ਹੈ। ਤਿਨਿ–ਉਸ ਨੇ । ਦੇਖਿਆ–ਸੰਭਾਲਿਆ; ਪਾਲਣਾ ਕੀਤੀ ਹੈ। ੬। ਨਗਰੀ–ਸਰੀਰ ਰੂਪ ਨਗਰ ਦਾ। ਨਾਇਕੁ–ਮਾਲਕ। ਨਵਤਨੋ–ਨਵਾਂ। ਲੀਲ ਅਨੂਪੁ– ਸੁੰਦਰ (ਅਨੋਖੀਆਂ) ਖੇਡਾਂ ਕਰਨ ਵਾਲਾ। ਨਾਰਿ–ਇਸਤ੍ਰੀ। ਪੰਖਣੂ–ਪੰਛੀ; ਨਿਪੁੰਸਕ (ਹੀਜੜਾ); ਨਪੰਖਣੂ–ਨਿਪੁੰਸਕ (ਗੁ.ਪਾ. ਦਰਸ਼ਨ ਤੇ ਗੁ. ਗ੍ਰੰ. ਕੋਸ਼ ਨੇ ਦੋਵੇਂ ਅਰਥਾਏ ਹਨ)। ਸਚਉ–ਸੱਚਾ। ਚਤੁਰ–ਸਿਆਣਾ। ਭਾਵੈ–ਚੰਗਾ ਲਗਦਾ ਹੈ। ਸੋ ਥੀਐ–ਉਹੋ ਹੁੰਦਾ ਹੈ। ਦੀਪਕੁ–ਚਾਨਣ ਕਰਨ ਵਾਲਾ ਦੀਵਾ। ਧੂਪੁ–ਸੁਗੰਧੀ ਦੇਣ ਵਾਲਾ। ੭। ਸਾਦ–ਸਵਾਦ। ਚਾਖੇ–ਚੱਖੇ ਹਨ। ਬਾਦ–ਬਿਅਰਥ। ਚਵੈ–ਬੋਲਦਾ ਹੈ। ਵਿਜੋਗੁ–ਵਿਛੋੜਾ। ਨ ਵੀਸਰੈ–ਭੁਲਦਾ ਨਹੀਂ। ਤਿਸੁ–ਉਸ ਨੂੰ। ਸੁ–ਉਹ। ਹੋਗੁ–ਹੁੰਦਾ ਹੈ। ੮। ੩।

ਮਾਰੂ ਮਹਲਾ ੧ ॥ ਸਾਚੀ ਕਾਰ ਕਮਾਵਣੀ, ਹੋਰਿ ਲਾਲਚ ਬਾਦਿ ॥ ਇਹੁ ਮਨੁ ਸਾਚੈ ਮੋਹਿਆ, ਜਿਹਵਾ ਸਚਿ ਸਾਦਿ ॥ ਬਿਨੁ ਨਾਵੈ ਕੋ ਰਸੁ ਨਹੀ, ਹੋਰਿ ਚਲਹਿ ਬਿਖੁ ਲਾਦਿ ॥੧॥ ਐਸਾ ਲਾਲਾ ਮੇਰੇ ਲਾਲ ਕੋ, ਸੁਣਿ ਖਸਮ ਹਮਾਰੇ ॥ ਜਿਉ ਫੁਰਮਾਵਹਿ ਤਿਉ ਚਲਾ, ਸਚੁ ਲਾਲ ਪਿਆਰੇ ॥੧॥ਰਹਾਉ॥ (ਹੇ ਭਾਈ ! ਨਾਮ ਸਿਮਰਨ ਦੀ) ਸੱਚੀ ਕਾਰ ਸੇਵਾ ਮੈਂ ਕਮਾਉਂਦਾ ਹਾਂ, ਮੈਂ (ਪਦਾਰਥਾਂ ਦੇ) ਹੋਰ ਲਾਲਚ ਬਿਅਰਥ ਜਾਣੇ ਹਨ। ਸੱਚੇ ਪ੍ਰਭੂ ਨੇ ਮੇਰਾ ਮਨ ਮੋਹ ਲਿਆ ਹੈ, (ਇਸ ਲਈ) ਮੇਰੀ ਜੀਭ ਨਾਮ ਸਿਮਰਨ ਦੇ ਸੱਚੇ ਸੁਆਦ ਵਿਚ ਮਗਨ ਰਹਿੰਦੀ ਹੈ। ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ ਮੈਨੂੰ ਕੋਈ ਸੁਆਦ ਚੰਗਾ ਨਹੀਂ ਲਗਦਾ, (ਨਾਮ ਹੀਣੇ) ਹੋਰ ਲੋਕ (ਹਿਰਦੇ ਰੂਪ ਗੱਡੇ ਵਿਚ) ਜਹਿਰ ਲੱਦ ਕੇ (ਪ੍ਰਲੋਕ ਨੂੰ) ਲੈ ਤੁਰਦੇ ਹਨ।੧।(ਅਨਵੈ ਅੱਖਰ) ਹੇ ਮੇਰੇ ਮਾਲਕ ! ਹੇ ਮੇਰੇ ਪਿਆਰੇ ਸੱਚੇ ਲਾਲ ਪ੍ਰਭੂ ! ਤੂੰ (ਮੇਰੀ ਬੇਨਤੀ) ਸੁਣ, ਮੈਂ ਪਿਆਰੇ ਲਾਲ ਪ੍ਰਭੂ ਦਾ (ਭਾਵ ਤੇਰਾ) ਐਸਾ ਗੁਲਾਮ ਹਾਂ {ਸਤਿਗੁਰੁ ਸੇਵੇ ਸੁ ਲਾਲਾ ਹੋਇ ੩੬੩} । ਕਿ ਜਿਵੇਂ ਤੂੰ ਮੈਨੂੰ ਹੁਕਮ ਕਰਦਾ ਹੈਂ, ਮੈਂ ਉਸੇ ਤਰ੍ਹਾਂ ਚਲਦਾ ਹਾਂ।੧।ਰਹਾਉ।

ਅੰਗ ੧੦੧੧ = ਅਨਿਦਿਨੁ ਲਾਲੇ ਚਾਕਰੀ, ਗੋਲੇ ਸਿਰਿ ਮੀਰਾ ॥ ਗੁਰ ਬਚਨੀ ਮਨੁ ਵੇਚਿਆ, ਸਬਦਿ ਮਨੁ ਧੀਰਾ ॥ ਗੁਰ ਪੂਰੇ ਸਾਬਾਸਿ ਹੈ, ਕਾਟੇ ਮਨ ਪੀਰਾ ॥੨॥ ਲਾਲਾ ਗੋਲਾ ਧਣੀ ਕੋ, ਕਿਆ ਕਹਉ ਵਡਿਆਈਐ ॥ ਭਾਣੈ ਬਖਸੇ ਪੂਰਾ ਧਣੀ, ਸਚੁ ਕਾਰ ਕਮਾਈਐ ॥ ਵਿਛੁੜਿਆ ਕਉ ਮੇਲਿ ਲਏ, ਗੁਰ ਕਉ ਬਲਿ ਜਾਈਐ ॥੩॥ ਲਾਲੇ ਗੋਲੇ ਮਤਿ ਖਰੀ, ਗੁਰ ਕੀ ਮਤਿ ਨੀਕੀ ॥ ਸਾਚੀ ਸੁਰਤਿ ਸੁਹਾਵਣੀ, ਮਨਮੁਖ ਮਤਿ ਫੀਕੀ ॥ ਮਨੁ ਤਨੁ ਤੇਰਾ ਤੂ ਪ੍ਰਭੂ ,ਸਚੁ ਧੀਰਕ ਧੁਰ ਕੀ ॥੪॥ (ਹੇ ਪ੍ਰਭੂ ! ਤੇਰੇ) ਗੁਲਾਮ ਨੇ ਹਰ ਰੋਜ ਤੇਰੀ ਚਾਕਰੀ ਕਰਨੀ ਹੈ, ਗੋਲੇ ਦੇ ਸਿਰ ਉਤੇ ਤੂੰ ਪਾਤਸ਼ਾਹ ਹੈ।(ਮੈਂ ਗੁਲਾਮ ਨੇ ਅਪਣਾ) ਮਨ ਗੁਰੂ ਦੇ ਬਚਨਾਂ ਉਤੋਂ ਵੇਚ (ਕੁਰਬਾਨ ਕਰ) ਦਿਤਾ ਹੈ, (ਕਿਉਂਕਿ ਗੁਰੂ ਦੇ) ਸ਼ਬਦ ਦੁਆਰਾ (ਗੁਲਾਮ ਦੇ) ਮਨ ਨੂੰ ਧੀਰਜ ਮਿਲਿਆ ਹੈ। ਪੂਰੇ ਗੁਰੂ ਨੂੰ ਸਾਬਾਸ਼ ਹੈ, (ਜੋ ਗੁਲਾਮ ਦੇ) ਮਨ ਦੀ ਪੀੜਾ ਨੂੰ ਕੱਟ ਦੇਂਦਾ ਹੈ।੨।(ਜਿਹੜਾ ਮਨੁੱਖ) ਮਾਲਕ ਪ੍ਰਭੂ ਦਾ ਗੁਲਾਮ ਸੇਵਕ ਬਣ ਗਿਆ ਹੈ, ਮੈਂ (ਉਸ ਦੀ) ਕੀ ਵਡਿਆਈ ਦੱਸ ਸਕਦਾ ਹਾਂ? ਜੇ ਪੂਰਨ ਪ੍ਰਭੂ ਅਪਣੇ ਮਰਜੀ ਨਾਲ (ਸੇਵਕ ਉਤੇ) ਬਖਸ਼ਿਸ਼ ਕਰ ਦੇਵੇ; ਭਾਣੇ ਵਿਚ ਚੱਲਣ ਦੀ ਬਖਸ਼ਿਸ਼ ਕਰ ਦੇਵੇ, (ਤਾਂ ਸੇਵਕ ਤੋਂ) ਸੱਚੇ ਨਾਮ ਸਿਮਰਨ ਦੀ ਕਾਰ ਕਮਾਈ ਜਾਂਦੀ ਹੈ। ਗੁਰੂ ਤੋਂ ਬਲਿਹਾਰ ਜਾਈਏ, ਜੋ ਵਿਛੜਿਆਂ ਮਨੁੱਖਾਂ ਨੂੰ (ਪ੍ਰਭੂ ਨਾਲ) ਮਿਲਾ ਲੈਂਦਾ ਹੈ।੩। ਗੁਰੂ ਦੀ ਉਤਮ ਸਿੱਖਿਆ ਲੈਣ ਕਰਕੇ ਗੁਲਾਮ ਸੇਵਕ ਦੀ ਅਕਲ ਵੀ ਚੰਗੀ ਹੋ ਗਈ ਹੈ।(ਨਾਮ ਸਿਮਰਨ ਵਿਚ ਲਗ ਕੇ ਉਸ ਦੀ) ਬਿਰਤੀ ਸੱਚ ਵਾਲੀ ਹੋਣ ਕਰਕੇ ਸੋਹਣੀ ਹੋ ਗਈ ਹੈ, (ਪਰ ਗੁਰੂ ਤੋਂ ਬੇਮੁਖ ਹੋਣ ਕਰਕੇ) ਮਨਮੁਖ ਦੀ ਅਕਲ ਫਿੱਕੀ (ਨਿਕੰਮੀ) ਹੈ। ਹੇ ਪ੍ਰਭੂ ! (ਸੇਵਕ ਦਾ) ਮਨ ਤੇ ਤਨ ਤੇਰਾ ਦਿਤਾ ਹੋਇਆ ਹੈ, ਤੂੰ (ਉਸ ਦਾ) ਮਾਲਕ ਹੈਂ, ਸੱਚਾ ਪ੍ਰਭੂ (ਸੇਵਕ ਨੂੰ) ਧੁਰ ਤੋਂ ਧੀਰਜ ਦੇਣ ਵਾਲਾ ਹੈ।੪।

ਪਦਾਰਥ = ਬਾਦਿ–ਬਿਅਰਥ। ਸਾਚੈ–ਸੱਚੇ ਪ੍ਰਭੂ ਨੇ। ਮੋਹਿਆ–ਮੋਹ ਲਿਆ। ਜਿਹਵਾ–ਜੀਭ। ਸਚਿ ਸਾਦਿ–ਸੱਚੇ ਸੁਆਦ ਵਿਚ। ਕੋ–ਕੋਈ। ਹੋਰਿ–(ਨਾਮ ਹੀਣੇ) ਹੋਰ ਲੋਕ। ਚਾਲਹਿ–ਲੈ ਤੁਰਦੇ ਹਨ। ਬਿਖੁ–ਜਹਿਰ। ਲਾਦਿ–ਲੱਦ ਕੇ।੧। ਲਾਲਾ–ਗੁਲਾਮ (ਸੇਵਕ)। ਲਾਲ ਕੋ–ਪਿਆਰੇ ਪ੍ਰਭੂ ਦਾ। ਖਸਮ–ਹੇ ਮਾਲਕ ਪ੍ਰਭੂ !। ਫੁਰਮਾਵਹਿ–ਤੂੰ ਹੁਕਮ ਕਰਦਾ ਹੈਂ। ਤਿਵੈ ਚਲਾ–ਮੈਂ ਉਸੇ ਤਰ੍ਹਾਂ ਚਲਦਾ ਹਾਂ। ਸਚ ਲਾਲ ਪਿਆਰੇ–ਹੇ ਪਿਆਰੇ ਸੱਚੇ ਲਾਲ ਪ੍ਰਭੂ !।੧।ਰਹਾਉ। ਅਨਦਿਨੁ–ਹਰ ਰੋਜ। ਚਾਕਰੀ–ਨੌਕਰੀ; ਸੇਵਾ ਭਗਤੀ। ਗੋਲੇ ਸਿਰਿ–ਗੁਲਾਮ ਦੇ ਸਿਰ ਉਤੇ। ਮੀਰਾ–ਪ੍ਰਭੂ ਪਾਤਸ਼ਾਹ। ਗੁਰ ਬਚਨੀ–ਗੁਰੂ ਦੇ ਬਚਨਾਂ ਉਤੋਂ। ਸਬਦਿ–ਸ਼ਬਦ ਦੁਆਰਾ। ਧੀਰਾ–ਧੀਰਜ। ਸਾਬਾਸਿ–ਧੰਨ ਹੈ। ਮਨ ਪੀਰਾ–ਮਨ ਦੀ ਪੀੜ।੨। ਲਾਲਾ ਗੋਲਾ–ਗੁਲਾਮ ਸੇਵਕ; ਗੁਲਾਮਾਂ ਦਾ ਦਾਸ। ਧਣੀ ਕੋ–ਮਾਲਕ ਪ੍ਰਭੂ ਦਾ। ਕਿਆ ਕਹਉ–ਕੀ ਦੱਸ ਸਕਦਾ ਹਾਂ? ਭਾਣੈ–ਮਰਜੀ ਨਾਲ। ਸਚੁ ਕਾਰ–ਨਾਮ ਸਿਮਰਨ ਦੀ ਸੱਚੀ ਸੇਵਾ ਭਗਤੀ। ਕਉ–ਨੂੰ। ਗੁਰ ਕਉ–ਗੁਰੂ ਤੋਂ। ਬਲਿ–ਕੁਰਬਾਨ।੩। ਮਤਿ–ਅਕਲ। ਖਰੀ–ਚੰਗੀ। ਮਤਿ ਨੀਕੀ–ਉਤਮ ਸਿੱਖਿਆ। ਸੁਰਤਿ–ਬਿਰਤੀ। ਸੁਹਾਵਣੀ–ਸੋਹਣੀ। ਫੀਕੀ–ਫਿੱਕੀ। ਮਨਮੁਖ–ਮਨ ਦੀ ਮਰਜੀ ਅਨੁਸਾਰ ਚਲਣ ਵਾਲਾ ਮਨੁੱਖ। ਤਨੁ–ਸਰੀਰ। ਧੀਰਕ–ਧੀਰਜ। ਧੁਰ ਕੀ–ਧੁਤ ਤੋਂ।੪।

ਸਾਚੈ ਬੈਸਣੁ ਉਠਣਾ, ਸਚੁ ਭੋਜਨੁ ਭਾਖਿਆ ॥ ਚਿਤਿ ਸਚੈ ਵਿਤੋ ਸਚਾ, ਸਾਚਾ ਰਸੁ ਚਾਖਿਆ ॥ ਸਾਚੈ ਘਰਿ ਸਾਚੈ ਰਖੇ, ਗੁਰ ਬਚਨਿ ਸੁਭਾਖਿਆ ॥੫॥ ਮਨਮੁਖ ਕਉ ਆਲਸੁ ਘਣੋ, ਫਾਥੇ ਓਜਾੜੀ ॥ ਫਾਥਾ ਚੁਗੈ ਨਿਤ ਚੋਗੜੀ, ਲਗਿ ਬੰਧੁ ਵਿਗਾੜੀ ॥ ਗੁਰ ਪਰਸਾਦੀ ਮੁਕਤੁ ਹੋਇ, ਸਾਚੇ ਨਿਜ ਤਾੜੀ ॥੬॥ ਅਨਹਤਿ ਲਾਲਾ ਬੇਧਿਆ, ਪ੍ਰਭ ਹੇਤਿ ਪਿਆਰੀ ॥ ਬਿਨੁ ਸਾਚੇ ਜੀਉ ਜਲਿ ਬਲਉ ,ਝੂਠੇ ਵੇਕਾਰੀ ॥ ਬਾਦਿ ਕਾਰਾ ਸਭਿ ਛੋਡੀਆ, ਸਾਚੀ ਤਰੁ ਤਾਰੀ ॥੭॥ ਜਿਨੀ ਨਾਮੁ ਵਿਸਾਰਿਆ, ਤਿਨਾ ਠਉਰ ਨ ਠਾਉ ॥ ਲਾਲੈ ਲਾਲਚੁ ਤਿਆਗਿਆ, ਪਾਇਆ ਹਰਿ ਨਾਉ ॥ ਤੂ ਬਖਸਹਿ ਤਾ ਮੇਲਿ ਲੈਹਿ, ਨਾਨਕ ਬਲਿ ਜਾਉ ॥੮॥੪॥ (ਸੇਵਕ ਦਾ) ਬੈਠਣਾ, ਉਠਣਾ ਸੱਚੇ ਪ੍ਰਭੂ ਦੀ ਯਾਦ ਵਿਚ ਰਹਿੰਦਾ ਹੈ ਅਤੇ (ਉਸ ਨੇ) ਸੱਚਾ ਨਾਮ ਰੂਪ ਭੋਜਨ ਖਾਧਾ ਹੈ; (ਉਸ ਦਾ) ਭੋਜਨ ਸੱਚ ਹੈ ਅਤੇ (ਉਸ

ਦੀ) ਬੋਲੀ ਸੱਚ ਹੈ।(ਉਸ ਦੇ) ਚਿਤ ਵਿਚ ਸੱਚੇ ਪ੍ਰਭੂ ਦੀ ਯਾਦ ਟਿਕੀ ਹੋਈ ਹੈ, ਸੱਚਾ ਨਾਮ (ਉਸ ਦਾ) ਧਨ ਹੈ ਅਤੇ (ਉਸ ਨੇ) ਸੱਚੇ ਨਾਮ ਸਿਮਰਨ ਦਾ ਰਸ ਚੱਖਿਆ ਹੈ।(ਉਸ ਸੇਵਕ ਨੇ) ਗੁਰੂ ਦੇ ਉਪਦੇਸ਼ ਦੁਆਰਾ (ਪ੍ਰਭੂ ਦਾ ਨਾਮ) ਚੰਗੀ ਤਰ੍ਹਾਂ ਜਪਿਆ ਹੈ, (ਜਿਸ ਦੇ ਫਲ ਸਰੂਪ ਉਸ ਨੂੰ) ਸੱਚੇ ਪ੍ਰਭੂ ਨੇ ਅਪਣੇ ਸੱਚੇ ਘਰ ਵਿਚ ਰੱਖਿਆ ਹੈ।੫।(ਹੇ ਭਾਈ!) ਮਨਮੁਖ ਬੰਦੇ ਨੂੰ ਨਾਮ ਸਿਮਰਨ ਵੱਲੋਂ ਬਹੁਤ ਆਲਸ ਰਹਿੰਦਾ ਹੈ, (ਇਸ ਲਈ ਉਹ) ਸੰਸਾਰ ਉਜਾੜ ਵਿਚ (ਮੋਹ ਦੇ ਜਾਲ ਵਿਚ) ਫਸਿਆ ਹੋਇਆ ਹੈ।(ਉਹ ਮੋਹ ਮਾਇਆ ਦੇ ਜਾਲ ਵਿਚ) ਫਸਿਆ ਹੋਇਆ ਨਿੱਤ ਵਿਸ਼ਿਆ ਰੂਪ ਚੋਗ ਚੁਗਦਾ ਹੈ, (ਉਸ ਨੇ ਮਨ ਦੇ ਪਿੱਛੇ) ਲਗ ਕੇ ਪ੍ਰਭੂ ਨਾਲ ਸਬੰਧ ਵਿਗਾੜ ਲਏ ਹਨ।(ਪਰ ਪ੍ਰਭੂ ਦਾ ਸੇਵਕ) ਗੁਰੂ ਦੀ ਕ੍ਰਿਪਾ ਨਾਲ (ਮੋਹ ਮਾਇਆ ਦੇ ਜਾਲ ਤੋਂ) ਮੁਕਤ ਹੋ ਕੇ ਅਪਣੇ ਸੱਚੇ ਸਰੂਪ ਵਿਚ ਸੁਰਤ ਜੋੜਦਾ ਹੈ।੬।(ਹੇ ਭਾਈ!) ਸੇਵਕ ਪ੍ਰਭੂ ਦੇ ਪ੍ਰੇਮ ਪਿਆਰ ਵਿਚ ਇਕ ਰਸ ਵਿੰਨ੍ਹਿਆ ਰਹਿੰਦਾ ਹੈ।(ਮਨਮੁਖ) ਝੂਠੇ ਤੇ ਵਿਕਾਰੀ ਹਨ, ਸੱਚੇ ਪ੍ਰਭੂ ਦੇ ਨਾਮ ਤੋਂ ਬਿਨਾ ਹੋਣ ਕਰਕੇ (ਉਨ੍ਹਾਂ ਦਾ) ਦਿਲ ਜਲਦਾ ਤੇ ਬਲਦਾ ਰਹਿੰਦਾ ਹੈ।(ਪ੍ਰਭੂ ਦੇ ਸੇਵਕ ਨੇ) ਸਾਰੇ ਫਜ਼ੂਲ ਕੰਮ ਛਡ ਦਿਤੇ ਹਨ, (ਸੰਸਾਰ ਸਮੁੰਦਰ ਤੋਂ) ਤਰਨ ਲਈ (ਉਸ ਪਾਸ ਨਾਮ ਸਿਮਰਨ ਦੀ) ਸੱਚੀ ਬੇੜੀ ਹੈ।੭।ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦੇ ਨਾਮ ਨੂੰ ਭੁਲਾ ਦਿਤਾ ਹੈ, ਉਨ੍ਹਾਂ ਨੂੰ (ਸੁਖ ਸ਼ਾਂਤੀ ਦਾ ਇਸ ਲੋਕ ਵਿਚ ਕੋਈ) ਥਾਂ ਨਹੀਂ ਮਿਲਦਾ ਤੇ ਪ੍ਰਲੋਕ ਵਿਚ ਵੀ ਥਾਂ ਨਹੀਂ ਮਿਲਦਾ।(ਪ੍ਰਭੂ ਦੇ) ਸੇਵਕ ਨੇ ਮਾਇਆ ਦਾ ਲਾਲਚ ਛਡ ਦਿਤਾ ਹੈ ਅਤੇ ਪ੍ਰਭੂ ਦਾ ਨਾਮ ਪਾ ਲਿਆ ਹੈ।ਹੇ ਪ੍ਰਭੂ! ਨਾਨਕ ਤੇਰੇ ਤੋਂ ਸਦਕੇ ਜਾਂਦਾ ਹੈ, ਜੇ ਤੂੰ ਬਖਸ਼ਿਸ਼ ਕਰ ਦੇਵੇਂ ਤਾਂ (ਜੀਵਾਂ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈਂ।੮।੪।

ਪਦਾਰਥ = ਸਾਚੈ–ਸੱਚੇ ਪ੍ਰਭੂ (ਦੀ ਯਾਦ) ਵਿਚ।ਬੈਸਣੁ–ਬੈਠਣਾ।ਭਾਖਿਆ–ਖਾਧਾ ਹੈ; ਬੋਲੀ।ਚਿਤਿ–ਚਿੱਤ ਵਿਚ।ਸਚੈ–ਸੱਚੇ ਪ੍ਰਭੂ (ਦੀ ਯਾਦ)।ਵਿਤੋ–ਧਨ।ਚਾਖਿਆ–ਚੱਖਿਆ ਹੈ।ਸਾਚੈ ਘਰਿ–ਸੱਚੇ ਪ੍ਰਭੂ ਨੇ ਅਪਣੇ ਘਰ ਵਿਚ।ਰਖੇ–ਰੱਖਿਆ ਹੈ।ਗੁਰ ਬਚਨਿ–ਗੁਰੂ ਦੇ ਉਪਦੇਸ਼ ਦੁਆਰਾ।ਸੁਭਾਖਿਆ–ਚੰਗੀ ਤਰ੍ਹਾਂ ਉਚਾਰਿਆ।੫।ਮਨਮੁਖ ਕਉ–ਮਨ ਮਰਜੀ ਅਨੁਸਾਰ ਚੱਲਣ ਵਾਲੇ ਮਨੁੱਖ ਨੂੰ।ਘਣੋ–ਬਹੁਤ।ਫਾਥੇ–ਫਸਿਆ ਹੈ।ਓਜਾੜੀ–ਸੰਸਾਰ ਉਜਾੜ ਵਿਚ।ਚੁਗੈ ਚੋਗੜੀ–(ਵਿਸ਼ਿਆਂ ਰੂਪ) ਚੋਗ ਚੁਗਦਾ ਹੈ।ਨਿਤ–ਸਦਾ; ਹਰ ਰੋਜ।ਬੰਧੁ–ਸਬੰਧ।ਵਿਗਾੜੀ–ਖਰਾਬ ਕਰ ਲਏ ਹਨ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਸਾਚੈ ਨਿਜ–ਅਪਣੇ ਸੱਚੇ ਸਰੂਪ ਵਿਚ।ਤਾੜੀ–ਸੁਰਤ; ਸਮਾਧੀ।੬।ਅਨਹਤਿ–ਇਕ ਰਸ; ਲਗਾਤਾਰ।ਲਾਲਾ–ਗੁਲਾਮ; ਸੇਵਕ।ਬੇਧਿਆ–ਵਿੰਨ੍ਹਿਆ ਰਹਿੰਦਾ ਹੈ।ਹੇਤਿ ਪਿਆਰੀ–ਪ੍ਰੇਮ ਪਿਆਰ ਵਿਚ।ਜੀਉ–ਦਿਲ।ਜਲਿ ਬਲਉ–ਜਲਦਾ ਬਲਦਾ ਹੈ।ਬਾਦਿ ਕਾਰਾ–ਫਜੂਲ ਦੇ ਕੰਮ।ਤਰੁ–ਬੇੜੀ।ਤਾਰੀ–ਤਰਨ ਲਈ।੭।ਜਿਨੀ–ਜਿਨ੍ਹਾਂ ਨੇ।ਵਿਸਾਰਿਆ–ਭੁਲਾ ਦਿਤਾ ਹੈ।ਤਿਨਾ–ਉਨ੍ਹਾਂ ਨੂੰ।ਠਉਰ ਨ ਠਾਉ–ਥਾਂ ਟਿਕਾਣਾ ਨਹੀਂ ਮਿਲਦਾ।ਲਾਲੈ–ਸੇਵਕ ਨੇ।ਤਿਆਗਿਆ–ਛਡ ਦਿਤਾ ਹੈ।ਬਖਸਹਿ–ਜੇ ਬਖਸ਼ਿਸ਼ ਕਰੇਂ।ਬਲਿ ਜਾਉ–ਸਦਕੇ ਜਾਂਦਾ ਹੈ।੮।੪।

ਮਾਰੂ ਮਹਲਾ ੧ ॥ ਲਾਲੈ ਗਾਰਬੁ ਛੋਡਿਆ, ਗੁਰ ਕੈ ਭੈ ਸਹਜਿ ਸੁਭਾਈ ॥ ਲਾਲੈ ਖਸਮੁ ਪਛਾਣਿਆ, ਵਡੀ ਵਡਿਆਈ ॥ ਖਸਮਿ ਮਿਲਿਐ ਸੁਖੁ ਪਾਇਆ, ਕੀਮਤਿ ਕਹਣੁ ਨ ਜਾਈ ॥੧॥ ਲਾਲਾ ਗੋਲਾ ਖਸਮ ਕਾ, ਖਸਮੈ ਵਡਿਆਈ ॥ ਗੁਰ ਪਰਸਾਦੀ ਉਬਰੇ, ਹਰਿ ਕੀ ਸਰਣਾਈ ॥੧॥ਰਹਾਉ॥ ਲਾਲੇ ਨੋ ਸਿਰਿ ਕਾਰ ਹੈ, ਧੁਰਿ ਖਸਮਿ ਫੁਰਮਾਈ ॥ ਲਾਲੈ ਹੁਕਮੁ ਪਛਾਣਿਆ, ਸਦਾ ਰਹੈ ਰਜਾਈ ॥ ਆਪੇ ਮੀਰਾ ਬਖਸਿ ਲਏ, ਵਡੀ ਵਡਿਆਈ ॥੨॥ ਆਪਿ ਸਚਾ ਸਭੁ ਸਚੁ ਹੈ, ਗੁਰ ਸਬਦਿ ਬੁਝਾਈ ॥ ਤੇਰੀ ਸੇਵਾ ਸੋ ਕਰੇ, ਜਿਸ ਨੋ ਲੈਹਿ ਤੂ ਲਾਈ ॥ ਬਿਨੁ ਸੇਵਾ ਕਿਨੈ ਨ ਪਾਇਆ, ਦੂਜੈ ਭਰਮਿ ਖੁਆਈ ॥੩॥ ਸੋ ਕਿਉ ਮਨਹੁ ਵਿਸਾਰੀਐ, ਨਿਤ ਦੇਵੈ ਚੜੈ ਸਵਾਇਆ ॥ ਜੀਉ ਪਿੰਡੁ ਸਭੁ ਤਿਸ ਦਾ, ਸਾਹੁ ਤਿਨੈ ਵਿਚਿ ਪਾਇਆ ॥ ਜਾ ਕ੍ਰਿਪਾ ਕਰੇ ਤਾ ਸੇਵੀਐ, ਸੇਵਿ ਸਚਿ ਸਮਾਇਆ ॥੪॥ (ਹੇ ਭਾਈ! ਪ੍ਰਭੂ ਦੇ) ਸੇਵਕ ਨੇ ਗੁਰੂ ਦੇ ਭੈ ਅਤੇ ਸ਼ਾਂਤ ਸੁਭਾਉ ਕਰਕੇ ਹੰਕਾਰ ਛਡ ਦਿਤਾ ਹੈ; ਗੁਰੂ ਦੇ ਭੈ ਵਿਚ ਰਹਿ ਕੇ ਸੁਤੇ ਸਿੱਧ ਹੀ ਹੰਕਾਰ ਛਡ ਦਿਤਾ ਹੈ।ਸੇਵਕ ਨੇ ਮਾਲਕ ਪ੍ਰਭੂ ਨੂੰ ਪਛਾਣਿਆ ਹੈ, (ਜਿਸ ਕਰਕੇ ਉਸ ਨੂੰ) ਵੱਡੀ ਵਡਿਆਈ ਮਿਲੀ ਹੈ।ਮਾਲਕ ਪ੍ਰਭੂ ਨਾਲ ਮਿਲਣ ਕਰਕੇ (ਸੇਵਕ ਨੇ) ਸੁਖ ਪਾਇਆ ਹੈ, (ਜਿਸ ਸੁਖ ਦੀ) ਕੀਮਤ ਕਹੀ ਨਹੀਂ ਜਾ ਸਕਦੀ।੧।(ਜੋ ਮਨੁੱਖ) ਮਾਲਕ ਪ੍ਰਭੂ ਦੇ ਦਾਸਾਂ ਦਾ ਦਾਸ ਹੋ ਜਾਂਦਾ ਹੈ, (ਉਸ ਨੂੰ) ਮਾਲਕ ਵੱਲੋਂ ਵਡਿਆਈ ਮਿਲਦੀ ਹੈ।(ਜੋ ਮਨੁੱਖ) ਹਰੀ ਦੀ ਸਰਣ ਵਿਚ ਆਏ ਹਨ, ਗੁਰੂ ਦੀ ਕ੍ਰਿਪਾ ਨਾਲ (ਉਹ ਸੰਸਾਰ ਸਮੁੰਦਰ ਤੋਂ) ਤਰ ਗਏ ਹਨ।੧।ਰਹਾਉ।(ਅੰਨਵੈ ਅੱਖਰ) ਮਾਲਕ ਪ੍ਰਭੂ ਨੇ ਧੁਰ ਤੋਂ (ਅਪਣੇ) ਸੇਵਕ ਨੂੰ ਹੁਕਮ ਦਿਤਾ ਹੈ, (ਉਸ ਦੇ) ਸਿਰ ਉਤੇ (ਨਾਮ ਜਪਣ ਦਾ) ਕੰਮ ਸੌਂਪਿਆ ਹੈ।ਸੇਵਕ ਨੇ ਪ੍ਰਭੂ ਦਾ ਹੁਕਮ ਪਛਾਣਿਆ ਹੈ ਅਤੇ (ਉਹ) ਸਦਾ ਪ੍ਰਭੂ ਦੀ ਰਜ਼ਾ ਵਿਚ ਰਹਿੰਦਾ ਹੈ।ਪ੍ਰਭੂ ਪਾਤਸ਼ਾਹ (ਸੇਵਕ ਨੂੰ) ਆਪੇ ਵੱਡੀ ਵਡਿਆਈ ਦੇ ਕੇ ਬਖਸ਼ ਲੈਂਦਾ ਹੈ।੨।(ਹੇ ਪ੍ਰਭੂ! ਤੇਰੇ ਸੇਵਕ ਨੂੰ) ਗੁਰੂ ਦੇ ਸ਼ਬਦ ਦੁਆਰਾ ਸਮਝ ਆ ਗਈ ਹੈ ਕਿ ਤੂੰ ਆਪ ਸੱਚਾ ਹੈ ਅਤੇ (ਤੇਰਾ) ਸਾਰਾ ਪਸਾਰਾ ਸੱਚਾ ਹੈ।(ਹੇ ਪ੍ਰਭੂ!) ਤੇਰੀ ਸੇਵਾ ਉਹ ਮਨੁੱਖ ਕਰਦਾ ਹੈ, ਜਿਸ ਨੂੰ ਤੂੰ (ਅਪਣੀ ਸੇਵਾ ਵਿਚ) ਲਗਾ ਲੈਂਦਾ

ਹੈਂ। ਸੇਵਾ ਕੀਤੀ ਤੋਂ ਬਿਨਾ (ਤੈਨੂੰ) ਕਿਸੇ ਨੇ ਨਹੀਂ ਪਾਇਆ, ਦ੍ਵੈਤ ਭਾਵ ਦੇ ਭਰਮ ਕਰਕੇ (ਸਾਰੀ ਦੁਨੀਆਂ ਸੇਵਾ ਜਾਂ ਜੀਵਨ ਦੇ ਸਹੀ ਰਸਤੇ ਤੋਂ) ਖੁੰਝੀ ਹੋਈ ਹੈ।੩।(ਹੇ ਭਾਈ!) ਉਸ ਪ੍ਰਭੂ ਨੂੰ ਮਨ ਤੋਂ ਕਿਉਂ ਭੁਲਾਈਏ? ਜੋ ਹਰ ਰੋਜ ਦਾਤਾਂ ਦੇਂਦਾ ਹੈ, (ਉਸ ਦਾ ਦਿਤਾ) ਵਧਦਾ ਰਹਿੰਦਾ ਹੈ (ਕਦੇ ਘਾਟ ਨਹੀਂ ਆਉਂਦੀ)। ਜਿੰਦ ਤੇ ਸਰੀਰ ਆਦਿ ਸਭ ਕੁਛ ਉਸ ਦਾ ਹੀ ਦਿਤਾ ਹੋਇਆ ਹੈ, ਉਸ ਨੇ ਹੀ (ਸਾਡੇ ਸਰੀਰਾਂ) ਵਿਚ ਸਾਹ ਪਾਇਆ ਹੈ। ਜਦੋਂ ਪ੍ਰਭੂ ਕ੍ਰਿਪਾ ਕਰਦਾ ਹੈ, ਤਦ ਹੀ (ਮਨੁੱਖ ਤੋਂ ਉਸ ਦੀ) ਸੇਵਾ ਭਗਤੀ ਕੀਤੀ ਜਾਂਦੀ ਹੈ ਅਤੇ ਸੇਵਾ ਭਗਤੀ ਕਰਕੇ (ਉਹ ਮਨੁੱਖ) ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ।੪।

ਪਦਾਰਥ = ਲਾਲੈ-ਸੇਵਕ ਨੇ। ਗਾਰਬੁ-ਹੰਕਾਰ। ਸਹਜਿ ਸੁਭਾਈ-ਸ਼ਾਂਤ ਸੁਭਾਉ ਕਰਕੇ; ਸਹਿਜ ਸੁਭਾਵਕ ਹੀ। ਖਸਮੁ-ਮਾਲਕ ਪ੍ਰਭੂ ਨੂੰ। ਮਿਲਿਐ-ਮਿਲਣ ਨਾਲ।੧। ਲਾਲਾ ਗੋਲਾ-ਦਾਸਾਂ ਦਾ ਦਾਸ। ਖਸਮੈ-ਮਾਲਕ ਤੋਂ। ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ। ਉਬਰੇ-ਤਰ ਗਏ ਹਨ।੧। ਰਹਾਉ। ਨੋ-ਨੂੰ। ਸਿਰਿ-ਸਿਰ ਉਤੇ। ਕਾਰ-ਕੰਮ। ਧੁਰਿ-ਧੁਰ ਤੋਂ। ਖਸਮਿ-ਮਾਲਕ ਨੇ। ਰਹੈ ਰਜਾਈ-ਰਜ਼ਾ ਵਿਚ ਰਹਿੰਦਾ ਹੈ। ਮੀਰਾ-ਪ੍ਰਭੂ ਪਾਤਸ਼ਾਹ।੨। ਸਚਾ-ਸਦਾ ਕਾਇਮ ਰਹਿਣ ਵਾਲਾ। ਸਬਦਿ-ਸ਼ਬਦ ਦੁਆਰਾ। ਬੁਝਾਈ-ਸਮਝ ਆਈ ਹੈ। ਸੋ -ਉਹ। ਲੈਹਿ ਤੂ ਲਾਈ-ਤੂੰ ਲਗਾ ਲੈਂਦਾ ਹੈਂ। ਕਿਨੈ-ਕਿਸੇ ਨੇ। ਦੂਜੈ ਭਰਮਿ-ਦ੍ਵੈਤ ਭਾਵ ਦੇ ਭਰਮ ਕਰਕੇ। ਖੁਆਈ-ਖੁੰਝੀ ਹੋਈ ਹੈ। ।੩। ਸੋ-ਉਸ (ਪ੍ਰਭੂ) ਨੂੰ। ਮਨਹੁ-ਮਨ ਤੋਂ। ਵਿਸਾਰੀਐ-ਭੁਲਾਈਏ। ਨਿਤ-ਹਰ ਰੋਜ। ਚੜੈ ਸਵਾਇਆ-ਵਧਦਾ ਰਹਿੰਦਾ ਹੈ। ਜੀਉ-ਜਿੰਦ। ਪਿੰਡੁ-ਸਰੀਰ। ਸਾਹੁ-ਸੁਆਸ। ਤਿਨੈ-ਉਸ ਨੇ ਹੀ। ਵਿਚਿ-(ਸਰੀਰ) ਵਿਚ। ਜਾ-ਜਦੋਂ। ਤਾ-ਤਦ; ਤਾਂ। ਸੇਵੀਐ-ਸੇਵਾ ਭਗਤੀ ਕੀਤੀ ਜਾਂਦੀ ਹੈ। ਸੇਵਿ-ਸੇਵਾ ਭਗਤੀ ਕਰਕੇ। ਸਚਿ ਸਮਾਇਆ-ਸੱਚੇ ਪ੍ਰਭੂ ਵਿਚ ਮਿਲ ਜਾਂਦਾ ਹੈ।੪।

ਲਾਲਾ ਸੋ ਜੀਵਤੁ ਮਰੈ, ਮਰਿ ਵਿਚਹੁ ਆਪੁ ਗਵਾਏ ॥ ਬੰਧਨ ਤੁਟਹਿ ਮੁਕਤਿ ਹੋਇ, ਤ੍ਰਿਸਨਾ ਅਗਨਿ ਬੁਝਾਏ ॥ ਸਭ ਮਹਿ ਨਾਮੁ ਨਿਧਾਨੁ ਹੈ, ਗੁਰਮੁਖਿ ਕੋ ਪਾਏ ॥੫॥ ਲਾਲੇ ਵਿਚਿ ਗੁਣੁ ਕਿਛੁ ਨਹੀ, ਲਾਲਾ ਅਵਗਣਿਆਰੁ ॥ ਤੁਧੁ ਜੇਵਡੁ ਦਾਤਾ ਕੋ ਨਹੀ, ਤੂ ਬਖਸਣਹਾਰੁ ॥ ਤੇਰਾ ਹੁਕਮੁ ਲਾਲਾ ਮੰਨੇ, ਏਹ ਕਰਣੀ ਸਾਰੁ ॥੬॥ (ਹੇ ਭਾਈ! ਅਸਲੀ) ਸੇਵਕ ਉਹ ਹੈ, ਜੋ ਜੀਵਤ ਭਾਵ ਤੋਂ ਮਰ ਜਾਂਦਾ ਹੈ ਅਤੇ (ਜੀਵਤ ਭਾਵ ਤੋਂ) ਮਰ ਕੇ ਅਪਣੇ ਮਨ ਵਿਚੋਂ (ਇਸ ਮਰਨ ਦਾ) ਹੰਕਾਰ ਗਵਾ ਦੇਂਦਾ ਹੈ। (ਅਜੇਹੇ ਸੇਵਕ ਦੇ ਹਉਮੈ ਦੇ) ਬੰਧਨ ਟੁੱਟ ਜਾਂਦੇ ਹਨ, (ਉਹ ਬੰਧਨਾਂ ਤੋਂ) ਮੁਕਤ ਹੋ ਜਾਂਦਾ ਹੈ ਅਤੇ (ਉਹ) ਤ੍ਰਿਸ਼ਨਾ ਦੀ ਅੱਗ ਬੁਝਾ ਦੇਂਦਾ ਹੈ। (ਵੈਸੇ ਤਾਂ ਪ੍ਰਭੂ ਦਾ) ਨਾਮ ਰੂਪ ਖਜਾਨਾ ਸਾਰੇ ਜੀਵਾਂ ਦੇ ਹਿਰਦੇ ਵਿਚ ਹੈ, (ਪਰ ਇਹ ਖਜਾਨਾ) ਕੋਈ ਵਿਰਲਾ ਮਨੁੱਖ ਗੁਰੂ ਦੁਆਰਾ ਪ੍ਰਾਪਤ ਕਰਦਾ ਹੈ।੫।(ਹੇ ਪ੍ਰਭੂ! ਤੇਰੇ) ਸੇਵਕ ਵਿਚ ਕੁਛ ਗੁਣ ਨਹੀਂ, (ਸੱਗੋਂ ਤੇਰਾ) ਸੇਵਕ ਔਗਣਾਂ ਨਾਲ ਭਰਿਆ ਹੋਇਆ ਹੈ। ਤੇਰੇ ਜਿੰਨਾ ਵੱਡਾ ਦਾਤਾ ਹੋਰ ਕੋਈ ਨਹੀਂ, ਤੂੰ (ਸੇਵਕਾਂ ਦੇ ਸਾਰੇ) ਔਗਣ ਬਖਸ਼ ਦੇਣ ਵਾਲਾ ਹੈਂ। (ਤੇਰਾ) ਸੇਵਕ ਤੇਰਾ ਹੁਕਮ ਮੰਨਦਾ ਹੈ, (ਸੇਵਕ ਲਈ) ਇਹੋ ਸ੍ਰੇਸ਼ਟ ਕਰਣੀ ਹੈ।੬।

ਅੰਗ ੧੦੧੨ = ਗੁਰੁ ਸਾਗਰੁ ਅੰਮ੍ਰਿਤ ਸਰੁ ,ਜੋ ਇਛੇ ਸੋ ਫਲੁ ਪਾਏ ॥ ਨਾਮੁ ਪਦਾਰਥੁ ਅਮਰੁ ਹੈ, ਹਿਰਦੈ ਮੰਨਿ ਵਸਾਏ ॥ ਗੁਰ ਸੇਵਾ ਸਦਾ ਸੁਖੁ ਹੈ, ਜਿਸ ਨੋ ਹੁਕਮੁ ਮਨਾਏ ॥੭॥ ਸੁਇਨਾ ਰੁਪਾ ਸਭ ਧਾਤੁ ਹੈ, ਮਾਟੀ ਰਲਿ ਜਾਈ ॥ ਬਿਨੁ ਨਾਵੈ ਨਾਲਿ ਨ ਚਲਈ, ਸਤਿਗੁਰਿ ਬੂਝ ਬੁਝਾਈ ॥ ਨਾਨਕ ਨਾਮਿ ਰਤੇ ਸੇ ਨਿਰਮਲੇ, ਸਾਚੈ ਰਹੇ ਸਮਾਈ ॥੮॥੫॥ ਗੁਰੂ ਸਮੁੰਦਰ ਹੈ, ਗੁਰੂ ਅੰਮ੍ਰਿਤ ਦਾ ਸਰੋਵਰ ਹੈ, ਸੇਵਕ ਜੋ ਚਾਹੁੰਦਾ ਹੈ, (ਗੁਰੂ ਪਾਸੋਂ) ਉਹ ਹੀ ਫਲ ਪ੍ਰਾਪਤ ਕਰ ਲੈਂਦਾ ਹੈ। (ਪ੍ਰਭੂ ਦਾ) ਨਾਮ ਪਦਾਰਥ (ਸੇਵਕ ਨੂੰ) ਅਮਰ ਕਰ ਦੇਣ ਵਾਲਾ ਹੈ, (ਸੇਵਕ ਨਾਮ ਨੂੰ) ਮੰਨ ਕੇ ਹਿਰਦੇ ਵਿਚ ਵਸਾਉਂਦਾ ਹੈ। (ਗੁਰੂ) ਜਿਸ ਸੇਵਕ ਨੂੰ (ਪ੍ਰਭੂ ਦਾ) ਹੁਕਮ ਮਨਾਉਂਦਾ ਹੈ, (ਉਸ ਨੂੰ) ਗੁਰੂ ਦੀ ਸੇਵਾ ਸਦਾ ਸੁਖ ਦੇਣ ਵਾਲੀ ਹੈ।੭।(ਹੇ ਭਾਈ!) ਸੋਨਾ ਚਾਂਦੀ ਸਭ ਮਾਇਆ ਹੈ, (ਜੋ ਅੰਤ ਨੂੰ) ਮਿੱਟੀ ਵਿਚ ਰਲ ਜਾਂਦੀ ਹੈ। ਸਤਿਗੁਰੂ ਨੇ (ਸੇਵਕ ਨੂੰ ਇਹ) ਸਮਝ ਸਮਝਾ ਦਿਤੀ ਹੈ ਕਿ ਪ੍ਰਭੂ ਦੇ ਨਾਮ ਤੋਂ ਬਿਨਾ (ਕੋਈ ਚੀਜ ਮਨੁੱਖ ਦੇ) ਨਾਲ ਨਹੀਂ ਚਲਦੀ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ ਪ੍ਰਭੂ ਦੇ) ਨਾਮ ਵਿਚ ਰੰਗੇ ਹੋਏ ਹਨ, ਉਹ ਨਿਰਮਲ (ਜੀਵਨ ਵਾਲੇ) ਹਨ ਅਤੇ ਸਦਾ ਸੱਚੇ ਪਭੂ ਵਿਚ ਲੀਨ ਰਹਿੰਦੇ ਹਨ।੮।੫।

ਪਦਾਰਥ = ਲਾਲਾ-ਸੇਵਕ। ਸੋ-ਉਹ। ਜੀਵਤ ਮਰੈ-ਜੀਵਤ ਭਾਵ ਤੋਂ ਮਰਦਾ ਹੈ। ਮਰਿ-ਮਰ ਕੇ। ਵਿਚਹੁ-ਮਨ ਵਿਚੋਂ। ਆਪੁ-ਹੰਕਾਰ; ਆਪਾ ਭਾਵ। ਗਵਾਏ-ਦੂਰ ਕਰਦਾ ਹੈ। ਤੁਟਹਿ-ਟੁੱਟ ਜਾਂਦੇ ਹਨ। ਅਗਨਿ-ਅੱਗ। ਨਿਧਾਨੁ-ਖਜਾਨਾ। ਗੁਰਮੁਖਿ-ਗੁਰੂ ਦੁਆਰਾ। ਕੋ-ਕੋਈ (ਵਿਰਲਾ)। ਪਾਏ-ਪਾਉਂਦਾ ਹੈ।੫। ਅਵਗਣਿਆਰੁ-ਔਗਣਾਂ ਨਾਲ ਭਰਿਆ ਹੋਇਆ। ਤੁਧੁ ਜੇਵਡੁ-ਤੇਰੇ ਜਿੰਨਾ ਵੱਡਾ। ਬਖਸਣ ਹਾਰੁ-ਬਖਸ਼ ਦੇਣ ਵਾਲਾ। ਕਰਣੀ-ਕਰਮ। ਸਾਰੁ-ਸ੍ਰੇਸ਼ਟ।੬। ਸਾਗਰੁ-ਸਮੁੰਦਰ। ਅੰਮ੍ਰਿਤ ਸਰੁ-ਅੰਮ੍ਰਿਤ ਦਾ ਸਰੋਵਰ। ਇਛੇ-ਚਾਹੁੰਦਾ ਹੈ। ਅਮਰੁ-ਨਾਸ਼ ਰਹਿਤ। ਹਿਰਦੈ-ਹਿਰਦੇ ਵਿਚ। ਮੰਨਿ-ਮੰਨ ਕੇ। ਮਨਾਏ-ਮਨਾਉਂਦਾ ਹੈ।੭। ਸੁਇਨਾ-ਸੋਨਾ। ਰੁਪਾ-ਚਾਂਦੀ। ਧਾਤੁ-

ਮਾਇਆ; ਨਾਸ਼ਵੰਤ। ਰਲਿ ਜਾਈ–ਮਿਲ ਜਾਂਦੀ ਹੈ। ਸਤਿਗੁਰਿ–ਸਤਿਗੁਰੂ ਨੇ। ਬੂਝ ਬੁਝਾਈ–ਸਮਝ ਸਮਝਾਈ ਹੈ। ਨਾਮਿ–ਨਾਮ ਵਿਚ। ਰਤੇ–ਰੰਗੇ ਹੋਏ ਹਨ। ਸੇ–ਉਹ। ਨਿਰਮਲੇ–ਪਵਿਤ੍ਰ ਜੀਵਨ ਵਾਲੇ। ਸਾਚੈ–ਸੱਚੇ ਪ੍ਰਭੂ ਵਿਚ। ਰਹੇ ਸਮਾਈ–ਲੀਨ ਰਹਿੰਦੇ ਹਨ।੮।੫।

ਮਾਰੂ ਮਹਲਾ ੧ ॥ ਹੁਕਮੁ ਭਇਆ ਰਹਣਾ ਨਹੀ, ਧੁਰਿ ਫਾਟੇ ਚੀਰੈ ॥ ਏਹੁ ਮਨੁ ਅਵਗਣਿ ਬਾਧਿਆ, ਸਹੁ ਦੇਹ ਸਰੀਰੈ ॥ ਪੂਰੈ ਗੁਰਿ ਬਖਸਾਈਅਹਿ, ਸਭਿ ਗੁਨਹ ਫਕੀਰੈ ॥੧॥ ਕਿਉ ਰਹੀਐ ਉਠਿ ਚਲਣਾ, ਬੁਝੁ ਸਬਦ ਬੀਚਾਰਾ ॥ ਜਿਸੁ ਤੂ ਮੇਲਹਿ ਸੋ ਮਿਲੈ, ਧੁਰਿ ਹੁਕਮੁ ਅਪਾਰਾ ॥੧॥ਰਹਾਉ॥ ਜਿਉ ਤੂ ਰਾਖਹਿ ਤਿਉ ਰਹਾ, ਜੋ ਦੇਹਿ ਸੁ ਖਾਉ ॥ ਜਿਉ ਤੂ ਚਲਾਵਹਿ ਤਿਉ ਚਲਾ, ਮੁਖਿ ਅੰਮ੍ਰਿਤ ਨਾਉ ॥ ਮੇਰੇ ਠਾਕੁਰ ਹਥਿ ਵਡਿਆਈਆ, ਮੇਲਹਿ ਮਨਿ ਚਾਉ ॥੨॥ ਕੀਤਾ ਕਿਆ ਸਾਲਾਹੀਐ, ਕਰਿ ਦੇਖੈ ਸੋਈ ॥ ਜਿਨਿ ਕੀਆ ਸੋ ਮਨਿ ਵਸੈ, ਮੈ ਅਵਰੁ ਨ ਕੋਈ ॥ ਸੋ ਸਾਚਾ ਸਾਲਾਹੀਐ, ਸਾਚੀ ਪਤਿ ਹੋਈ ॥੩॥ ਪੰਡਿਤੁ ਪੜਿ ਨ ਪਹੁਚਈ, ਬਹੁ ਆਲ ਜੰਜਾਲਾ ॥ ਪਾਪ ਪੁੰਨ ਦੁਇ ਸੰਗਮੇ, ਖੁਧਿਆ ਜਮ ਕਾਲਾ ॥ ਵਿਛੋੜਾ ਭਉ ਵੀਸਰੈ, ਪੂਰਾ ਰਖਵਾਲਾ ॥੪॥ (ਹੇ ਭਾਈ! ਜਦੋਂ ਪ੍ਰਭੂ ਦਾ) ਹੁਕਮ ਹੋਇਆ ਅਤੇ ਧੁਰ ਪ੍ਰਭੂ ਦੀ ਹਜੂਰੀ ਤੋਂ (ਕਿਸੇ ਜੀਵ ਦੀ) ਫਟੀ ਹੋਈ ਚਿੱਠੀ ਆ ਜਾਏ, (ਤਾਂ ਉਸ ਦਾ ਸੰਸਾਰ ਵਿਚ) ਰਹਿਣਾ ਨਹੀਂ ਹੁੰਦਾ। (ਜੀਵ ਦਾ) ਇਹ ਮਨ ਔਗਣਾਂ ਨਾਲ ਬੱਧਾ ਹੋਇਆ (ਜਦ ਪ੍ਰਲੋਕ ਵਿਚ ਜਾਂਦਾ ਹੈ, ਤਾਂ ਜਮਦੂਤ ਆਖਦੇ ਹਨ ਕਿ ਔਗਣਾਂ ਦਾ ਦੰਡ ਹੁਣ ਅਪਣੇ) ਦੇਹ ਸਰੀਰ ਉਤੇ ਦੁਖ ਸਹਾਰ। (ਪਰ ਮੇਰੇ ਮਨ ਵਿਚ ਭਰੋਸਾ ਹੈ ਕਿ) ਮੈਂ ਫਕੀਰ ਦੇ ਸਾਰੇ ਗੁਨਾਹ ਪੂਰੇ ਗੁਰੂ ਰਾਹੀਂ ਬਖਸ਼ਾਏ ਜਾਣਗੇ; (ਜਿਹੜੇ ਮਨੁੱਖ) ਪੂਰੇ ਗੁਰੂ ਰਾਹੀਂ ਬਖਸ਼ਾਏ ਗਏ ਹਨ, ਉਹ ਸਾਰੇ ਗੁਨਾਹਾਂ ਤੋਂ ਰਹਿਤ ਹੋ ਗਏ ਹਨ (ਫ.ਸ.; ਸੰ.ਸ.; ਗੁ. ਗ੍ਰੰ. ਕੋਸ਼)।੧। (ਹੇ ਭਾਈ! ਗੁਰੂ ਦੇ) ਸ਼ਬਦ ਦੀ ਵਿਚਾਰ ਸਮਝ, (ਕਿ ਸੰਸਾਰ ਵਿਚ ਸਦਾ ਲਈ) ਕਿਵੇਂ ਰਿਹਾ ਜਾ ਸਕਦਾ ਹੈ? (ਚਿੱਠੀ ਆਉਣ ਤੇ ਇਥੋਂ) ਉਠ ਕੇ ਚਲਣਾ ਪੈਣਾ ਹੈ। (ਹੇ ਪ੍ਰਭੂ! ਜੀਵਾਂ ਦੇ ਵਸ ਵਿਚ ਕੀ ਹੈ?) ਜਿਸ ਮਨੁੱਖ ਨੂੰ ਤੂੰ (ਅਪਣੇ ਨਾਲ) ਮਿਲਾ ਲੈਂਦਾ ਹੈਂ, ਉਹ ਤੈਨੂੰ ਮਿਲਦਾ ਹੈ, ਇਹ ਧੁਰੋਂ ਹੀ ਬੇਅੰਤ ਪ੍ਰਭੂ ਦਾ ਹੁਕਮ ਹੁੰਦਾ ਹੈ।੧। ਰਹਾਉ। (ਹੇ ਪ੍ਰਭੂ!) ਜਿਸ ਤਰ੍ਹਾਂ ਤੂੰ ਰੱਖੇਂ, ਮੈਂ ਉਤੇ ਤਰ੍ਹਾਂ ਰਹਾਂ, ਜੋ ਤੂੰ (ਖਾਣ ਲਈ) ਦੇਵੇਂ, ਉਹ ਹੀ ਮੈਂ ਖਾਵਾਂ। ਜਿਵੇਂ ਤੂੰ ਮੈਨੂੰ ਚਲਾਵੇਂ, ਮੈਂ ਉਸੇ ਤਰ੍ਹਾਂ ਚੱਲਾਂ, (ਕ੍ਰਿਪਾ ਕਰ ਕਿ ਤੇਰਾ) ਨਾਮ ਅੰਮ੍ਰਿਤ ਮੇਰੇ ਮੂੰਹ ਵਿਚ ਟਿਕਿਆ ਰਹੇ। ਹੇ ਮੇਰੇ ਮਾਲਕ! ਤੇਰੇ ਹੱਥ ਵਿਚ ਸਾਰੀਆਂ ਵਡਿਆਈਆਂ ਹਨ, ਮੇਰੇ ਮਨ ਵਿਚ ਚਾਉ ਹੈ (ਕਿ ਤੂੰ ਮੈਨੂੰ ਅਪਣੇ ਨਾਲ) ਮਿਲਾ ਲਵੇਂ।੨। (ਹੇ ਭਾਈ! ਪ੍ਰਭੂ ਨੂੰ ਛਡ ਕੇ ਉਸ ਦੇ) ਪੈਦਾ ਕੀਤੇ ਜੀਵ ਨੂੰ ਕੀ ਸਲਾਹੀਏ? ਉਹ (ਪ੍ਰਭੂ ਸਭ ਜੀਵਾਂ ਨੂੰ) ਪੈਦਾ ਕਰਕੇ (ਆਪ ਹੀ ਸਭ ਜੀਵਾਂ ਨੂੰ) ਦੇਖਦਾ (ਸੰਭਾਲਦਾ) ਹੈ। (ਅਰਦਾਸ ਹੈ ਕਿ ਜਗਤ ਨੂੰ) ਜਿਸ ਪ੍ਰਭੂ ਨੇ ਪੈਦਾ ਕੀਤਾ ਹੈ, ਉਹ ਮੇਰੇ ਮਨ ਵਿਚ ਵਸ ਜਾਵੇ, ਮੈਨੂੰ (ਉਸ ਵਰਗਾ) ਹੋਰ ਕੋਈ ਨਹੀਂ ਦਿਸਦਾ। ਉਸ ਸੱਚੇ ਪ੍ਰਭੂ ਨੂੰ ਸਦਾ ਸਲਾਹੁਣਾ ਚਾਹੀਦਾ ਹੈ, (ਜਿਸ ਨੂੰ ਸਲਾਹਿਆਂ) ਸੱਚੀ ਇੱਜਤ ਮਿਲਦੀ ਹੈ।੩। ਪੰਡਤ (ਧਾਰਮਕ ਗ੍ਰੰਥ) ਪੜ ਕੇ (ਉਚੀ ਆਤਮਕ ਅਵਸਥਾ ਤੱਕ) ਨਹੀਂ ਪਹੁੰਚਦਾ, (ਕਿਉਂਕਿ ਉਹ) ਘਰ ਦੇ ਬਹੁਤੇ ਜੰਜਾਲਾਂ ਵਿਚ ਫਸਿਆ ਰਹਿੰਦਾ ਹੈ। ਪਾਪ ਤੇ ਪੁੰਨ ਦੋਵੇਂ (ਉਸ ਦੇ) ਨਾਲ ਹੀ ਰਹਿੰਦੇ ਹਨ, (ਜਿਸ ਕਰਕੇ ਉਹ ਮਾਇਆ ਦੀ) ਭੁਖ ਤੇ ਜਮਕਾਲ ਦੇ ਦੁੱਖਾਂ ਦਾ ਭਾਗੀ ਬਣਦਾ ਹੈ। ਪ੍ਰਭੂ ਦਾ ਡਰ ਅਤੇ ਮੌਤ ਦਾ ਡਰ (ਉਸ ਮਨੁੱਖ ਨੂੰ) ਭੁੱਲ ਜਾਂਦਾ ਹੈ, (ਜਿਸ ਦਾ) ਰਖਵਾਲਾ ਪੂਰਾ ਪ੍ਰਭੂ ਹੁੰਦਾ ਹੈ।੪।

ਪਦਾਰਥ = ਭਇਆ–ਹੋਇਆ। ਧੁਰਿ–ਧੁਰ (ਪ੍ਰਭੂ ਦੀ ਹਜੂਰੀ) ਤੋਂ। ਫਾਟੇ ਚੀਰੈ–ਫਟੀ ਚਿੱਠੀ ਆ ਜਾਏ (ਸਾਡੇ ਦੇਸ਼ ਵਿਚ ਰਿਵਾਜ ਹੈ ਕਿ ਮੌਤ ਦਾ ਸੁਨੇਹਾ ਦੇਣ ਵਾਲੀ ਚਿੱਠੀ ਉਤਲੇ ਸਿਰਿਉਂ ਪਾੜ ਦੇਈਦੀ ਹੈ)। ਅਵਗਣਿ–ਔਗਣਾਂ ਨਾਲ। ਸਹੁ–ਸਹਾਰ। ਦੇਹ ਸਰੀਰੈ –ਦੇਹ ਸਰੀਰ ਉਤੇ। ਗੁਰਿ–ਗੁਰੂ ਰਾਹੀਂ। ਬਖਸਾਈਅਹਿ–ਬਖਸ਼ਾਏ ਜਾਣਗੇ। ਗੁਨਹ–ਗੁਨਾਹ; ਪਾਪ। ਫਕੀਰੈ–ਫਕੀਰ ਦੇ; ਰਹਿਤ ਹੋ ਗਏ।੧। ਕਿਉ ਰਹੀਐ–ਕਿਵੇਂ ਰਿਹਾ ਜਾ ਸਕਦਾ ਹੈ? ਬੁਝੁ–ਸਮਝੋ। ਸੋ–ਉਹ (ਮਨੁੱਖ)। ਧੁਰਿ–ਧੁਰ ਤੋਂ। ਅਪਾਰਾ–ਬੇਅੰਤ ਪ੍ਰਭੂ ਦਾ। ੧। ਰਹਾਉ। ਰਹਾ–ਮੈਂ ਰਹਾਂ। ਦੇਹਿ–ਤੂੰ ਦੇਵੇਂ। ਸੁ ਖਾਉ–ਮੈਂ ਉਹ ਖਾਵਾਂ। ਚਲਾਵਹਿ–ਤੂੰ (ਮੈਨੂੰ) ਚਲਾਵੇਂ। ਚਲਾ–ਮੈਂ ਚੱਲਾਂ। ਮੁਖਿ–ਮੂੰਹ ਵਿਚ। ਮੇਰੇ ਠਾਕੁਰ–ਹੇ ਮੇਰੇ ਮਾਲਕ! ਹਥਿ–ਹਥ ਵਿਚ। ਮੇਲਹਿ–(ਮੈਨੂੰ) ਮਿਲਾ ਲਵੇਂ। ਮਨਿ–ਮਨ ਵਿਚ। ਚਾਉ–ਉਤਸ਼ਾਹ।੨। ਕੀਤਾ–ਪੈਦਾ ਕੀਤੇ ਨੂੰ। ਕਰਿ–ਪੈਦਾ ਕਰਕੇ। ਦੇਖੈ–ਦੇਖਦਾ (ਸੰਭਾਲਦਾ) ਹੈ। ਸੋਈ–ਉਹ (ਪ੍ਰਭੂ)। ਜਿਨਿ–ਜਿਸ ਨੇ। ਕੀਆ–ਪੈਦਾ ਕੀਤਾ ਹੈ। ਮਨਿ–ਮਨ ਵਿਚ। ਅਵਰੁ–ਹੋਰ। ਸਾਚਾ–ਸੱਚੇ ਪ੍ਰਭੂ ਨੂੰ। ਪਤਿ–ਇੱਜਤ।੩। ਪੜਿ–ਪੜ੍ਹ ਕੇ। ਬਹੁ–ਬਹੁਤ। ਆਲ ਜੰਜਾਲਾ– ਘਰ ਦੇ ਜੰਜਾਲਾਂ ਵਿਚ। ਦੁਇ–ਦੋਵੇਂ। ਸੰਗਮੇ–ਨਾਲ। ਖੁਧਿਆ–ਭੁੱਖ। ਜਮ ਕਾਲਾ–ਕਾਲ ਕਰਨ ਵਾਲਾ ਜਮ। ਭਉ–ਡਰ। ਵੀਸਰੈ–ਭੁਲ (ਦੂਰ ਹੋ) ਜਾਂਦਾ ਹੈ। ਰਖਵਾਲਾ–ਰੱਖਿਆ ਕਰਨ ਵਾਲਾ ਪ੍ਰਭੂ।੪।

ਜਿਨ ਕੀ ਲੇਖੈ ਪਤਿ ਪਵੈ, ਸੇ ਪੂਰੇ ਭਾਈ ॥ ਪੂਰੇ ਪੂਰੀ ਮਤਿ ਹੈ, ਸਚੀ ਵਡਿਆਈ ॥ ਦੇਦੇ ਤੋਟਿ ਨ ਆਵਈ, ਲੈ ਲੈ ਥਕਿ ਪਾਈ ॥੫॥ ਖਾਰ ਸਮੁਦ੍ਰੁ ਢੰਢੋਲੀਐ, ਇਕੁ ਮਣੀਆ ਪਾਵੈ ॥ ਦੁਇ ਦਿਨ ਚਾਰਿ ਸੁਹਾਵਣਾ, ਮਾਟੀ ਤਿਸੁ ਖਾਵੈ ॥ ਗੁਰੁ ਸਾਗਰੁ ਸਤਿ

ਸੇਵੀਐ, ਦੇ ਤੋਟਿ ਨ ਆਵੈ ॥੬॥ ਮੇਰੇ ਪ੍ਰਭ ਭਾਵਨਿ ਸੇ ਊਜਲੇ, ਸਭ ਮੈਲੁ ਭਰੀਜੈ ॥ ਮੈਲਾ ਊਜਲੁ ਤਾ ਥੀਐ, ਪਾਰਸ ਸੰਗਿ ਭੀਜੈ ॥ ਵੰਨੀ ਸਾਚੇ ਲਾਲ ਕੀ, ਕਿਨਿ ਕੀਮਤਿ ਕੀਜੈ ॥੭॥ ਭੇਖੀ ਹਾਥ ਨ ਲਭਈ, ਤੀਰਥਿ ਨਹੀ ਦਾਨੇ ॥ ਪੂਛਉ ਬੇਦ ਪੜੰਤਿਆ, ਮੂਠੀ ਵਿਣੁ ਮਾਨੇ ॥ ਨਾਨਕ ਕੀਮਤਿ ਸੋ ਕਰੇ, ਪੂਰਾ ਗੁਰੁ ਗਿਆਨੇ ॥੮॥੬॥ ਹੇ ਭਾਈ! ਉਹ ਪੁਰਖ ਪੂਰਨ ਹਨ, ਜਿਨ੍ਹਾਂ ਦੀ ਇੱਜਤ ਪ੍ਰਭੂ ਦੇ ਲੇਖੇ ਵਿਚ ਪੈਂਦੀ ਹੈ (ਪ੍ਰਵਾਨ ਹੁੰਦੀ ਹੈ। ਅਜੇਹੇ) ਪੂਰੇ ਪੁਰਖ ਦੀ ਅਕਲ ਵੀ ਪੂਰੀ ਹੁੰਦੀ ਹੈ, (ਜਿਸ ਦੇ ਕਾਰਣ ਉਸ ਨੂੰ) ਸੱਚੀ ਵਡਿਆਈ ਮਿਲਦੀ ਹੈ। ਦਾਤਾਂ ਦੇਂਦੇ (ਪ੍ਰਭੂ ਦੇ ਖਜਾਨੇ ਵਿਚ ਕੋਈ) ਤੋਟ ਨਹੀਂ ਆਉਂਦੀ, (ਪਰ ਸਾਰਾ ਜਗਤ ਦਾਤਾਂ) ਲੈ ਲੈ ਕੇ ਥੱਕ ਪੈਂਦਾ ਹੈ।੫। ਜੇ ਖਾਰੇ ਸਮੁੰਦਰ ਨੂੰ ਖੋਜੀਏ, (ਤਾਂ ਹੋ ਸਕਦਾ ਹੈ ਕਿ ਕੋਈ) ਇਕ ਰਤਨ ਪ੍ਰਾਪਤ ਹੋ ਜਾਵੇ। (ਉਹ ਰਤਨ) ਦੋ ਚਾਰ ਦਿਨ ਹੀ ਸੋਹਣਾ ਰਹਿੰਦਾ ਹੈ, ਫਿਰ ਉਸ ਨੂੰ ਮਿੱਟੀ ਖਾ ਜਾਂਦੀ ਹੈ (ਨਾਸ਼ ਹੋ ਜਾਂਦਾ ਹੈ। ਪਰ ਜੇ) ਸੱਚੇ ਗੁਰੂ ਸਮੁੰਦਰ ਦੀ ਸੇਵਾ ਕਰੀਏ (ਜਿਸ ਵਿਚ ਬੇਅੰਤ ਰਤਨ ਹਨ, ਗੁਰੂ ਅਜੇਹਾ ਨਾਮ ਰੂਪ ਰਤਨ) ਦੇਂਦਾ ਹੈ, (ਜਿਸ ਦੀ ਕਦੇ) ਤੋਟ ਨਹੀਂ ਆਉਂਦੀ।੬। (ਜਿਹੜੇ ਮਨੁੱਖ) ਮੇਰੇ ਪ੍ਰਭੂ ਨੂੰ ਚੰਗੇ ਲਗਦੇ ਹਨ, ਉਹ ਉਜਲ ਹਨ, ਹੋਰ ਸਾਰੇ ਜੀਵ (ਵਿਕਾਰਾਂ ਦੀ) ਮੈਲ ਨਾਲ ਭਰੇ ਹੋਏ ਹਨ। ਮੈਲਾ ਮਨੁੱਖ ਉਜਲ ਤਾਂ ਹੁੰਦਾ ਹੈ, (ਜੇ ਉਹ) ਗੁਰੂ ਰੂਪ ਪਾਰਸ ਨਾਲ ਰਹਿ ਕੇ (ਨਾਮ ਅੰਮ੍ਰਿਤ ਨਾਲ) ਭਿੱਜ ਜਾਵੇ। (ਜਿਸ ਮਨੁੱਖ ਨੂੰ) ਨਾਮ ਰੂਪ ਸੱਚੇ ਲਾਲ ਦੀ ਪ੍ਰਾਪਤੀ ਹੋਣ ਨਾਲ ਜੋ ਰੰਗ ਚੜ੍ਹਦਾ ਹੈ, (ਉਸ ਦੀ) ਕੀਮਤ ਕਿਸ ਮਨੁੱਖ ਤੋਂ ਕੀਤੀ ਜਾ ਸਕਦੀ ਹੈ? (ਉਸ ਮਨੁੱਖ ਵਰਗਾ ਕੋਈ ਨਹੀਂ ਹੈ)।੭। ਭੇਖਾਂ ਦੇ ਧਾਰਨ ਨਾਲ, ਤੀਰਥਾਂ ਤੇ ਇਸ਼ਨਾਨ ਅਤੇ ਦਾਨ ਕੀਤਿਆਂ ਨਾਮ ਰਤਨ ਦੀ ਥਾਹ ਨਹੀਂ ਲੱਭੀ ਜਾ ਸਕਦੀ। ਮੈਂ ਬੇਦ ਪੜ੍ਹਨ ਵਾਲੇ ਪੰਡਤਾਂ ਨੂੰ (ਇਸ ਦਾ ਭੇਦ) ਪੁੱਛਦਾ ਹਾਂ (ਪਰ ਉਨ੍ਹਾਂ ਨੂੰ ਇਸ ਦਾ ਪਤਾ ਨਹੀਂ, ਕਿਉਂਕਿ ਨਾਮ ਨੂੰ) ਮੰਨਣ ਤੋਂ ਬਿਨਾ ਸਾਰੀ ਦੁਨੀਆਂ (ਕਾਮਾਦਿਕਾਂ ਵੱਲੋਂ) ਠੱਗੀ ਜਾ ਰਹੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਦੀ ਕਦਰ ਉਹ ਮਨੁੱਖ ਕਰਦਾ ਹੈ, (ਜਿਸ ਨੂੰ) ਪੂਰਾ ਗੁਰੂ ਗਿਆਨ ਬਖਸ਼ਦਾ ਹੈ।੮।੬।

ਪਦਾਰਥ = ਜਿਨ ਕੀ–ਜਿਨ੍ਹਾਂ ਦੀ। ਪਤਿ–ਇੱਜਤ। ਲੇਖੈ ਪਵੈ–ਲੇਖੇ ਵਿਚ ਪੈਂਦੀ (ਪ੍ਰਵਾਨ ਹੁੰਦੀ) ਹੈ। ਸੇ–ਉਹ (ਪੁਰਖ)। ਪੂਰੇ–ਪੂਰੇ (ਗੁਣਵਾਨ) ਹਨ। ਭਾਈ–ਹੇ ਭਾਈ!। ਦੇਦੇ–ਦਾਤਾਂ ਦੇਂਦਿਆਂ; ਦੇ ਦੇ ਕੇ। ਤੋਟਿ–ਘਾਟਾ। ਥਕਿ ਪਾਈ–ਥੱਕ ਪੈਂਦਾ ਹੈ।੫। ਖਾਰ ਸਮੁੰਦ੍ਰ–ਖਾਰਾ ਸਮੁੰਦਰ। ਢੰਢੋਲੀਐ–ਖੋਜੀਏ। ਮਣੀਆ–ਰਤਨ। ਸੁਹਾਵਣਾ–ਸੋਹਣਾ ਰਹਿੰਦਾ ਹੈ। ਤਿਸੁ–ਉਸ (ਰਤਨ) ਨੂੰ। ਗੁਰ ਸਾਗਰੁ ਸਤਿ–ਸੱਚੇ ਗੁਰੂ ਸਮੁੰਦਰ ਨੂੰ। ਸੇਵੀਐ–ਸੇਵਾ ਕਰੀਏ। ਦੇ–ਦੇਂਦਾ ਹੈ।੬। ਭਾਵਨਿ–ਚੰਗੇ ਲਗਦੇ ਹਨ। ਊਜਲੇ–ਸਾਫ ਸੁਥਰੇ; ਪਵਿਤ੍ਰ। ਭਰੀਜੈ–ਭਰੇ ਹੋਏ ਹਨ। ਥੀਐ–ਹੁੰਦਾ ਹੈ। ਸੰਗਿ–ਨਾਲ। ਭੀਜੈ–ਭਿੱਜ ਜਾਵੇ। ਵੰਨੀ–ਰੰਗ। ਸਾਚੇ ਲਾਲ ਕੀ–ਸੱਚੇ ਲਾਲ ਰੂਪ ਨਾਮ ਦੀ। ਕਿਨਿ–ਕਿਸ ਤੋਂ। ਕੀਜੈ–ਕੀਤੀ ਜਾ ਸਕਦੀ ਹੈ।੭। ਭੇਖ–ਭੇਖ ਧਾਰਨ ਨਾਲ। ਹਾਥ ਨ ਲਭਈ–ਡੂੰਘਾਈ ਦਾ ਅੰਤ ਨਹੀਂ ਲਭਦਾ। ਤੀਰਥਿ–ਤੀਰਥਾਂ ਤੇ ਇਸ਼ਨਾਨ ਕੀਤਿਆਂ। ਦਾਨੇ–ਦਾਨ ਪੁੰਨ ਕੀਤਿਆਂ। ਪੂਛਉ–ਮੈਂ ਪੁੱਛਦਾ ਹਾਂ। ਪੜੰਤਿਆ–ਪੜ੍ਹਨ ਵਾਲਿਆਂ ਨੂੰ। ਮੂਠੀ–ਠੱਗੀ ਜਾ ਰਹੀ ਹੈ। ਵਿਣੁ ਮਾਨੇ–ਮੰਨਣ ਤੋਂ ਬਿਨਾ। ਕੀਮਤਿ–ਕਦਰ। ਕਰੇ–ਕਰਦਾ ਹੈ।੮।੬।

ਮਾਰੂ ਮਹਲਾ ੧ ॥ ਮਨਮੁਖੁ ਲਹਰਿ ਘਰੁ ਤਜਿ ਵਿਗੂਚੈ, ਅਵਰਾ ਕੇ ਘਰ ਹੇਰੈ ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ, ਦੁਰਮਤਿ ਘੂਮਨ ਘੇਰੈ ॥ ਦਿਸੰਤਰੁ ਭਵੈ ਪਾਠ ਪੜਿ ਥਾਕਾ, ਤ੍ਰਿਸਨਾ ਹੋਇ ਵਧੇਰੈ ॥ ਕਾਚੀ ਪਿੰਡੀ ਸਬਦੁ ਨ ਚੀਨੈ, ਉਦਰੁ ਭਰੈ ਜੈਸੇ ਢੋਰੈ ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ ॥ ਗੁਰ ਕੈ ਸਬਦਿ ਏਕ ਲਿਵ ਲਾਗੀ, ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ਰਹਾਉ॥ ਘੋਲੀ ਗੇਰੂ ਰੰਗੁ ਚੜਾਇਆ, ਵਸਤ੍ਰ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ, ਝੋਲੀ ਮਾਇਆ ਧਾਰੀ ॥ ਘਰਿ ਘਰਿ ਮਾਗੈ ਜਗੁ ਪਰਬੋਧੈ, ਮਨਿ ਅੰਧੈ ਪਤਿ ਹਾਰੀ ॥ ਭਰਮਿ ਭੁਲਾਣਾ ਸਬਦੁ ਨ ਚੀਨੈ, ਜੂਐ ਬਾਜੀ ਹਾਰੀ ॥੨॥ ਮਨਮੁਖ ਬੰਦਾ (ਕਿਸੇ ਜੋਸ਼ ਜਾਂ ਝੂਠੇ ਵੈਰਾਗ ਦੀ) ਲਹਿਰ ਵਿਚ ਆ ਕੇ ਘਰ (ਗ੍ਰਿਹਸਤ) ਛਡ ਕੇ ਖੁਆਰ ਹੁੰਦਾ ਹੈ, (ਮੁੜ ਪੇਟ ਭਰਨ ਲਈ) ਹੋਰਨਾਂ ਦੇ ਘਰ ਤੱਕਦਾ ਹੈ। (ਉਹ) ਗ੍ਰਿਹਸਤ ਧਰਮ ਨੂੰ ਗਵਾ ਲੈਂਦਾ ਹੈ ਅਤੇ ਸਤਿਗੁਰੂ ਨੂੰ ਨਾ ਮਿਲਣ ਕਰਕੇ ਖੋਟੀ ਮੱਤ ਦੀ ਘੁੰਮਣ ਘੇਰੀ ਵਿਚ ਪਿਆ ਰਹਿੰਦਾ ਹੈ। (ਉਹ) ਦੇਸ਼ ਅੰਦਰ ਫਿਰਦਾ ਹੈ, (ਧਰਮ ਗ੍ਰੰਥਾਂ ਦੇ) ਪਾਠ ਪੜ੍ਹ ਪੜ੍ਹ ਕੇ ਥੱਕ ਚੁੱਕਾ ਹੈ, (ਉਸ ਦੀ ਮਾਇਆ ਵਾਸਤੇ) ਤ੍ਰਿਸ਼ਨਾ ਹੋਰ ਵਧ ਹੁੰਦੀ ਜਾਂਦੀ ਹੈ। (ਉਹ ਥੋੜਾ ਚਿਰ ਰਹਿਣ ਵਾਲੇ) ਕੱਚੇ ਸਰੀਰ ਵਿਚ ਰਹਿ ਕੇ ਗੁਰੂ ਦੇ ਸ਼ਬਦ ਨੂੰ ਨਹੀਂ ਸਮਝਦਾ ਅਤੇ ਪਸ਼ੂਆਂ ਵਾਂਗ ਪੇਟ ਭਰਦਾ ਹੈ (ਰੂਹਾਨੀ ਜੀਵਨ ਵੱਲ ਧਿਆਨ ਨਹੀਂ ਦੇਂਦਾ)।੧। ਹੇ ਭਾਈ! ਅਸਲ ਸੰਨਿਆਸੀ ਉਹ ਹੈ, ਜੋ ਅਜੇਹੀ ਰਹਿਣੀ ਰਹੇ (ਅਜੇਹਾ ਜੀਵਨ ਜੀਵੇ। ਕਿ ਉਸ ਦੀ) ਗੁਰੂ ਦੇ ਸ਼ਬਦ ਵਿਚ ਜੁੜ ਕੇ ਇਕ ਪ੍ਰਭੂ ਨਾਲ ਲਿਵ ਲਗ ਜਾਵੇ ਅਤੇ (ਹੇ ਪ੍ਰਭੂ! ਉਹ ਅਪਣੇ ਮਨ ਨੂੰ) ਤੇਰੇ ਨਾਮ ਵਿਚ ਰੰਗ ਕੇ ਤ੍ਰਿਪਤ ਹੋ ਜਾਵੇ।੧।ਰਹਾਉ। ਗੇਰੂ (ਲਾਲ) ਰੰਗ ਘੋਲ ਕੇ ਸੰਨਿਆਸੀ ਅਪਣੇ ਕਪੜਿਆਂ ਤੇ ਰੰਗ ਚੜ੍ਹਾ ਲੈਂਦਾ ਹੈ ਅਤੇ ਭੇਖ ਧਾਰੀਆਂ ਵਾਲੇ ਕੱਪੜੇ ਪਹਿਨ ਕੇ ਭਿਖਾਰੀ ਬਣ ਜਾਂਦਾ ਹੈ। (ਉਸ ਨੇ) ਕਪੜੇ ਪਾੜ ਕੇ

ਗੋਦੜੀ ਬਣਾ ਲਈ ਅਤੇ ਮਾਇਆ ਰੱਖਣ ਵਾਸਤੇ ਝੋਲੀ ਬਣਾ ਰੱਖੀ ਹੈ।(ਆਪ ਤਾਂ ਉਹ) ਘਰ ਘਰ ਮੰਗਦਾ ਫਿਰਦਾ ਹੈ, ਜਗਤ ਨੂੰ (ਸੱਤ ਧਰਮ ਦਾ) ਉਪਦੇਸ਼ ਦੇਂਦਾ ਹੈ, (ਇਉਂ) ਮਨ ਦੇ ਅੰਨ੍ਹੇ ਨੇ ਅਪਣੀ ਇੱਜਤ ਗਵਾ ਲਈ ਹੈ।(ਉਹ) ਭਰਮ ਵਿਚ ਭੁੱਲਿਆ ਹੋਇਆ ਗੁਰੂ ਦੇ ਸ਼ਬਦ ਨੂੰ ਨਹੀਂ ਸਮਝਦਾ, (ਉਸ ਨੇ ਜੁਆਰੀਏ ਵਾਂਗ ਜੀਵਨ ਬਾਜੀ) ਜੂਏ ਵਿਚ ਹਾਰ ਦਿਤੀ ਹੈ।੨।

ਅੰਗ ੧੦੧੩ = ਅੰਤਰਿ ਅਗਨਿ ਨ ਗੁਰ ਬਿਨੁ ਬੂਝੈ, ਬਾਹਰਿ ਪੂਅਰ ਤਾਪੈ ॥ ਗੁਰ ਸੇਵਾ ਬਿਨੁ ਭਗਤਿ ਨ ਹੋਵੀ, ਕਿਉ ਕਰਿ ਚੀਨਸਿ ਆਪੈ ॥ ਨਿੰਦਾ ਕਰਿ ਕਰਿ ਨਰਕ ਨਿਵਾਸੀ, ਅੰਤਰਿ ਆਤਮ ਜਾਪੈ ॥ ਅਠਸਠਿ ਤੀਰਥ ਭਰਮਿ ਵਿਗੂਚਹਿ, ਕਿਉ ਮਲੁ ਧੋਪੈ ਪਾਪੈ ॥੩॥ ਛਾਣੀ ਖਾਕੁ ਬਿਭੂਤ ਚੜਾਈ, ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ, ਸਾਚੇ ਕਹੇ ਤੇ ਛੋਹੈ ॥ ਪਾਠੁ ਪੜੈ ਮੁਖਿ ਝੂਠੋ ਬੋਲੈ, ਨਿਗੁਰੇ ਕੀ ਮਤਿ ਓਹੈ ॥ ਨਾਮੁ ਜਪਈ ਕਿਉ ਸੁਖੁ ਪਾਵੈ, ਬਿਨੁ ਨਾਵੈ ਕਿਉ ਸੋਹੈ ॥੪॥ (ਉਸ ਮਨਮੁਖ ਦੇ) ਅੰਦਰ ਤ੍ਰਿਸ਼ਨਾ ਦੀ ਅੱਗ ਹੈ, ਜੋ ਗੁਰੂ ਤੋਂ ਬਿਨਾ ਨਹੀਂ ਬੁਝ ਸਕਦੀ, (ਪਰ) ਬਾਹਰ ਧੂਣੀਆਂ ਤਪਾਉਂਦਾ ਹੈ।ਗੁਰੂ ਦੀ ਸੇਵਾ ਤੋਂ ਬਿਨਾ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ, (ਗੁਰੂ ਤੋਂ ਬਿਨਾ ਉਹ) ਅਪਣੇ ਆਪ ਨੂੰ ਕਿਵੇਂ ਸਮਝ ਸਕੇਗਾ? (ਉਸ ਦੇ) ਹਿਰਦੇ ਅੰਦਰ ਤ੍ਰਿਸ਼ਨਾ ਦੀ ਅੱਗ ਜਾਪਦੀ ਹੈ; ਅਗਿਆਨਤਾ ਦਾ ਗਾੜ੍ਹਾ ਹਨ੍ਹੇਰਾ ਜਾਪਦਾ ਹੈ, (ਜਿਸ ਕਰਕੇ ਉਹ ਗ੍ਰਿਹਸਤ ਦੀ) ਨਿੰਦਾ ਕਰ ਕਰਕੇ ਨਰਕ ਦਾ ਨਿਵਾਸੀ ਬਣ ਰਿਹਾ ਹੈ।(ਮਨਮੁਖ ਬੰਦੇ) ਅਠਾਹਠ ਤੀਰਥਾਂ ਤੇ ਘੁੰਮ ਫਿਰ ਕੇ ਖੱਜਲ ਖੁਆਰ ਹੁੰਦੇ ਹਨ, ਪਾਪਾਂ ਦੀ ਮੈਲ (ਇਸ ਤਰ੍ਹਾਂ) ਕਿਵੇਂ ਧੋਤੀ ਜਾ ਸਕਦੀ ਹੈ? (ਧੋਤੀ ਨਹੀਂ ਜਾ ਸਕਦੀ)।੩।(ਸੰਨਿਆਸੀ ਬਾਹਰ) ਮਿੱਟੀ ਛਾਣਦਾ ਹੈ ਤੇ ਸਰੀਰ ਤੇ ਸੁਆਹ ਮਲਦਾ ਹੈ, (ਪਰ ਮਨ ਵਿਚ) ਮਾਇਆ ਦਾ ਰਸਤਾ ਤੱਕਦਾ ਰਹਿੰਦਾ ਹੈ।(ਪ੍ਰਭੂ ਜੋ ਸਰੀਰ ਦੇ) ਅੰਦਰ ਤੇ ਬਾਹਰ ਹੈ, ਉਸ ਇਕ ਪ੍ਰਭੂ ਨੂੰ ਨਹੀਂ ਜਾਣਦਾ, (ਜੇ ਕੋਈ ਮਨੁੱਖ ਉਸ ਨੂੰ ਇਹ) ਸੱਚੀ ਗੱਲ ਕਹਿੰਦਾ ਹੈ, ਤਾਂ (ਉਹ) ਗੁੱਸਾ ਕਰਦਾ ਹੈ।(ਉਹ ਧਰਮ ਗ੍ਰੰਥਾਂ ਦਾ) ਪਾਠ ਪੜ੍ਹਦਾ ਹੈ, (ਪਰ) ਮੂੰਹੋਂ ਝੂਠ ਬੋਲਦਾ ਹੈ, (ਇਸ) ਨਿਗੁਰੇ ਦੀ ਅਕਲ ਉਹ (ਪਹਿਲਾਂ ਵਾਲੀ) ਹੀ ਹੈ (ਉਸ ਨੇ ਸੰਨਿਆਸੀ ਬਣ ਕੇ ਵੀ ਅਪਣਾ ਜੀਵਨ ਬਦਲਿਆ ਨਹੀਂ)।ਪ੍ਰਭੂ ਦਾ ਨਾਮ (ਤਾਂ ਉਹ) ਜਪਦਾ ਨਹੀਂ, (ਫਿਰ ਉਹ) ਸੁਖ ਕਿਵੇਂ ਪਾਵੇ, ਨਾਮ ਤੋਂ ਬਿਨਾ (ਲੋਕ ਪ੍ਰਲੋਕ ਵਿਚ) ਕਿਵੇਂ ਸੋਭਾ ਪਾ ਸਕਦਾ ਹੈ? (ਨਹੀਂ ਪਾ ਸਕਦਾ)।੪।

ਪਦਾਰਥ = ਮਨਮੁਖੁ–ਮਨ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ।ਲਹਰਿ–(ਕਿਸੇ ਜੋਸ਼ ਜਾਂ ਵੈਰਾਗ ਦੀ) ਲਹਿਰ ਵਿਚ ਆ ਕੇ।ਘਰੁ–ਘਰ (ਗ੍ਰਿਹਸਤ)।ਤਜਿ–ਛਡ ਕੇ।ਵਿਗੂਚੈ–ਖੁਆਰ ਹੁੰਦਾ ਹੈ।ਅਵਰਾ ਕੇ–ਹੋਰਨਾਂ ਦੇ।ਹੇਰੈ–ਦੇਖਦਾ ਹੈ।ਗ੍ਰਿਹ ਧਰਮ–ਗ੍ਰਿਹਸਤ ਧਰਮ।ਗਵਾਏ–ਗਵਾ (ਛਡ) ਦੇਂਦਾ ਹੈ।ਨ ਭੇਟੈ–ਨਹੀਂ ਮਿਲਦਾ।ਦੁਰਮਤਿ–ਖੋਟੀ ਮੱਤ।ਘੂਮਨ ਘੇਰੈ–ਘੁਮਣ ਘੇਰੀ ਵਿਚ।ਦਿਸੰਤਰਿ–ਦੇਸ਼ ਅੰਦਰ।ਭਵੈ–ਫਿਰਦਾ ਹੈ।ਪੜਿ–ਪੜ੍ਹ ਕੇ।ਥਾਕਾ–ਥੱਕ ਜਾਂਦਾ ਹੈ।ਹੋਇ ਵਧੇਰੈ–ਵਧ ਹੁੰਦੀ ਜਾਂਦੀ ਹੈ।ਕਾਚੀ ਪਿੰਡੀ–ਕੱਚੇ (ਨਾਸ਼ਵੰਤ) ਸਰੀਰ ਵਿਚ।ਨ ਚੀਨੈ–ਨਹੀਂ ਸਮਝਦਾ।ਉਦਰੁ–ਪੇਟ।ਜੈਸੇ ਢੋਰੈ–ਪਸ਼ੂਆਂ ਵਾਂਗ।੧।ਬਾਬਾ–ਹੇ ਭਾਈ!।ਰਵਤ ਰਵੈ–ਰਹਿਤ ਰਹੇ (ਦਰਪਣ; ਫ.ਸ.; ਸੰ.ਸ.)।ਸਬਦਿ–ਸ਼ਬਦ ਵਿਚ ਜੁੜ ਕੇ।ਏਕ–ਇਕ ਪ੍ਰਭੂ ਨਾਲ।ਨਾਮਿ ਰਤੇ–ਨਾਮ ਵਿਚ ਰੰਗ ਕੇ।ਤ੍ਰਿਪਤਾਸੀ–ਰੱਜ ਜਾਵੇ।੧।ਰਹਾਉ।ਘੋਲੀ ਗੇਰੂ–ਲਾਲ ਰੰਗ ਘੋਲ ਕੇ।ਵਸਤ੍ਰ–ਕੱਪੜੇ।ਭੇਖ–ਸਾਧੂਆਂ ਵਾਲਾ ਪਹਿਰਾਵਾ।ਭੇਖਾਰੀ–ਮੰਗਤਾ।ਫਾਰਿ–ਪਾੜ ਕੇ।ਖਿੰਥਾ–ਗੋਦੜੀ।ਮਾਇਆ ਧਾਰੀ–ਮਾਇਆ ਰੱਖਣ ਵਾਸਤੇ।ਮਾਗੈ–ਮੰਗਦਾ ਹੈ।ਜਗੁ ਪਰਬੋਧੈ–ਜਗਤ ਨੂੰ ਉਪਦੇਸ਼ ਦੇਂਦਾ ਹੈ।ਮਨਿ ਅੰਧੈ–ਮਨ ਦੇ ਅੰਨ੍ਹੇ ਨੇ।ਪਤਿ ਹਾਰੀ–ਇੱਜਤ ਗਵਾ ਲਈ।ਭਰਮਿ ਭੁਲਾਣਾ–ਭਰਮ ਵਿਚ ਭੁੱਲਿਆ (ਭਰਮ ਕਰਕੇ ਕੁਰਾਹੇ ਪਿਆ) ਹੋਇਆ।ਜੂਐ–ਜੂਏ ਵਿਚ।੨।ਅੰਤਰਿ–ਹਿਰਦੇ ਅੰਦਰ।ਨ ਬੂਝੈ–ਨਹੀਂ ਬੁਝਦੀ।ਪੂਅਰ ਤਾਪੈ–ਧੂਣੀਆਂ ਤਪਾਉਂਦਾ ਹੈ।ਚੀਨਸਿ–ਸਮਝੇਗਾ।ਆਪੈ–ਅਪਣੇ ਆਪ ਨੂੰ।ਆ ਤਮ–ਅਗਿਆਨਤਾ ਦਾ ਹਨ੍ਹੇਰਾ (ਕਿਸੇ ਕਿਸੇ ਬੀੜ ਵਿਚ ਪਾਠ 'ਆਤਸ' ਹੈ, ਫਿਰ ਅਰਥ ਹੋਵੇਗਾ ਤ੍ਰਿਸ਼ਨਾ ਦੀ ਅੱਗ)।ਜਾਪੈ–ਜਾਪਦਾ ਹੈ; ਪ੍ਰਤੀਤ ਹੁੰਦਾ ਹੈ।ਅਠਸਠਿ–ਅਠਾਹਠ।ਭਰਮਿ–ਘੁੰਮ ਫਿਰ ਕੇ।ਵਿਗੂਚਹਿ–ਖੁਆਰ ਹੁੰਦੇ ਹਨ।ਮਲੁ–ਮੈਲ।ਪਾਪੈ–ਪਾਪਾਂ ਦੀ।੩।ਬਿਭੂਤ ਚੜਾਈ–ਸੁਆਹ ਮਲਦਾ ਹੈ।ਮਗੁ–ਰਸਤਾ।ਜੋਹੈ–ਦੇਖਦਾ ਹੈ।ਛੋਹੈ–ਗੁੱਸਾ ਕਰਦਾ ਹੈ।ਮੁਖਿ–ਮੂਹੋਂ।ਮਤਿ–ਅਕਲ।ਓਹੈ–ਉਹ ਹੀ (ਪਹਿਲਾਂ ਵਾਲੀ)।ਸੋਹੈ–ਸੋਭਾ ਪਾ ਸਕਦਾ ਹੈ।੪।

ਮੂੰਡੁ ਮੁਡਾਇ ਜਟਾ ਸਿਖ ਬਾਧੀ, ਮੋਨਿ ਰਹੈ ਅਭਿਮਾਨਾ ॥ ਮਨੂਆ ਡੋਲੈ ਦਹ ਦਿਸ ਧਾਵੈ, ਬਿਨੁ ਰਤ ਆਤਮ ਗਿਆਨਾ ॥ ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ, ਮਾਇਆ ਕਾ ਦੇਵਾਨਾ ॥ ਕਿਰਤੁ ਨ ਮਿਟਈ ਹੁਕਮੁ ਨ ਬੂਝੈ, ਪਸੂਆ ਮਾਹਿ ਸਮਾਨਾ ॥੫॥ ਹਾਥ ਕਮੰਡਲੁ ਕਾਪੜੀਆ, ਮਨਿ ਤ੍ਰਿਸਨਾ ਉਪਜੀ ਭਾਰੀ ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ, ਚਿਤੁ ਲਾਇਆ ਪਰ ਨਾਰੀ ॥ ਸਿਖ ਕਰੇ ਕਰਿ ਸਬਦੁ ਨ ਚੀਨੈ, ਲੰਪਟੁ ਹੈ ਬਾਜਾਰੀ ॥ ਅੰਤਰਿ ਬਿਖੁ ਬਾਹਰਿ ਨਿਭਰਾਤੀ, ਤਾ ਜਮੁ ਕਰੇ ਖੁਆਰੀ ॥੬॥ ਸੋ ਸੰਨਿਆਸੀ ਜੋ ਸਤਿਗੁਰ ਸੇਵੈ, ਵਿਚਹੁ ਆਪੁ ਗਵਾਏ ॥ ਛਾਦਨ ਭੋਜਨ ਕੀ ਆਸ ਨ ਕਰਈ, ਅਚਿੰਤੁ ਮਿਲੈ ਸੋ ਪਾਏ ॥ ਬਕੈ ਨ ਬੋਲੈ ਖਿਮਾ ਧਨੁ

ਸੰਗ੍ਰਹੈ, ਤਾਮਸੁ ਨਾਮਿ ਜਲਾਏ ॥ ਧਨੁ ਗਿਰਹੀ ਸੰਨਿਆਸੀ ਜੋਗੀ, ਜਿ ਹਰਿ ਚਰਣੀ ਚਿਤੁ ਲਾਏ ॥੭॥ ਆਸ ਨਿਰਾਸ ਰਹੈ ਸੰਨਿਆਸੀ ,ਏਕਸੁ ਸਿਉ ਲਿਵ ਲਾਏ ॥ ਹਰਿ ਰਸੁ ਪੀਵੈ ਤਾ ਸਾਤਿ ਆਵੈ, ਨਿਜ ਘਰਿ ਤਾੜੀ ਲਾਏ ॥ ਮਨੂਆ ਨ ਡੋਲੈ ਗੁਰਮੁਖਿ ਬੂਝੈ, ਧਾਵਤੁ ਵਰਜਿ ਰਹਾਏ ॥ ਗ੍ਰਿਹੁ ਸਰੀਰੁ ਗੁਰਮਤੀ ਖੋਜੇ, ਨਾਮੁ ਪਦਾਰਥੁ ਪਾਏ ॥੮॥ ਬ੍ਰਹਮਾ ਬਿਸਨੁ ਮਹੇਸੁ ਸਰੇਸਟ, ਨਾਮਿ ਰਤੇ ਵੀਚਾਰੀ ॥ ਖਾਣੀ ਬਾਣੀ ਗਗਨ ਪਤਾਲੀ, ਜੰਤਾ ਜੋਤਿ ਤੁਮਾਰੀ ॥ ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ, ਸਚੁ ਨਾਮੁ ਉਰ ਧਾਰੀ ॥ ਨਾਮ ਬਿਨਾ ਨਹੀ ਛੂਟਸਿ ਨਾਨਕ, ਸਾਚੀ ਤਰੁ ਤੂ ਤਾਰੀ ॥੯॥੭॥ (ਕੋਈ ਮਨੁੱਖ) ਸਿਰ ਮੁਨਾ ਕੇ (ਸੰਨਿਆਸੀ ਬਣ ਜਾਂਦਾ ਹੈ, ਕੋਈ) ਜਟਾਵਾਂ ਦਾ ਜੂੜਾ ਸਿਰ ਉਤੇ ਬੰਨ੍ਹ ਲੈਂਦਾ ਹੈ ਅਤੇ ਕੋਈ ਮੋਨ ਧਾਰ ਕੇ ਹੰਕਾਰੀ ਬਣਿਆ ਰਹਿੰਦਾ ਹੈ। ਆਤਮ ਗਿਆਨ ਦੇ ਪਿਆਰ ਤੋਂ ਬਿਨਾ (ਉਸ ਦਾ) ਮਨ ਡੋਲਦਾ ਹੈ ਅਤੇ (ਮਾਇਆ ਵਾਸਤੇ) ਦਸੇ ਦਿਸ਼ਾਵਾਂ ਵੱਲ ਦੌੜਦਾ ਹੈ। (ਉਹ) ਮਾਇਆ ਦਾ ਦਿਵਾਨਾ ਬਣ ਕੇ ਨਾਮ ਅੰਮ੍ਰਿਤ ਨੂੰ ਛਡ ਕੇ ਮਾਇਆ ਰੂਪ ਮਾਰੂ ਜਹਿਰ ਪੀਂਦਾ ਹੈ। (ਉਸ ਦੀ) ਪਿਛਲੇ ਜਨਮਾਂ ਦੇ ਕੀਤੇ ਕਰਮਾਂ ਤੋਂ ਬਣਿਆ ਸੁਭਾਵ ਮਿਟਦਾ ਨਹੀਂ, (ਇਸ ਸੁਭਾਵ ਕਰਕੇ ਉਹ) ਪ੍ਰਭੂ ਦਾ ਹੁਕਮ ਨਹੀਂ ਸਮਝਦਾ ਅਤੇ ਪਸ਼ੂਆਂ ਵਿਚ ਸ਼ਾਮਲ ਹੈ (ਕਿਉਂਕਿ ਸੁਭਾਵ ਪਸ਼ੂਆਂ ਵਾਲਾ ਹੈ)।੫। ਹੱਥ ਵਿਚ ਉਹ ਚਿੱਪੀ ਫੜ ਲੈਂਦਾ ਹੈ, ਸਰੀਰ ਉਤੇ ਟਾਕੀਆਂ ਵਾਲਾ ਚੋਲਾ ਪਹਿਨ ਲੈਂਦਾ ਹੈ, (ਪਰ) ਮਨ ਵਿਚ ਭਾਰੀ ਤ੍ਰਿਸ਼ਨਾ ਪੈਦਾ ਹੋਈ ਰਹਿੰਦੀ ਹੈ। ਅਪਣੀ ਇਸਤ੍ਰੀ ਛਡ ਕਰਕੇ (ਬਣਿਆ ਸੰਨਿਆਸੀ) ਕਾਮ ਵਾਸ਼ਨਾ ਵਿਚ ਫਸਿਆ ਹੋਇਆ ਹੈ ਅਤੇ ਪਰਾਈ ਇਸਤ੍ਰੀ ਨਾਲ ਚਿਤ ਲਾਇਆ ਹੋਇਆ ਹੈ। ਚੇਲੇ ਬਣਾਉਂਦਾ ਹੈ; ਹੋਰਨਾਂ ਲੋਕਾਂ ਨੂੰ ਉਪਦੇਸ ਕਰਦਾ ਹੈ, (ਪਰ ਆਪ ਗੁਰੂ ਦਾ) ਸ਼ਬਦ ਸਮਝਦਾ ਨਹੀਂ ਅਤੇ ਸੰਸਾਰੀ ਪਦਾਰਥਾਂ ਵਿਚ ਖਚਿੱਤ ਹੈ। (ਉਸ ਦੇ) ਅੰਦਰ ਮਾਇਆ ਰੂਪ ਜਹਿਰ ਹੈ, ਬਾਹਰੋਂ ਸ਼ਾਂਤੀ ਧਾਰਨ ਕੀਤੀ ਹੋਈ ਹੈ; ਬਾਹਰੋਂ ਅਪਣੇ ਆਪ ਨੂੰ ਭਰਮ ਰਹਿਤ ਜਣਾਉਂਦਾ ਹੈ, ਇਸ ਲਈ ਉਸ ਨੂੰ ਜਮ ਖੁਆਰ (ਦੁਖੀ) ਕਰੇਗਾ ।੬। (ਅਸਲ) ਸੰਨਿਆਸੀ ਉਹ ਹੈ, ਜੋ ਸਤਿਗੁਰੂ ਦੀ ਸੇਵਾ ਕਰਦਾ ਹੈ ਅਤੇ (ਅਪਣੇ) ਮਨ ਵਿਚੋਂ ਆਪਾ ਭਾਵ ਗਵਾ ਦੇਂਦਾ ਹੈ। (ਫਿਰ ਉਹ) ਬਸਤਰ ਤੇ ਭੋਜਨ ਦੀ ਆਸ ਨਹੀਂ ਕਰਦਾ, ਜੋ ਅਚਨਚੇਤ (ਅਪਣੇ ਆਪ) ਮਿਲੇ, ਉਹ ਹੀ ਪ੍ਰਾਪਤ ਕਰਦਾ ਹੈ। (ਉਹ) ਬਕਵਾਸ ਨਹੀਂ ਬੋਲਦਾ, ਖਿਮਾ ਰੂਪ ਧਨ ਇਕੱਠਾ ਕਰਦਾ ਹੈ ਅਤੇ ਨਾਮ ਸਿਮਰਨ ਦੁਆਰਾ ਤਾਮਸੀ ਸੁਭਾਵ ਨੂੰ ਜਲਾ ਦੇਂਦਾ ਹੈ। (ਉਹ) ਗ੍ਰਿਸਤੀ, ਸੰਨਿਆਸੀ ਜਾਂ ਜੋਗੀ ਧੰਨ ਹੈ, ਜਿਹੜਾ ਹਰੀ ਦੇ ਚਰਨਾਂ ਵਿਚ (ਅਪਣਾ) ਚਿੱਤ ਲਾਉਂਦਾ ਹੈ।੭। (ਉਹ ਅਸਲ) ਸੰਨਿਆਸੀ ਹੈ, ਜੋ (ਦੁਨਿਆਵੀ) ਆਸਾਂ ਤੋਂ ਨਿਰਾਸ ਰਹਿੰਦਾ ਹੈ ਅਤੇ ਇਕ ਪ੍ਰਭੂ ਨਾਲ ਲਿਵ ਲਾਉਂਦਾ ਹੈ। (ਉਹ) ਹਰੀ ਦਾ ਨਾਮ ਰਸ ਪੀਂਦਾ ਹੈ, ਤਦ ਹੀ (ਉਸ ਨੂੰ) ਸ਼ਾਂਤੀ ਆਉਂਦੀ ਹੈ ਅਤੇ ਅਪਣੇ ਅਸਲੀ ਘਰ (ਪ੍ਰਭੂ ਦੀ ਹਜੂਰੀ) ਵਿਚ ਸਮਾਧੀ ਲਾਉਂਦਾ ਹੈ। (ਉਹ) ਗੁਰੂ ਦੁਆਰਾ ਸਮਝ ਲੈਂਦਾ ਹੈ, (ਜਿਸ ਕਰਕੇ ਉਸ ਦਾ) ਮਨ ਡੋਲਦਾ ਨਹੀਂ ਅਤੇ ਦੌੜਦੇ ਮਨ ਨੂੰ ਰੋਕ ਰਖਦਾ ਹੈ। ਗੁਰੂ ਦੀ ਸਿੱਖਿਆ ਦੁਆਰਾ ਸਰੀਰ ਰੂਪ ਘਰ ਨੂੰ ਖੋਜ ਕੇ ਨਾਮ ਪਦਾਰਥ ਪਾ ਲੈਂਦਾ ਹੈ।੮। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ ਇਸ ਲਈ ਸ੍ਰੇਸ਼ਟ ਹਨ ਕਿ ਉਹ ਨਾਮ ਵਿਚ ਰੰਗੇ ਹੋਏ ਹਨ ਅਤੇ (ਨਾਮ ਨੂੰ ਹੀ) ਵਿਚਾਰਨ ਵਾਲੇ ਸਨ। (ਹੇ ਪ੍ਰਭੂ!) ਚਾਰੇ ਖਾਣੀਆਂ ਤੇ ਉਨ੍ਹਾਂ ਦੀਆਂ ਬੋਲੀਆਂ ਵਿਚ, ਅਸਮਾਨ ਤੇ ਪਤਾਲਾਂ ਵਿਚ ਅਤੇ ਉਨ੍ਹਾਂ ਵਿਚ ਵਸਦੇ ਜੀਵਾਂ ਵਿਚ ਤੇਰੀ ਹੀ ਜੋਤ ਕੰਮ ਕਰ ਰਹੀ ਹੈ। (ਜੋ ਮਨੁੱਖ) ਨਾਮ ਬਾਣੀ ਦਾ ਉਚਾਰਨ ਕਰਕੇ ਸੱਚੇ ਨਾਮ ਨੂੰ ਹਿਰਦੇ ਵਿਚ ਟਿਕਾਉਂਦਾ ਹੈ, (ਉਸ ਨੂੰ) ਸਾਰੇ ਸੁਖ ਤੇ ਸਾਰੀਆਂ ਮੁਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਪ੍ਰਭੂ ਦੇ ਨਾਮ ਤੋਂ ਬਿਨਾ (ਕੋਈ ਮਨੁੱਖ ਮੋਹ ਮਾਇਆ ਦੇ ਬੰਧਨਾਂ ਤੋਂ) ਛੁਟ ਨਹੀਂ ਸਕਦਾ, (ਇਸ ਲਈ) ਤੂੰ ਸੱਚੀ ਬੇੜੀ ਰਾਹੀਂ (ਸੰਸਾਰ ਸਮੁੰਦਰ ਤੋਂ) ਤਰ ਜਾਹ।੯।੭।

ਪਦਾਰਥ = ਮੂੰਡੁ–ਸਿਰ। ਮੁੰਡਾਇ–ਮੁਨਾ ਕੇ। ਜਟਾ–ਜਟਾਵਾਂ। ਸਿਖ–ਸ਼ਿਖਾ (ਚੋਟੀ; ਬੋਦੀ)। ਬਾਧੀ–ਬੰਨ੍ਹ ਲੈਂਦਾ ਹੈ। ਮੋਨਿ–ਮੋਨ ਧਾਰ ਕੇ। ਦਹ ਦਿਸ–ਦਸੇ ਦਿਸ਼ਾਵਾਂ ਵੱਲ। ਧਾਵੈ–ਦੌੜਦਾ ਹੈ। ਰਤ–ਪਿਆਰ। ਬਿਖੁ–ਜਹਿਰ। ਦੇਵਾਨਾ–ਮਸਤਾਨਾ; ਪਾਗਲ। ਕਿਰਤੁ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਤੋਂ ਬਣਿਆ ਸੁਭਾਵ। ਨ ਬੂਝੈ–ਨਹੀਂ ਸਮਝਦਾ। ਪਸੂਆ ਮਾਹਿ–ਪਸ਼ੂਆਂ ਵਿਚ। ਸਮਾਨਾ–ਸ਼ਾਮਲ ਹੈ; ਮਿਲਾ ਗਿਆ।੫। ਹਾਥ–ਹੱਥ ਵਿਚ। ਕਮੰਡਲੁ–ਚਿੱਪੀ; ਸਾਧੂਆਂ ਕੋਲ ਰੱਖਿਆ ਗੜਵਾ। ਕਾਪੜੀਆ–ਟਾਕੀਆਂ ਵਾਲਾ ਚੋਲਾ। ਮਨਿ–ਮਨ ਵਿਚ। ਉਪਜੀ–ਪੈਦਾ ਹੋਈ ਹੈ। ਤਜਿ ਕਰਿ–ਛਡ ਕਰਕੇ। ਕਾਮਿ–ਕਾਮ ਵਾਸ਼ਨਾ ਵਿਚ। ਵਿਆਪਿਆ–ਫਸਿਆ ਹੋਇਆ ਹੈ। ਪਰ ਨਾਰੀ –ਪਰਾਈ ਇਸਤ੍ਰੀ। ਸਿਖ ਕਰੇ ਕਰਿ–ਚੇਲੇ ਬਣਾਉਂਦਾ ਹੈ; ਉਪਦੇਸ਼ ਕਰਦਾ ਹੈ। ਨ ਚੀਨੈ–ਸਮਝਦਾ ਨਹੀਂ। ਲੰਪਟੁ–ਖਚਿੱਤ (ਲੀਨ) ਹੈ। ਬਾਜਾਰੀ–ਬਾਜੀਗਰ; ਮਸ਼ਖਰਾ; ਅਸੱਭਿਅ; ਬਜਾਰ ਵਿਚ ਇਧਰ ਉਧਰ ਫਿਰਨ ਵਾਲਾ ਮਨੁੱਖ। ਅੰਤਰਿ–ਸਰੀਰ ਅੰਦਰ। ਨਿਭਰਾਤੀ –ਸ਼ਾਂਤੀ; ਭਰਮ ਰਹਿਤ। ਤਾ–ਤਦ; ਇਸ ਲਈ। ਖੁਆਰੀ–ਦੁਰਗਤੀ; ਖੱਜਲ ਖੁਆਰ।੬। ਸੋ–ਉਹ। ਸੇਵੈ–ਸੇਵਾ ਕਰਦਾ ਹੈ। ਵਿਚਹੁ– ਮਨ ਵਿਚੋਂ। ਆਪੁ–ਆਪਾ ਭਾਵ; ਹੰਕਾਰ। ਗਵਾਏ–ਦੂਰ ਕਰਦਾ ਹੈ। ਛਾਦਨ–ਬਸਤਰ। ਨ ਕਰਈ–ਨਹੀਂ ਕਰਦਾ। ਅਚਿੰਤੁ–ਅਚਨ

ਚੇਤ (ਆਪਣੇ ਆਪ; ਸੁਤੇ ਸਿੱਧ)। ਸੰਗ੍ਰਹੈ–ਇਕੱਠਾ ਕਰਦਾ ਹੈ। ਤਾਮਸੁ–ਤਮੋ ਗੁਣੀ ਸੁਭਾਵ; ਕ੍ਰੋਧ। ਨਾਮਿ–ਨਾਮ ਰਾਹੀਂ। ਜਲਾਏ–ਸਾੜ ਦੇਂਦਾ ਹੈ। ਧਨੁ–ਭਾਗਾਂ ਵਾਲਾ। ਗਿਰਹੀ–ਗ੍ਰਿਹਸਤੀ। ਜਿ–ਜਿਹੜਾ।੭। ਏਕਸੁ ਸਿਉ–ਇਕ ਪ੍ਰਭੂ ਨਾਲ। ਲਿਵ ਲਾਏ–ਸੁਰਤ ਜੋੜਦਾ ਹੈ। ਨਿਜ ਘਰਿ–ਅਪਣੇ ਅਸਲੀ ਘਰ ਵਿਚ। ਤਾੜੀ–ਸਮਾਧੀ। ਗੁਰਮੁਖਿ–ਗੁਰੂ ਰਾਹੀਂ। ਧਾਵਤੁ–ਦੌੜਦੇ (ਮਨ ਨੂੰ)। ਵਰਜਿ ਰਹਾਏ–ਰੋਕ ਕੇ ਰਖਦਾ ਹੈ। ਗ੍ਰਿਹੁ–ਘਰ। ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ।੮। ਮਹੇਸੁ–ਸ਼ਿਵ ਜੀ। ਸਰੇਸਟ–ਸਭ ਤੋਂ ਉਤਮ। ਨਾਮਿ ਰਤੇ–ਨਾਮ ਵਿਚ ਰੰਗੇ ਹੋਏ। ਵਿਚਾਰੀ–ਵਿਚਾਰ ਵਾਲੇ। ਖਾਣੀ–ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ)। ਬਾਣੀ –ਜੀਵਾਂ ਦੀਆਂ ਵੱਖ ਵੱਖ ਬੋਲੀਆਂ। ਗਗਨ–ਆਕਾਸ਼। ਪਤਾਲੀ–ਪਤਾਲ ਵਿਚ। ਜੰਤਾ–ਜੀਵਾਂ ਵਿਚ। ਜੋਤਿ–ਚੇਤਨ ਸੱਤਾ। ਧੁਨਿ–ਉਚਾਰ ਕੇ। ਉਰ ਧਾਰੀ–ਹਿਰਦੇ ਵਿਚ ਟਿਕਾਉਂਦਾ ਹੈ। ਛੂਟਸਿ–ਛੁਟ ਸਕਦਾ। ਤਰੁ–ਤਰਨ ਲਈ। ਸਾਚੀ ਤਾਰੀ–ਸੱਚੀ ਬੇੜੀ।੯।੭।

ਮਾਰੂ ਮਹਲਾ ੧ ॥ ਮਾਤ ਪਿਤਾ ਸੰਜੋਗਿ ਉਪਾਏ, ਰਕਤੁ ਬਿੰਦੁ ਮਿਲਿ ਪਿੰਡੁ ਕਰੇ ॥ ਅੰਤਰਿ ਗਰਭ ਉਰਧਿ ਲਿਵ ਲਾਗੀ, ਸੋ ਪ੍ਰਭੁ ਸਾਰੇ ਦਾਤਿ ਕਰੇ ॥੧॥ ਸੰਸਾਰੁ ਭਵਜਲੁ ਕਿਉ ਤਰੈ ॥ ਗੁਰਮੁਖਿ ਨਾਮੁ ਨਿਰੰਜਨੁ ਪਾਈਐ, ਅਫਰਿਓ ਭਾਰੁ ਅਫਾਰੁ ਟਰੈ ॥੧॥ਰਹਾਉ॥ ਤੇ ਗੁਣ ਵਿਸਰਿ ਗਏ ਅਪਰਾਧੀ, ਮੈ ਬਉਰਾ ਕਿਆ ਕਰਉ ਹਰੇ ॥ ਤੂ ਦਾਤਾ ਦਇਆਲੁ ਸਭੈ ਸਿਰਿ, ਅਹਿਨਿਸਿ ਦਾਤਿ ਸਮਾਰਿ ਕਰੇ ॥੨॥ (ਹੇ ਭਾਈ!) ਪ੍ਰਭੂ ਮਾਤਾ ਪਿਤਾ ਦੇ ਮਿਲਾਪ ਰਾਹੀਂ ਜੀਵ ਪੈਦਾ ਕਰਦਾ ਹੈ, ਮਾਂ ਦਾ ਲਹੂ ਅਤੇ ਪਿਤਾ ਦਾ ਬਿੰਦ ਮਿਲਣ ਤੇ ਪ੍ਰਭੂ ਜੀਵ ਦਾ ਸਰੀਰ ਪੈਦਾ ਕਰਦਾ ਹੈ। ਮਾਤਾ ਦੇ ਪੇਟ ਅੰਦਰ ਉਲਟਾ ਪਏ ਜੀਵ ਦੀ (ਪ੍ਰਭੂ ਨਾਲ) ਲਿਵ ਲਗੀ ਰਹਿੰਦੀ ਹੈ, ਉਹ ਪ੍ਰਭੂ (ਜੀਵ ਦੀ ਮਾਂ ਦੇ ਪੇਟ ਅੰਦਰ ਤੇ ਬਾਹਰ ਵੀ) ਸੰਭਾਲ ਕਰਦਾ ਹੈ ਅਤੇ ਦਾਤਾਂ ਦੇਂਦਾ ਹੈ।੧। (ਹੇ ਭਾਈ! ਇਹ ਜੀਵ) ਸੰਸਾਰ ਸਮੁੰਦਰ ਤੋਂ ਕਿਵੇਂ ਤਰੇ? (ਉਤਰ ਅੱਗੇ ਹੈ)। ਗੁਰੂ ਦੁਆਰਾ ਮਾਇਆ ਰਹਿਤ ਪ੍ਰਭੂ ਦਾ ਨਾਮ ਪਾਈਦਾ ਹੈ, (ਜਿਸ ਨਾਲ) ਹੰਕਾਰੇ ਹੋਏ ਜੀਵ ਦਾ (ਪਾਪਾਂ ਦਾ) ਵੱਡਾ ਭਾਰ ਟਲ ਜਾਂਦਾ ਹੈ (ਇਸ ਤਰ੍ਹਾਂ ਉਹ ਤਰ ਜਾਂਦਾ ਹੈ)।੧। ਰਹਾਉ। ਹੇ ਹਰੀ (ਮਾਂ ਦੇ ਗਰਭ ਵਿਚ ਕੀਤੇ ਤੇਰੇ) ਉਹ ਉਪਕਾਰ ਮੈਨੂੰ ਅਪਰਾਧੀ ਨੂੰ ਭੁਲ ਗਏ ਹਨ, (ਹੁਣ) ਮੈਂ ਪਾਗਲ ਬੰਦਾ ਕੀ ਕਰਾਂ? ਹੇ ਪ੍ਰਭੂ! ਤੂੰ ਦਇਆ ਦਾ ਘਰ ਹੈਂ, ਸਾਰੇ ਜੀਵਾਂ ਦੇ ਸਿਰ ਤੇ ਦਾਤਾ ਹੈਂ, ਤੂੰ ਦਿਨ ਰਾਤ ਸਭ ਜੀਵਾਂ ਦੀ ਸੰਭਾਲ ਕਰਕੇ ਦਾਤਾਂ ਦੇਂਦਾ ਹੈਂ।੨।

ਅੰਗ ੧੦੧੪ = ਚਾਰਿ ਪਦਾਰਥ ਲੈ ਜਗਿ ਜਨਮਿਆ, ਸਿਵ ਸਕਤੀ ਘਰਿ ਵਾਸੁ ਧਰੇ ॥ ਲਾਗੀ ਭੂਖ ਮਾਇਆ ਮਗੁ ਜੋਹੈ, ਮੁਕਤਿ ਪਦਾਰਥੁ ਮੋਹਿ ਖਰੇ ॥੩॥ ਕਰਣ ਪਲਾਵ ਕਰੇ ਨਹੀ ਪਾਵੈ, ਇਤ ਉਤ ਢੂਢਤ ਥਾਕਿ ਪਰੇ ॥ ਕਾਮਿ ਕ੍ਰੋਧਿ ਅਹੰਕਾਰਿ ਵਿਆਪੇ, ਕੂੜ ਕੁਟੰਬ ਸਿਉ ਪ੍ਰੀਤਿ ਕਰੇ ॥੪॥ ਖਾਵੈ ਭੋਗੈ ਸੁਣਿ ਸੁਣਿ ਦੇਖੈ, ਪਹਿਰਿ ਦਿਖਾਵੈ ਕਾਲ ਘਰੇ ॥ ਬਿਨੁ ਗੁਰ ਸਬਦ ਨ ਆਪੁ ਪਛਾਣੈ, ਬਿਨੁ ਹਰਿ ਨਾਮ ਨ ਕਾਲੁ ਟਰੇ ॥੫॥ ਜੇਤਾ ਮੋਹੁ ਹਉਮੈ ਕਰਿ ਭੂਲੇ, ਮੇਰੀ ਮੇਰੀ ਕਰਤੇ ਛੀਨਿ ਖਰੇ ॥ ਤਨੁ ਧਨੁ ਬਿਨਸੈ ਸਹਸੈ ਸਹਸਾ, ਫਿਰਿ ਪਛੁਤਾਵੈ ਮੁਖਿ ਧੂਰਿ ਪਰੇ ॥੬॥ (ਪ੍ਰਭੂ ਪਾਸੋਂ ਜੀਵ) ਚਾਰ ਪਦਾਰਥ ਲੈ ਕੇ ਜਗਤ ਵਿਚ ਜੰਮਿਆ ਹੈ, (ਪ੍ਰਭੂ ਨੂੰ ਭੁੱਲ ਕੇ) ਜੀਵਾਤਮਾ ਮਾਇਆ ਦੇ ਘਰ ਵਿਚ ਵਾਸਾ ਰਖਦਾ ਹੈ; ਪ੍ਰਭੂ ਦੀ ਪੈਦਾ ਕੀਤੀ ਮਾਇਆ ਦੇ ਘਰ ਵਿਚ ਨਿਵਾਸ ਰੱਖਦਾ ਹੈ। (ਜੀਵ ਨੂੰ) ਮਾਇਆ ਦੀ ਭੁੱਖ ਲੱਗੀ ਰਹਿੰਦੀ ਹੈ, ਮਾਇਆ ਦਾ ਰਸਤਾ ਦੇਖਦਾ ਰਹਿੰਦਾ ਹੈ, ਮਾਇਆ ਦੇ ਮੋਹ ਵਿਚ ਲਗ ਕੇ ਮੁਕਤ ਪਦਾਰਥ ਗਵਾ ਲੈਂਦਾ ਹੈ।੩। (ਜੀਵ ਮਾਇਆ ਲਈ) ਤਰਲੇ ਲੈਂਦਾ ਹੈ (ਪਰ ਫਿਰ ਵੀ ਮਾਇਆ) ਪ੍ਰਾਪਤ ਨਹੀਂ ਹੁੰਦੀ, (ਮਾਇਆ ਨੂੰ) ਇਧਰ ਉਧਰ ਢੂੰਢਦਾ ਥੱਕ ਪੈਂਦਾ ਹੈ। ਕਾਮ, ਕ੍ਰੋਧ ਤੇ ਹੰਕਾਰ ਵਿਚ ਲੱਗਾ ਹੋਇਆ ਝੂਠੇ (ਨਾਸ਼ਵੰਤ) ਪ੍ਰਵਾਰ ਨਾਲ ਪ੍ਰੀਤ ਕਰਦਾ ਹੈ।੪। (ਜੀਵ ਕਈ ਤਰ੍ਹਾਂ ਦੇ) ਪਦਾਰਥ ਖਾਂਦਾ ਹੈ, ਵਿਸ਼ੇ ਭੋਗਦਾ ਹੈ, ਉਸਤਤ ਨਿੰਦਾ ਦੇ ਬਚਨ ਸੁਣ ਸੁਣ ਕੇ ਰੰਗ ਤਮਾਸ਼ੇ ਦੇਖਦਾ ਹੈ, ਕਪੜੇ ਪਹਿਨ ਕੇ (ਲੋਕਾਂ ਨੂੰ) ਦਿਖਾਉਂਦਾ ਹੈ, (ਇਸ ਤਰ੍ਹਾਂ ਇਹ) ਮੌਤ ਦੇ ਘਰ ਵਿਚ ਰਹਿੰਦਾ ਹੈ। (ਜੀਵ) ਗੁਰੂ ਦੇ ਸ਼ਬਦ ਤੋਂ ਬਿਨਾ ਅਪਣੇ ਆਪ ਨੂੰ ਪਛਾਣ ਨਹੀਂ ਸਕਦਾ ਅਤੇ ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ ਮੌਤ ਟਲਦੀ ਨਹੀਂ।੫। (ਜੀਵ) ਜਿਤਨਾ ਹਉਮੈ ਤੇ ਮੋਹ ਕਰ ਕੇ (ਜੀਵਨ ਦੇ ਰਸਤੇ ਤੋਂ) ਭੁਲਦਾ ਹੈ, (ਉਤਨਾ ਹੀ) ਮੇਰੀ ਮੇਰੀ ਕਰਦਿਆਂ (ਮੌਤ ਇਸ ਤੋਂ ਸਭ ਕੁਛ) ਖੋਹ ਕੇ ਲੈ ਜਾਂਦੀ ਹੈ। (ਇਸ ਦਾ) ਸਰੀਰ ਨਾਸ਼ ਹੁੰਦਾ ਜਾਂਦਾ ਹੈ (ਇਸ ਦਾ) ਸੰਸਾ ਕਰਦਾ ਹੈ, ਧਨ ਨਾਸ਼ ਹੋਣ ਦਾ ਸੰਸਾ ਕਰਦਾ ਹੈ, (ਜਦ ਪ੍ਰਲੋਕ ਵਿਚ ਗਏ ਦੇ) ਮੂੰਹ ਉਤੇ ਲਾਹਣਤਾਂ ਰੂਪ ਧੂੜ ਪੈਂਦੀ ਹੈ ਭਾਵ ਬੇਇਜਤੀ ਹੁੰਦੀ ਹੈ, ਫਿਰ ਪਛਤਾਉਂਦਾ ਹੈ।੬।

ਪਦਾਰਥ = ਸੰਜੋਗਿ–ਮਿਲਾਪ ਰਾਹੀਂ। ਉਪਾਏ–ਪੈਦਾ ਕਰਦਾ ਹੈ। ਰਕਤੁ–ਲਹੂ। ਬਿੰਦੁ–ਵੀਰਜ। ਮਿਲਿ–ਮਿਲਣ ਤੇ। ਪਿੰਡੁ ਕਰੇ–ਸਰੀਰ ਪੈਦਾ ਕਰਦਾ ਹੈ। ਅੰਤਰਿ ਗਰਭ–ਪੇਟ ਦੇ ਅੰਦਰ। ਉਰਧਿ–ਉਲਟਾ। ਸੋ–ਉਹ। ਸਾਰੇ–ਸੰਭਾਲ ਕਰਦਾ ਹੈ। ਦਾਤਿ ਕਰੇ–ਦਾਤਾਂ ਦੇਂਦਾ ਹੈ।੧। ਭਵਜਲੁ–ਸਮੁੰਦਰ। ਗੁਰਮੁਖਿ–ਗੁਰੂ ਦੇ ਮੇਲ ਰਾਹੀਂ। ਨਿਰੰਜਨੁ–ਮਾਇਆ ਰਹਿਤ ਪ੍ਰਭੂ। ਅਫਰਿਓ–ਹੰਕਾਰੇ ਜੀਵ ਦਾ। ਭਾਰੁ–ਬੋਝ। ਅਫਾਰੁ–ਵੱਡਾ; ਬਰਦਾਸ਼ਤ ਨਾ ਹੋਣ ਵਾਲਾ। ਟਰੈ–ਟਲ (ਦੂਰ ਹੋ) ਜਾਂਦਾ ਹੈ।੧। ਰਹਾਉ। ਤੇ ਗੁਣ–ਉਹ ਉਪਕਾਰ। ਅਪਰਾਧੀ–

ਪਾਪੀ ਨੂੰ। ਬਉਰਾ–ਕਮਲਾ; ਪਾਗਲ। ਹਰੇ–ਹੇ ਹਰੀ!। ਸਭੈ ਸਿਰਿ–ਸਾਰੇ ਜੀਵਾਂ ਦੇ ਸਿਰ ਉਤੇ। ਅਹਿ–ਦਿਨ। ਨਿਸਿ–ਰਾਤ। ਸਮਾਰਿ ਕਰੇ–ਸੰਭਾਲ ਕਰਕੇ।੨। ਚਾਰਿ ਪਦਾਰਥ–ਧਰਮ (ਸ਼ੁੱਭ ਕਰਮ), ਅਰਥ (ਧਨ ਪਦਾਰਥ), ਕਾਮ (ਇੱਛਾ) ਤੇ ਮੋਖ (ਮੁਕਤੀ)। ਲੈ–ਲੈ ਕੇ। ਜਗਿ–ਜਗਤ ਵਿਚ। ਸਿਵ–ਜੀਵਾਤਮਾ; ਪ੍ਰਭੂ। ਸਕਤੀ ਘਰਿ–ਮਾਇਆ ਦੇ ਘਰ ਵਿਚ। ਭੂਖ–ਇੱਛਾ; ਰੁਚੀ। ਮਗੁ–ਰਸਤਾ। ਜੋਹੈ–ਦੇਖਦਾ ਹੈ। ਮੋਹਿ ਖਰੇ–ਮੋਹ ਵਿਚ ਲਗ ਕੇ ਗਵਾ ਲੈਂਦਾ ਹੈ; ਲੁਟਾ ਖਲੋਤਾ ਹੈ (ਸੰ.ਸ.)।੩। ਕਰਣ ਪਲਾਵ–ਦੁਖ ਦੀ ਪੁਕਾਰ, ਜਿਸ ਨੂੰ ਸੁਣ ਕੇ ਦਇਆ ਪੈਦਾ ਹੋਵੇ; ਕੀਰਨੇ; ਤਰਲੇ। ਇਤ ਉਤੁ–ਇਧਰ ਉਧਰ। ਥਾਕਿ ਪਰੇ–ਥੱਕ ਜਾਂਦਾ ਹੈ। ਕਾਮਿ–ਕਾਮ ਵਾਸ਼ਨਾ ਵਿਚ। ਵਿਆਪੇ–ਲੱਗਾ ਹੋਇਆ ਹੈ। ਕੂੜ ਕੁਟੰਬ ਸਿਉ–ਝੂਠੇ ਪ੍ਰਵਾਰ ਨਾਲ (ਜਿਸ ਨੇ ਪ੍ਰਲੋਕ ਨੂੰ ਵਿਚ ਨਾਲ ਨਹੀਂ ਜਾਣਾ)।੪। ਪਹਿਰਿ–ਪਹਿਨ ਕੇ। ਕਾਲ ਘਰੇ–ਮੌਤ ਦੇ ਘਰ ਵਿਚ। ਆਪੁ–ਅਪਣੇ ਆਪ ਨੂੰ। ਨ ਟਰੇ–ਟਲਦਾ ਨਹੀਂ।੫। ਜੇਤਾ–ਜਿਤਨਾ। ਭੂਲੇ–ਭੁਲਦਾ ਹੈ; ਕੁਰਾਹੇ ਪੈਂਦਾ ਹੈ। ਕਰਤੇ–ਕਰਦਿਆਂ। ਛੀਨਿ ਖਰੇ–(ਮੌਤ) ਖੋਹ ਕੇ ਲੈ ਜਾਂਦੀ ਹੈ। ਤਨੁ–ਸਰੀਰ। ਬਿਨਸੈ–ਨਾਸ਼ ਹੁੰਦਾ ਹੈ। ਸਹਸੈ ਸਹਸਾ–ਸੰਸਾ ਹੀ ਸੰਸਾ। ਮੁਖਿ–ਮੂੰਹ ਤੇ। ਧੂਰਿ ਪਰੇ–ਲਾਹਣਤਾਂ ਦੀ ਧੂੜ ਪੈਂਦੀ ਹੈ (ਬੇਇਜਤੀ ਹੁੰਦੀ ਹੈ)।੬।

ਬਿਰਧਿ ਭਇਆ ਜੋਬਨੁ ਤਨੁ ਖਿਸਿਆ, ਕਫੁ ਕੰਠੁ ਬਿਰੂਧੋ ਨੈਨਹੁ ਨੀਰੁ ਢਰੇ ॥ ਚਰਣ ਰਹੇ ਕਰ ਕੰਪਣ ਲਾਗੇ, ਸਾਕਤ ਰਾਮੁ ਨ ਰਿਦੈ ਹਰੇ ॥੭॥ ਸੁਰਤਿ ਗਈ ਕਾਲੀ ਹੂ ਧਉਲੇ, ਕਿਸੈ ਨ ਭਾਵੈ ਰਖਿਓ ਘਰੇ ॥ ਬਿਸਰਤ ਨਾਮ ਐਸੇ ਦੋਖ ਲਾਗਹਿ, ਜਮੁ ਮਾਰਿ ਸਮਾਰੇ ਨਰਕਿ ਖਰੇ ॥੮॥ ਪੂਰਬ ਜਨਮ ਕੋ ਲੇਖੁ ਨ ਮਿਟਈ, ਜਨਮਿ ਮਰੈ ਕਾ ਕਉ ਦੋਸੁ ਧਰੇ ॥ ਬਿਨੁ ਗੁਰ ਬਾਦਿ ਜੀਵਣੁ ਹੋਰੁ ਮਰਣਾ, ਬਿਨੁ ਗੁਰ ਸਬਦੈ ਜਨਮੁ ਜਰੇ ॥੯॥ ਖੁਸੀ ਖੁਆਰ ਭਏ ਰਸ ਭੋਗਣ, ਫੋਕਟ ਕਰਮ ਵਿਕਾਰ ਕਰੇ ॥ ਨਾਮੁ ਬਿਸਾਰਿ ਲੋਭਿ ਮੂਲੁ ਖੋਇਓ, ਸਿਰਿ ਧਰਮਰਾਇ ਕਾ ਡੰਡੁ ਪਰੇ ॥੧੦॥ ਗੁਰਮੁਖਿ ਰਾਮ ਨਾਮ ਗੁਣ ਗਾਵਹਿ, ਜਾ ਕਉ ਹਰਿ ਪ੍ਰਭੁ ਨਦਰਿ ਕਰੇ ॥ ਤੇ ਨਿਰਮਲ ਪੁਰਖ ਅਪਰੰਪਰ ਪੂਰੇ, ਤੇ ਜਗ ਮਹਿ ਗੁਰ ਗੋਵਿੰਦ ਹਰੇ ॥੧੧॥ ਹਰਿ ਸਿਮਰਹੁ ਗੁਰ ਬਚਨ ਸਮਾਰਹੁ ,ਸੰਗਤਿ ਹਰਿ ਜਨ ਭਾਉ ਕਰੇ ॥ ਹਰਿ ਜਨ ਗੁਰੁ ਪਰਧਾਨੁ ਦੁਆਰੈ, ਨਾਨਕ ਤਿਨ ਜਨ ਕੀ ਰੇਣੁ ਹਰੇ ॥੧੨॥੮॥ (ਮਨੁੱਖ ਜਦੋਂ) ਬੁੱਢਾ ਹੋਇਆ, ਤਾਂ ਜਵਾਨੀ ਸਰੀਰ ਤੋਂ ਖਿਸਕ ਗਈ, ਬਲਗਮ ਨਾਲ ਗਲਾ ਰੁਕ ਜਾਂਦਾ ਹੈ ਅਤੇ ਅੱਖਾਂ ਤੋਂ ਪਾਣੀ ਵਗਦਾ ਹੈ। ਪੈਰ ਤੁਰਨੋਂ ਰਹਿ ਗਏ ਹਨ, ਹੱਥ ਕੰਬਣ ਲਗ ਗਏ ਹਨ, (ਇਸ ਹਾਲਤ ਵਿਚ ਵੀ) ਸਾਕਤ ਮਨੁੱਖ ਹਿਰਦੇ ਵਿਚ ਹਰੀ ਪ੍ਰਭੂ ਨੂੰ ਯਾਦ ਨਹੀਂ ਕਰਦਾ।੭। (ਬੁੱਢੇਪੇ ਵਿਚ ਸਾਕਤ ਦੀ) ਹੋਸ਼ ਵੀ ਚਲੇ (ਯਾਦਾਸ਼ਤ ਘਟ) ਗਈ ਹੈ, ਕਾਲੇ ਕੇਸ ਚਿੱਟੇ ਹੋ ਗਏ ਹਨ, (ਇਸ ਹਾਲਤ ਵਿਚ ਇਹ) ਘਰ ਵਿਚ ਰੱਖਿਆ ਕਿਸੇ ਨੂੰ ਚੰਗਾ ਨਹੀਂ ਲਗਦਾ। ਪ੍ਰਭੂ ਦਾ ਨਾਮ ਭੁੱਲ ਜਾਣ ਨਾਲ ਇਹੋ ਜਿਹੇ ਦੋਸ਼ ਲਗਦੇ ਹਨ, (ਜਿਨ੍ਹਾਂ ਦੋਸ਼ਾਂ ਕਰ ਕੇ ਇਸ ਨੂੰ ਅੰਤ ਵੇਲੇ) ਜਮ ਮਾਰ ਮਾਰ ਕੇ ਸੰਭਾਲ (ਕਾਬੂ ਕਰ) ਲੈਂਦਾ ਹੈ ਅਤੇ ਨਰਕ ਵਿਚ ਲੈ ਜਾਂਦਾ ਹੈ।੮। (ਹੇ ਭਾਈ!) ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਲੇਖ ਮਿਟਦਾ ਨਹੀਂ, (ਉਨ੍ਹਾਂ ਕਰਮਾਂ ਕਰਕੇ ਮਨੁੱਖ) ਜੰਮਦਾ ਮਰਦਾ ਰਹਿੰਦਾ ਹੈ, (ਮਨੁੱਖ) ਕਿਸ ਨੂੰ ਦੋਸ਼ ਦੇਵੇ (ਦੋਸ਼ ਅਪਣੇ ਕੀਤੇ ਕਰਮਾਂ ਦਾ ਹੈ)। ਗੁਰੂ ਦੀ ਸ਼ਰਣ ਵਿਚ ਪਏ ਤੋਂ ਬਿਨਾ ਜੀਵਨ ਬਿਅਰਥ ਬੀਤ ਜਾਂਦਾ ਹੈ, (ਸਿਮਰਨ ਤੋਂ ਬਿਨਾ) ਹੋਰ ਜੀਵਨ ਮੌਤ ਦੇ ਬਰਾਬਰ ਹੈ, ਗੁਰੂ ਦੇ ਸ਼ਬਦ ਤੋਂ ਬਿਨਾ ਜੀਵਨ (ਵਿਕਾਰਾਂ ਵਿਚ) ਸੜਦਾ ਬਲਦਾ ਹੈ।੯। (ਜਿਹੜਾ ਮਨੁੱਖ) ਰਸ ਭੋਗਣ ਦੀਆਂ ਖੁਸ਼ੀਆਂ ਵਿਚ ਲਗ ਕੇ ਫੋਕਟ ਤੇ ਵਿਕਾਰਾਂ ਦੇ ਕਰਮ ਕਰਦਾ ਹੈ, ਉਹ ਖੁਆਰ ਹੁੰਦਾ ਹੈ। ਪ੍ਰਭੂ ਦਾ ਨਾਮ ਭੁਲਾ ਕੇ ਲੋਭ ਵਿਚ ਲਗ ਕੇ (ਉਸ ਨੇ ਸੁਆਸਾਂ ਦੀ ਦਿਤੀ ਪੂੰਜੀ ਦਾ) ਮੂਲ ਵੀ ਗਵਾ ਲਿਆ ਹੈ, (ਜਿਸ ਕਰਕੇ ਉਸ ਦੇ) ਸਿਰ ਉਤੇ ਜਮ ਦਾ ਡੰਡਾ ਪੈਂਦਾ (ਵਜਦਾ) ਹੈ।੧੦। ਗੁਰੂ ਅਨੁਸਾਰੀ (ਉਹ) ਮਨੁੱਖ ਪ੍ਰਭੂ ਦਾ ਨਾਮ ਜਪਦੇ ਹਨ ਅਤੇ ਪ੍ਰਭੂ ਦੇ ਗੁਣ ਗਾਉਂਦੇ ਹਨ ,ਜਿਨ੍ਹਾਂ ਉਤੇ ਹਰੀ ਪ੍ਰਭੂ ਮਿਹਰ ਦੀ ਨਜਰ ਕਰਦਾ ਹੈ। ਉਹ ਪਵਿਤ੍ਰ ਜੀਵਨ ਵਾਲੇ, ਪਰੇ ਤੋਂ ਪਰੇ (ਦੁਨਿਆਵੀ ਲੋਕਾਂ ਤੋਂ ਬਹੁਤ ਉਚੇ) ਪੂਰਨ ਪੁਰਖ ਹਨ ਅਤੇ ਉਹ ਜਗਤ ਵਿਚ ਗੁਰੂ ਗੋਵਿੰਦ ਹਰੀ ਦਾ ਰੂਪ ਹਨ; ਗੁਰ ਗੋਵਿੰਦ ਨੇ ਉਹ ਹਰੇ ਭਰੇ ਕਰ ਦਿਤੇ ਹਨ (ਸੰ.ਸ.; ਫ.ਸ.)।੧੧। (ਹੇ ਭਾਈ! ਤੁਸੀਂ ਵੀ) ਹਰੀ ਜਨਾਂ ਦੀ ਸੰਗਤ ਵਿਚ ਪ੍ਰੇਮ ਕਰਕੇ ਹਰੀ ਦਾ ਸਿਮਰਨ ਕਰੋ, ਗੁਰੂ ਦੇ ਬਚਨਾਂ ਨੂੰ ਸੰਭਾਲੋ। ਹਰੀ ਦੇ ਜਨਾਂ ਦਾ ਗੁਰੂ ਹਰੀ ਦੇ ਦਰਬਾਰ ਵਿਚ ਪ੍ਰਧਾਨ ਹੈ, ਹੇ ਹਰੀ! ਨਾਨਕ ਉਨ੍ਹਾਂ ਜਨਾਂ ਦੀ ਚਰਨ ਧੂੜ ਹੈ।੧੨।੯।

ਪਦਾਰਥ = ਬਿਰਧਿ–ਬੁੱਢਾ। ਭਇਆ–ਹੋਇਆ। ਤਨੁ–ਸਰੀਰ। ਖਿਸਿਆ–ਖਿਸਕ ਗਿਆ; ਘਟ ਗਿਆ। ਕਫੁ–ਬਲਗਮ। ਕੰਠੁ–ਗਲਾ। ਬਿਰੂਧੋ–ਰੁਕ ਜਾਂਦਾ ਹੈ। ਨੈਨਹੁ–ਅੱਖਾਂ ਵਿਚੋਂ। ਨੀਰੁ–ਪਾਣੀ। ਢਰੇ–ਵਗਦਾ ਹੈ। ਚਰਣ–ਪੈਰ। ਰਹੇ–(ਤੁਰਨੋਂ) ਰਹਿ ਜਾਂਦੇ ਹਨ। ਕਰ–ਹੱਥ। ਕੰਪਣ ਲਾਗੇ–ਕੰਬਣ ਲਗਦੇ ਹਨ। ਸਾਕਤ–ਰੱਬ ਤੋਂ ਬੇਮੁਖ ਬੰਦਾ। ਰਿਦੈ–ਹਿਰਦੇ ਵਿਚ। ਹਰੇ–ਹਰੀ।੭। ਸੁਰਤਿ ਗਈ–ਹੋਸ਼ ਚਲੇ ਗਈ। ਕਾਲੀ ਹੂ–ਕਾਲੇ ਕੇਸਾਂ ਤੋਂ। ਧਉਲੇ–ਚਿੱਟੇ। ਨ ਭਾਵੈ–ਚੰਗਾ ਨਹੀਂ ਲਗਦਾ। ਰਖਿਓ ਘਰੇ–ਘਰ ਵਿਚ ਰੱਖਿਆ ਹੋਇਆ। ਬਿਸਰਤ –ਭੁੱਲ ਜਾਣ ਨਾਲ। ਮਾਰਿ–ਮਾਰ ਕੇ। ਸਮਾਰੇ–ਸੰਭਾਲ (ਕਾਬੂ ਕਰ) ਕੇ। ਨਰਕਿ ਖਰੇ–ਨਰਕ ਵਿਚ ਲੈ ਜਾਂਦਾ ਹੈ।੮। ਪੂਰਬ ਜਨਮ

ਕੋ–ਪਹਿਲੇ ਜਨਮਾਂ ਦੇ।ਕਾ ਕਉ–ਕਿਸ ਨੂੰ।ਦੋਸ ਧਰੇ–ਦੋਸ਼ ਦੇਵੇ।ਬਾਦਿ–ਬਿਅਰਥ।ਜਨਮੁ ਜਰੇ–ਜੀਵਨ ਸੜ ਜਾਂਦਾ ਹੈ। ੯। ਖੁਆਰ–ਖੱਜਲ ਖੁਆਰ।ਭਏ–ਹੁੰਦੇ ਹਨ।ਫੋਕਟ–ਫੋਕੇ।ਬਿਸਾਰਿ–ਭੁਲਾ ਕੇ।ਲੋਭਿ–ਲੋਭ ਵਿਚ ਲਗ ਕੇ।ਸਿਰਿ–ਸਿਰ ਉਤੇ।ਡੰਡੁ ਪਰੇ –ਡੰਡਾ ਪੈਂਦਾ (ਵਜਦਾ) ਹੈ।੧੦।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਜਾ ਕਉ–ਜਿਨ੍ਹਾਂ ਉਤੇ।ਨਦਰਿ ਕਰੇ–ਮੇਹਰ ਦੀ ਨਜਰ ਕਰਦਾ ਹੈ।ਤੇ–ਉਹ।ਨਿਰਮਲ–ਪਵਿਤ੍ਰ।ਅਪਰੰਪਰ–ਪਰੇ ਤੋਂ ਪਰੇ (ਸੰਸਾਰੀ ਲੋਕਾਂ ਤੋਂ ਉਪਰ ਉਠੇ ਹੋਏ)।ਪੂਰੇ–ਪੂਰਨ।ਜਗ ਮਹਿ–ਜਗਤ ਵਿਚ।ਹਰੇ–ਹਰੀ; ਹਰੇ ਭਰੇ ਕਰ ਦਿਤੇ ਹਨ।੧੧।ਸਮਾਰਹੁ–ਸੰਭਾਲ ਰੱਖੋ।ਹਰਿ ਜਨ–ਹਰੀ ਦੇ ਸੇਵਕ।ਭਾਉ ਕਰੇ–ਪ੍ਰੇਮ ਕਰਕੇ। ਪਰਧਾਨੁ–ਮੁਖੀ।ਦੁਆਰੈ–ਦਰ ਤੇ; ਦਰਬਾਰ ਵਿਚ।ਤਿਨ ਕੀ–ਉਨ੍ਹਾਂ ਦੀ।ਰੇਣੁ–ਚਰਨ ਧੂੜ।ਹਰੇ–ਹੇ ਹਰੀ!।੧੨।੮।

ੴ ਸਤਿਗੁਰ ਪ੍ਰਸਾਦਿ ॥ ਮਾਰੂ ਕਾਫੀ ਮਹਲਾ ੧ ਘਰੁ ੨ ॥ ਆਵਉ ਵੰਞਉ ਡੁੰਮਣੀ, ਕਿਤੀ ਮਿਤ੍ਰ ਕਰੇਉ ॥ ਸਾਧਨ ਢੋਈ ਨ ਲਹੈ, ਵਾਢੀ ਕਿਉ ਧੀਰੇਉ ॥੧॥ ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ ॥ ਹਉ ਘੋਲਿ ਘੁਮਾਈ ਖੰਨੀਐ ਕੀਤੀ, ਹਿਕ ਭੋਰੀ ਨਦਰਿ ਨਿਹਾਲਿ ॥੧॥ਰਹਾਉ॥ ਪੇਈਅੜੈ ਡੋਹਾਗਣੀ, ਸਾਹੁਰੜੈ ਕਿਉ ਜਾਉ ॥ ਮੈ ਗਲਿ ਅਉਗਣ ਮੁਠੜੀ, ਬਿਨੁ ਪਿਰ ਝੂਰਿ ਮਰਾਉ ॥੨॥ ਪੇਈਅੜੈ ਪਿਰੁ ਸੰਮਲਾ, ਸਾਹੁਰੜੈ ਘਰਿ ਵਾਸੁ ॥ ਸੁਖਿ ਸਵੰਧਿ ਸੋਹਾਗਣੀ, ਪਿਰੁ ਪਾਇਆ ਗੁਣ ਤਾਸੁ ॥੩॥ ਲੇਫੁ ਨਿਹਾਲੀ ਪਟ ਕੀ, ਕਾਪੜੁ ਅੰਗਿ ਬਣਾਇ ॥ ਪਿਰੁ ਮੁਤੀ ਡੋਹਾਗਣੀ, ਤਿਨ ਡੁਖੀ ਰੈਣਿ ਵਿਹਾਇ ॥੪॥ (ਮੈਂ ਜੀਵ ਇਸਤ੍ਰੀ ਪਤੀ ਤੋਂ ਵਿਛੜ ਕੇ) ਦੁਚਿੱਤੀ ਹੋਈ (ਜਨਮ ਮਰਨ ਦੇ ਗੇੜ ਵਿਚ) ਆਉਂਦੀ ਜਾਂਦੀ ਰਹੀ ਹਾਂ ਅਤੇ (ਸੰਸਾਰ ਵਿਚ ਅਪਣੇ ਸਹਾਰੇ ਲਈ) ਹੋਰ ਕਿੰਨੇ ਹੀ ਮਿਤ੍ਰ ਬਣਾਉਂਦੀ ਰਹੀ ਹਾਂ (ਦੇਵੀ ਦੇਵਤਿਆਂ ਨੂੰ ਪੂਜਦੀ ਰਹੀ ਹਾਂ।ਪਰ ਹੁਣ ਮੈਂ) ਜੀਵ ਇਸਤ੍ਰੀ ਨੂੰ (ਪ੍ਰਭੂ ਤੋਂ ਬਿਨਾ) ਹੋਰ ਕੋਈ ਸਹਾਰਾ ਨਹੀਂ ਲਭਦਾ, ਮੈਂ (ਪਤੀ ਤੋਂ) ਵਿਛੜੀ ਹੋਈ ਜੀਵ ਇਸਤ੍ਰੀ ਨੂੰ ਧੀਰਜ ਕਿਵੇਂ ਆਵੇ?।੧।ਮੇਰਾ ਮਨ ਅਪਣੇ ਪਤੀ ਪ੍ਰਭੂ ਦੇ ਪ੍ਰੇਮ ਨਾਲ ਰੰਗਿਆ ਹੋਇਆ ਹੈ।ਹੇ ਪਤੀ ਪ੍ਰਭੂ! ਮੈਂ ਤੇਰੇ ਤੋਂ (ਸਰੀਰ ਕਰਕੇ) ਸਦਕੇ ਕੁਰਬਾਨ ਜਾਂਦੀ ਹਾਂ, (ਮਨ ਕਰਕੇ ਵੀ) ਵਾਰਨੇ ਜਾਂਦੀ ਹਾਂ, ਤੂੰ ਇਕ ਰੱਤਾ ਭਰ ਸਮਾਂ (ਮੇਰੇ ਵੱਲ) ਮਿਹਰ ਦੀ ਨਜਰ ਨਾਲ ਦੇਖ।੧।ਰਹਾਉ।ਮੈਂ ਪੇਕੇ ਘਰ (ਇਸ ਜਨਮ) ਵਿਚ ਪਤੀ ਪ੍ਰਭੂ ਤੋਂ ਵਿਛੜੀ ਹੋਈ ਦੁਹਾਗਣ ਹਾਂ, (ਹੁਣ) ਸਹੁਰੇ ਘਰ (ਪਤੀ ਦੇ ਹਜ਼ੂਰੀ) ਵਿਚ ਕਿਵੇਂ ਜਾ ਸਕਦੀ ਹਾਂ? ਮੈਂ ਗਲ ਤਕ ਔਗਣਾਂ ਨਾਲ ਭਰੀ ਪਈ ਹਾਂ, (ਕਾਮਾਦਿਕ ਠੱਗਾਂ ਤੋਂ) ਲੁੱਟੀ ਜਾ ਰਹੀ ਹਾਂ ਅਤੇ ਪਤੀ ਪ੍ਰਭੂ ਤੋਂ ਬਿਨਾ ਝੁਰ (ਦੁਖੀ ਹੋ) ਕੇ ਮਰ ਰਹੀ ਹਾਂ।੨।ਜੇ ਮੈਂ ਪੇਕੇ ਘਰ (ਇਸ ਜਨਮ) ਵਿਚ ਪਤੀ ਪ੍ਰਭੂ ਨੂੰ ਯਾਦ ਕਰਾਂ, ਤਾਂ ਮੇਰਾ ਵਾਸਾ ਸਹੁਰੇ ਘਰ (ਪਤੀ ਦੀ ਹਜ਼ੂਰੀ) ਵਿਚ ਵਾਸਾ ਹੋ ਸਕਦਾ ਹੈ।(ਉਹ) ਸੁਹਾਗਣਾਂ ਸੁਖ ਨਾਲ ਸੌਂਦੀਆਂ ਹਨ (ਉਮਰ ਰੂਪ ਰਾਤ ਸੁਖ ਨਾਲ ਗੁਜਾਰਦੀਆਂ; ਪਤੀ ਦੇ ਮੇਲ ਦਾ ਅਨੰਦ ਮਾਣਦੀਆਂ ਹਨ, ਜਿਨ੍ਹਾਂ ਨੇ) ਗੁਣਾਂ ਦੇ ਖਜਾਨੇ ਪ੍ਰਭੂ ਨੂੰ ਪਾਇਆ ਹੈ।੩।(ਦੁਹਾਗਣਾਂ ਭਾਵੇਂ) ਰੇਸ਼ਮ ਦੀ ਰਜਾਈ, ਤੁਲਾਈ ਤੇ ਰੇਸ਼ਮੀ ਕਪੜਾ ਬਣਾ ਕੇ ਸਰੀਰ ਤੇ ਪਹਿਨ ਲੈਣ (ਚੰਗੇ ਕਰਮ ਕਰ ਲੈਣ ਤੇ ਭੇਖ ਵੀ ਬਣਾ ਲੈਣ।ਪਰ ਜਿਹੜੀਆਂ) ਡੋਹਾਗਣਾਂ ਪਤੀ ਪ੍ਰਭੂ ਦੀਆਂ ਛੱਡੀਆਂ ਹੋਈਆਂ ਹਨ, ਉਨ੍ਹਾਂ ਦੀ ਜੀਵਨ ਰੂਪ ਰਾਤ ਦੁੱਖਾਂ ਵਿਚ ਹੀ ਬੀਤਦੀ ਹੈ।੪।

ਪਦਾਰਥ = ਕਾਫੀ–ਇਕ ਰਾਗਣੀ ਹੈ, ਜੋ ਮਾਰੂ ਨਾਲ ਮਿਲਾ ਕੇ ਗਾਉਣ ਦੀ ਹਦਾਇਤ ਹੈ।ਆਵਉ ਵੰਞਉ–ਮੈਂ ਆਉਂਦੀ ਜਾਂਦੀ (ਜੰਮਦੀ ਮਰਦੀ ਰਹਿੰਦੀ) ਹਾਂ।ਡੁੰਮਣੀ–ਦੁਚਿੱਤੀ ਹੋ ਕੇ; ਉਦਾਸ ਹੋਈ।ਕਿਤੀ–ਕਿਤਨੇ ਹੀ।ਕਰੇਉ–ਮੈਂ ਕਰਦੀ (ਬਣਾਉਂਦੀ) ਹਾਂ। ਸਾਧਨ–ਸਾਧ੍ਰੀ; ਜੀਵ ਇਸਤ੍ਰੀ।ਢੋਈ–ਆਸਰਾ।ਨ ਲਹੈ–ਨਹੀਂ ਲਭਦਾ।ਵਾਢੀ–ਵਿਛੜੀ ਹੋਈ; ਪਰਦੇਸਣ।ਧੀਰੇਉ–ਧੀਰਜ ਪ੍ਰਾਪਤ ਕਰਾਂ।੧।ਮੈਡਾ–ਮੇਰਾ।ਰਤਾ–ਰੰਗਿਆ ਹੋਇਆ ਹੈ।ਪਿਰ–ਪਤੀ।ਹਉ–ਮੈਂ।ਘੋਲਿ ਘੁਮਾਈ–ਕੁਰਬਾਨ ਜਾਂਦੀ ਹਾਂ।ਖੰਨੀਐ ਕੀਤੀ–ਟੋਟੇ ਟੋਟੇ ਹੁੰਦੀ (ਵਾਰਨੇ ਜਾਂਦੀ) ਹਾਂ।ਹਿਕ–ਇਕ।ਭੋਰੀ–ਰੱਤਾ ਕੁ ਸਮਾਂ।ਨਦਰਿ–ਮੇਹਰ ਦੀ ਨਜਰ ਨਾਲ।ਨਿਹਾਲਿ–ਦੇਖ।੧। ਰਹਾਉ।ਪੇਈਅੜੈ–ਪੇਕੇ ਘਰ (ਸੰਸਾਰ) ਵਿਚ।ਡੋਹਾਗਣੀ–ਮੰਦੇ ਭਾਗਾਂ ਵਾਲੀ; ਪਤੀ ਤੋਂ ਵਿਛੜੀ ਹੋਈ।ਸਾਹੁਰੜੈ–ਸਹੁਰੇ ਘਰ (ਪਤੀ ਦੀ ਹਜ਼ੂਰੀ) ਵਿਚ।ਗਲਿ–ਗਲ ਤਕ।ਮੁਠੜੀ–(ਕਾਮਾਦਿਕਾਂ ਤੋਂ) ਲੁੱਟੀ ਜਾ ਰਹੀ ਹਾਂ।ਝੂਰਿ ਮਰਾਉ–ਝੁਰ (ਦੁਖੀ ਹੋ) ਕੇ ਮਰ ਰਹੀ ਹਾਂ।੨।ਸੰਮਲਾ–ਜੇ ਮੈਂ ਯਾਦ ਕਰਾਂ; ਹਿਰਦੇ ਵਿਚ ਸੰਭਾਲ ਲਵਾਂ।ਘਰਿ–(ਪਤੀ ਪ੍ਰਭੂ ਦੇ) ਘਰ ਵਿਚ।ਸੁਖਿ–ਸੁਖ ਨਾਲ।ਸਵੰਧਿ– ਸੌਂਦੀਆਂ ਹਨ (ਕਈ ਬੀੜਾਂ ਵਿਚ ਪਾਠ 'ਸਵਨਿ' ਹੈ।ਸੋਹਾਗਣੀ–ਸੁਹਾਗਣਾਂ।ਗੁਣਤਾਸੁ–ਗੁਣਾਂ ਦਾ ਖਜਾਨਾ ਪ੍ਰਭੂ।੩।ਲੇਫੁ–ਰਜਾਈ। ਨਿਹਾਲੀ–ਤੁਲਾਈ।ਪਟ ਕੀ–ਰੇਸ਼ਨ ਦੀ।ਕਾਪੜ–ਕੱਪੜਾ।ਅੰਗਿ–ਸਰੀਰ ਉਤੇ।ਬਣਾਇ–ਬਣ ਕੇ।ਮੁਤੀ–ਛਡੀਆਂ ਹੋਈਆਂ।ਤਿਨ– ਉਨ੍ਹਾਂ ਦੀ।ਡੁਖੀ–ਦੁੱਖਾਂ ਵਿਚ।ਰੈਣਿ–(ਜੀਵਨ ਰੂਪ) ਰਾਤ।ਵਿਹਾਇ–ਬੀਤਦੀ ਹੈ।੪।

ਸਾਰੰਸ਼ = ਇਸਤ੍ਰੀ ਭਾਵੇਂ ਕਿੰਨੇ ਸੁਖ ਦੇ ਵੇਸ ਪਈ ਕਰੇ, ਜਦ ਤੋੜੀ ਪਤੀ ਦੀ ਨਹੀਂ ਬਣਦੀ ਤੇ ਉਹ ਇਸ ਨੂੰ ਨਹੀਂ ਅਪਣਾਂਦਾ, ਤਦ ਤੋੜੀ ਉਸ ਦਾ ਸਾਰਾ ਸ਼ਿੰਗਾਰ ਬਿਰਥਾ ਜਾਂਦਾ ਹੈ।ਇਸੇ ਤਰ੍ਹਾਂ ਮਨੁੱਖ ਭਾਵੇਂ ਕਿੰਨੇ ਸਾਧਨ ਪਿਆ ਕਰੇ, ਜਦ ਤਕ ਹਰੀ ਨੂੰ ਪ੍ਰੇਮ

ਕਰਕੇ ਉਸ ਦਾ ਭਗਤ ਨਹੀਂ ਬਣ ਜਾਂਦਾ, ਤਦ ਤਕ ਉਸ ਦਾ ਜੀਵਨ ਸਫਲ ਨਹੀਂ ਹੋ ਸਕਦਾ।ਮਨੁੱਖ ਨੂੰ ਚਾਹੀਦਾ ਹੈ ਕਿ ਹਉਮੈ ਛਡ ਕੇ ਗੁਰੂ ਤੋਂ ਸੱਚਾ ਗਿਆਨ ਹਾਸਲ ਕਰੇ ਤੇ ਹਰੀ ਦਾ ਬਣ ਜਾਏ। (ਸ਼ਬਦਾਰਥ)

ਅੰਗ ੧੦੧੫ = ਕਿਤੀ ਚਖਉ ਸਾਡੜੇ, ਕਿਤੀ ਵੇਸ ਕਰੇਉ ॥ ਪਿਰ ਬਿਨੁ ਜੋਬਨੁ ਬਾਦਿ ਗਇਅਮੁ ,ਵਾਢੀ ਝੂਰੇਦੀ ਝੂਰੇਉ ॥੫॥ ਸਚੇ ਸੰਦਾ ਸਦੜਾ, ਸੁਣੀਐ ਗੁਰ ਵੀਚਾਰਿ ॥ ਸਚੇ ਸਚਾ ਬੈਹਣਾ, ਨਦਰੀ ਨਦਰਿ ਪਿਆਰਿ ॥੬॥ ਗਿਆਨੀ ਅੰਜਨੁ ਸਚ ਕਾ, ਡੇਖੈ ਡੇਖਣਹਾਰੁ ॥ ਗੁਰਮੁਖਿ ਬੂਝੈ ਜਾਣੀਐ, ਹਉਮੈ ਗਰਬੁ ਨਿਵਾਰਿ ॥੭॥ ਤਉ ਭਾਵਨਿ ਤਉ ਜੇਹੀਆ, ਮੂ ਜੇਹੀਆ ਕਿਤੀਆਹ ॥ ਨਾਨਕ ਨਾਹੁ ਨ ਵੀਛੁੜੈ, ਤਿਨ ਸਚੈ ਰਤੜੀਆਹ ॥੮॥੧॥੯॥ ਮੈਂ ਭਾਵੇਂ ਕਿਤਨੇ ਹੀ ਸੁਆਦਲੇ ਖਾਣੇ ਖਾ ਲਵਾਂ ਅਤੇ ਕਿਤਨੇ ਸੋਹਣੇ ਪਹਿਰਾਵੇ ਕਰ ਲਵਾਂ।(ਪਰ) ਪਤੀ ਪ੍ਰਭੂ ਤੋਂ ਬਿਨਾ ਮੇਰੀ ਜਵਾਨੀ ਬਿਰਥਾ ਚਲੇ ਗਈ ਹੈ, ਮੈਂ (ਪਤੀ ਪ੍ਰਭੂ ਤੋਂ) ਵਿਛੜੀ ਹੋਈ ਝੂਰ ਝੂਰ ਕੇ ਦੁਖੀ ਹੋ ਰਹੀ ਹਾਂ।੫।ਸੱਚੇ ਪਤੀ ਪ੍ਰਭੂ ਦਾ ਉਪਦੇਸ ਗੁਰੂ ਦੀ ਵਿਚਾਰ ਦੁਅਰਾ ਸੁਣਿਆ ਜਾਂਦਾ ਹੈ।ਸੱਚੇ ਦਾ ਪ੍ਰਭੂ ਦਾ (ਸਤ ਸੰਗ ਰੂਪ) ਸੱਚਾ ਅਸਥਾਨ (ਉਹ ਮਨੁੱਖ ਪ੍ਰਾਪਤ ਕਰਦਾ ਹੈ, ਜੋ) ਮੇਹਰ ਦੀ ਨਜਰ ਕਰਨ ਵਾਲੇ ਪ੍ਰਭੂ ਦੀ ਨਜਰ ਨਾਲ ਉਸ ਦੇ ਪਿਆਰ ਵਿਚ ਜੁੜਦਾ ਹੈ।੬।ਗਿਆਨਵਾਨ ਮਨੁੱਖ (ਮਨ ਬੁਧੀ ਅੱਖਾਂ ਵਿਚ) ਸੱਚੇ ਗਿਆਨ ਦਾ ਸੁਰਮਾ ਪਾਉਂਦਾ ਹੈ, (ਜਿਸ ਨਾਲ ਉਹ ਸਭ ਨੂੰ) ਦੇਖਣ ਵਾਲੇ ਪ੍ਰਭੂ ਨੂੰ ਦੇਖ ਸਕਦਾ ਹੈ।ਗੁਰੂ ਦੁਆਰਾ ਕੋਈ ਵਿਰਲਾ ਮਨੁੱਖ (ਇਸ ਭੇਦ ਨੂੰ) ਸਮਝਦਾ ਹੈ ਤੇ ਮੈ ਮੇਰੀ ਅਤੇ ਧਨ ਦੇ ਹੰਕਾਰ ਨੂੰ ਦੂਰ ਕਰਕੇ (ਇਸ ਗੱਲ ਨੂੰ) ਜਾਣੀਦਾ ਹੈ।੭।(ਹੇ ਪ੍ਰਭੂ! ਜਿਹੜੀਆਂ ਜੀਵ ਇਸਤ੍ਰੀਆਂ) ਤੈਨੂੰ ਚੰਗੀਆਂ ਲਗਦੀਆਂ ਹਨ, ਉਹ ਤੇਰੇ ਵਰਗੀਆਂ ਹੋ ਜਾਂਦੀਆਂ ਹਨ, ਮੇਰੇ ਜੇਹੀਆਂ (ਦੁਹਾਗਣਾਂ) ਕਿਤਨੀਆਂ ਹੀ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਜੀਵ ਇਸਤ੍ਰੀਆਂ) ਸੱਚੇ ਪ੍ਰਭੂ ਦੇ ਪ੍ਰੇਮ ਵਿਚ ਰੰਗੀਆਂ ਹੋਈਆਂ ਹਨ, ਉਨ੍ਹਾਂ ਤੋਂ ਪਤੀ ਪ੍ਰਭੂ ਵਿਛੜਦਾ ਨਹੀਂ।੮।੧।੯।

ਪਦਾਰਥ = ਕਿਤੀ–ਕਿਤਨੇ ਹੀ।ਚਖਉ–ਮੈਂ ਖਾਵਾਂ।ਸਾਡੜੇ–ਸੁਆਦਲੇ ਖਾਣੇ।ਵੇਸ–ਪਹਿਰਾਵੇ।ਕਰੇਉ–ਮੈਂ ਕਰ ਲਵਾਂ।ਪਿਰ–ਪਤੀ ਪ੍ਰਭੂ।ਬਾਦਿ–ਬਿਰਥਾ।ਜੋਬਨੁ ਗਇਅਮ–ਮੇਰਾ ਜੋਬਨ ਚਲੇ ਗਿਆ।ਵਾਢੀ–ਵਿਛੜੀ ਹੋਈ।ਝੂਰੇਦੀ ਝੂਰੇਉ–ਝੂਰਦੀ ਹੋਈ ਦੁਖੀ ਹੋਈ ਰਹਿੰਦੀ ਹਾਂ।੫।ਸਚੇ ਸੰਦਾ–ਸੱਚੇ ਪ੍ਰਭੂ ਦਾ।ਸਦੜਾ–ਉਪਦੇਸ਼।ਗੁਰ ਵੀਚਾਰਿ–ਗੁਰੂ ਦੀ ਵੀਚਾਰ ਦੁਆਰਾ।ਬੈਹਣਾ–ਬੈਠਕ (ਸਤਸੰਗ ਰੂਪ ਅਸਥਾਨ)।ਸਚੇ ਸਚਾ–ਸੱਚੇ ਪ੍ਰਭੂ ਦਾ ਸੱਚਾ।ਨਦਰੀ ਨਦਰਿ–ਮੇਹਰ ਦੀ ਨਜਰ ਕਰਨ ਵਾਲੇ ਦੀ ਨਜਰ ਨਾਲ।ਪਿਆਰਿ–ਪਿਆਰ ਵਿਚ।੬।ਗਿਆਨੀ–ਗਿਆਨਵਾਨ ਮਨੁੱਖ।ਅੰਜਨੁ–ਸੁਰਮਾ।ਸਚ ਕਾ–ਸੱਚੇ (ਗਿਆਨ) ਦਾ।ਦੇਖੈ–ਦੇਖਦਾ ਹੈ।ਡੇਖਣਹਾਰੁ–ਦੇਖਣ ਵਾਲੇ ਪ੍ਰਭੂ ਨੂੰ।ਗੁਰਮੁਖਿ–ਗੁਰੂ ਦੁਆਰਾ।ਬੂਝੈ–ਸਮਝਦਾ ਹੈ।ਜਾਣੀਐ–ਜਾਣੀਦਾ ਹੈ।ਗਰਬੁ–ਹੰਕਾਰ।ਨਿਵਾਰਿ–ਦੂਰ ਕਰਕੇ।੭।ਤਉ –ਤੈਨੂੰ–ਭਾਵਨਿ–ਚੰਗੀਆਂ ਲਗਦੀਆਂ ਹਨ।ਤਉ ਜੇਹੀਆ–ਤੇਰੇ ਵਰਗੀਆਂ।ਮੂ ਜੇਹੀਆ–ਮੇਰੇ ਵਰਗੀਆਂ।ਕਿਤੀਆਹ–ਕਿਤਨੀਆਂ ਹੀ (ਬੇਅੰਤ) ਹਨ।ਨਾਹੁ–ਪਤੀ ਪ੍ਰਭੂ।ਤਿਨ–ਉਨ੍ਹਾਂ ਤੋਂ।ਸਚੈ ਰਤੜੀਆਹ–ਸੱਚੇ ਪ੍ਰਭੂ ਦੇ ਪਿਆਰ ਵਿਚ ਰੰਗੀਆਂ ਹਨ।੮।੧।੯।

ਮਾਰੂ ਮਹਲਾ ੧ ॥ ਨਾ ਭੈਣਾ ਭਰਜਾਈਆ, ਨਾ ਸੇ ਸਸੁੜੀਆਹ ॥ ਸਚਾ ਸਾਕੁ ਨ ਤੁਟਈ, ਗੁਰੁ ਮੇਲੇ ਸਹੀਆਹ ॥੧॥ ਬਲਿਹਾਰੀ ਗੁਰ ਆਪਣੇ, ਸਦ ਬਲਿਹਾਰੈ ਜਾਉ ॥ ਗੁਰ ਬਿਨੁ ਏਤਾ ਭਵਿ ਥਕੀ, ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ ॥੧॥ਰਹਾਉ॥ ਫੁਫੀ ਨਾਨੀ ਮਾਸੀਆ, ਦੇਰ ਜੇਠਾਨੜੀਆਹ ॥ ਆਵਨਿ ਵੰਞਨਿ ਨਾ ਰਹਨਿ, ਪੂਰ ਭਰੇ ਪਹੀਆਹ ॥੨॥ ਮਾਮੇ ਤੈ ਮਾਮਾਣੀਆ, ਭਾਇਰ ਬਾਪ ਨ ਮਾਉ ॥ ਸਾਥ ਲਡੇ ਤਿਨ ਨਾਠੀਆ, ਭੀੜ ਘਣੀ ਦਰੀਆਉ ॥੩॥ ਸਾਚਉ ਰੰਗਿ ਰੰਗਾਵਲੋ, ਸਖੀ ਹਮਾਰੋ ਕੰਤੁ ॥ ਸਚਿ ਵਿਛੋੜਾ ਨ ਥੀਐ, ਸੋ ਸਹੁ ਰੰਗਿ ਰਵੰਤੁ ॥੪॥ ਨਾ ਭੈਣਾਂ, ਨਾ ਭਰਜਾਈਆਂ ਅਤੇ ਨਾ ਹੀ ਉਹ ਸੱਸਾਂ ਦਾ ਸਾਕ ਸਦਾ ਰਹਿਣ ਵਾਲਾ ਹੈ।(ਜਿਨ੍ਹਾਂ) ਸਤਸੰਗੀ ਸਹੇਲੀਆਂ ਨਾਲ ਗੁਰੂ ਮਿਲਾਉਂਦਾ ਹੈ {ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ੬੪੮}, (ਉਨ੍ਹਾਂ ਸਤਸੰਗੀ ਸਹੇਲੀਆਂ ਦਾ) ਸਾਕ ਸੱਚਾ ਹੈ (ਜੋ ਕਦੇ) ਟੁੱਟਦਾ ਨਹੀਂ।੧।ਮੈਂ ਅਪਣੇ ਗੁਰੂ ਤੋਂ ਬਲਿਹਾਰ ਹਾਂ, ਸਦਾ ਹੀ ਬਲਿਹਾਰ ਜਾਂਦੀ ਹਾਂ।ਗੁਰੂ ਤੋਂ ਬਿਨਾ ਮੈਂ ਅਨੇਕਾਂ ਜਨਮਾਂ ਵਿਚ ਫਿਰ ਫਿਰ ਕੇ ਥੱਕ ਗਈ ਹਾਂ, ਹੁਣ ਗੁਰੂ ਨੇ ਮੈਨੂੰ ਪਤੀ ਮਿਲਾਇਆ ਹੈ, (ਮੈਨੂੰ) ਮੇਰੇ ਪਤੀ ਨਾਲ ਦਿਤਾ ਹੈ।੧।ਰਹਾਉ।ਫੁਫੀਆਂ, ਨਾਨੀਆਂ, ਮਾਸੀਆਂ, ਦਿਰਾਣੀਆਂ ਤੇ ਜਿਠਾਣੀਆਂ।(ਇਹ ਵੀ ਸਾਡੇ ਵਾਂਗ ਸੰਸਾਰ ਵਿਚ) ਆਉਂਦੀਆਂ ਹਨ ਤੇ ਚਲੇ ਜਾਂਦੀਆਂ ਹਨ, (ਪਰ ਸਦਾ ਨਾਲ) ਨਹੀਂ ਰਹਿੰਦੀਆਂ, (ਇਸ ਤਰ੍ਹਾਂ ਸਾਕਾਂ) ਰਾਹੀਆਂ ਦੇ ਪੂਰ ਭਰੇ ਚਲੇ ਜਾਂਦੇ ਹਨ।੨।ਮਾਮੇ ਅਤੇ ਮਾਮੀਆਂ, ਭਰਾ, ਬਾਪ ਅਤੇ ਮਾਂ (ਪ੍ਰਲੋਕ ਵਿਚ ਕੋਈ) ਸਾਥ ਨਹੀਂ ਜਾਂਦਾ।ਉਨ੍ਹਾਂ ਪ੍ਰਾਹੁਣਿਆਂ (ਚੱਲਣਹਾਰ ਜੀਵਾਂ) ਦੇ ਕਾਫਲੇ ਲੱਦੇ ਜਾ ਰਹੇ ਹਨ, ਸੰਸਾਰ ਸਮੁੰਦਰ ਵਿਚ ਆਵਾਜਾਈ (ਜਨਮ ਮਰਨ) ਦੀ ਬਹੁਤ ਭੀੜ ਬਣੀ ਰਹਿੰਦੀ ਹੈ।੩।ਹੇ ਸਖੀਓ! ਸਾਡਾ ਪਤੀ ਪ੍ਰਭੂ ਸੱਚਾ ਹੈ ਅਤੇ ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ।(ਜੋ ਜੀਵ ਇਸਤ੍ਰੀ) ਸੱਚੇ ਨਾਮ ਵਿਚ ਰੰਗੀ ਹੋਈ ਹੈ, (ਉਸ ਦਾ ਪਤੀ ਪ੍ਰਭੂ ਨਾਲੋਂ ਕਦੇ) ਵਿਛੋੜਾ ਨਹੀਂ ਹੁੰਦਾ, ਉਹ ਪਤੀ ਪ੍ਰਭੂ (ਉਸ ਜੀਵ ਇਸਤ੍ਰੀ ਨੂੰ) ਪ੍ਰੇਮ ਨਾਲ ਮਾਣਦਾ ਹੈ; ਉਹ

ਪਤੀ ਪ੍ਰਭੂ ਨੂੰ ਪਿਆਰ ਨਾਲ ਸਿਮਰਦੀ ਹੈ (ਸ਼ਬਦਾਰਥ)।੪।

ਪਦਾਰਥ = ਸੇ-ਉਹ।ਸਸੁੜੀਆਹ-ਸੱਸ ਦਾ।ਸਾਕੁ-ਰਿਸ਼ਤੇਦਾਰੀ।ਸਹੀਆਹ-ਸਹੇਲੀਆਂ (ਸਤਸੰਗੀਆਂ) ਦਾ।੧।ਬਲਿਹਾਰੀ-ਕੁਰਬਾਨ ਹਾਂ।ਸਦ-ਸਦਾ।ਜਾਉ-ਮੈਂ ਜਾਂਦੀ ਹਾਂ।ਏਤਾ-ਇਤਨਾ (ਬਹੁਤ)।ਭਵਿ-ਫਿਰ ਫਿਰ ਕੇ।ਥਕੀ-ਥੱਕ ਗਈ ਹਾਂ।ਗੁਰਿ-ਗੁਰੂ ਨੇ।ਮੇਲਿਮੁ-ਮੈਨੂੰ ਮਿਲਾਇਆ।ਦਿਤਮੁ ਮਿਲਾਇ-ਮੈਨੂੰ ਮਿਲਾ ਦਿਤਾ।੧।ਰਹਾਉ।ਫੁਫੀ-ਭੂਆ।ਦੇਰ-ਦਿਰਾਣੀਆਂ।ਜੇਠਾਨੜੀਆਹ-ਜਿਠਾਣੀਆਂ।ਆਵਨਿ ਵੰਞਨਿ-ਆਉਂਦੀਆਂ ਤੇ ਚਲੇ ਜਾਂਦੀਆਂ ਹਨ।ਪੂਰ ਪਹੀਆਹ-(ਬੇੜੀ ਵਿਚ ਬੈਠੇ) ਰਾਹੀਆਂ ਦਾ ਟੋਲਾ।੨।ਤੈ-ਅਤੇ।ਮਾਮਾਣੀਆ-ਮਾਮੀਆਂ।ਭਾਇਰ-ਭਰਾ।ਮਾਉ-ਮਾਂ।ਸਾਥ-ਕਾਫਲੇ।ਲਡੇ-ਲੱਦੇ ਜਾ ਰਹੇ ਹਨ।ਤਿਨ-ਉਨ੍ਹਾਂ ਦੇ।ਨਾਠੀਆ-ਪ੍ਰਾਹੁਣਿਆਂ ਦੇ।ਘਣੀ-ਬਹੁਤ।ਦਰੀਆਉ-ਦਰਿਆ ਦੇ ਪੱਤਣ ਤੇ; ਸੰਸਾਰ ਸਮੁੰਦਰ ਵਿਚ।੩।ਰੰਗਿ ਰੰਗਾਵਲੋ-ਪ੍ਰੇਮ ਰੰਗ ਵਿਚ ਰੰਗਣ ਵਾਲਾ ਹੈ; ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ।ਸਖੀ-ਹੇ ਸਖੀਓ!।ਸਚਿ-ਸੱਚੇ ਨਾਮ ਵਿਚ।ਨ ਥੀਐ-ਨਹੀਂ ਹੁੰਦਾ।ਸੋ-ਉਹ।ਸਹੁ-ਪਤੀ ਪ੍ਰਭੂ।ਰੰਗਿ ਰਵੰਤੁ-ਪਿਆਰ ਨਾਲ ਮਾਣਦਾ ਹੈ; ਪ੍ਰੇਮ ਨਾਲ ਸਿਮਰਦੀ ਹੈ।੪।

ਸਭੇ ਰੁਤੀ ਚੰਗੀਆ, ਜਿਤੁ ਸਚੇ ਸਿਉ ਨੇਹੁ ॥ ਸਾਧਨ ਕੰਤੁ ਪਛਾਣਿਆ, ਸੁਖਿ ਸੁਤੀ ਨਿਸਿ ਡੇਹੁ ॥੫॥ ਪਤਣਿ ਕੂਕੇ ਪਾਤਣੀ, ਵੰਞਹੁ ਧ੍ਰੁਕਿ ਵਿਲਾੜਿ ॥ ਪਾਰਿ ਪਵੰਦੜੇ ਡਿਠੁ ਮੈ, ਸਤਿਗੁਰ ਬੋਹਿਥਿ ਚਾੜਿ ॥੬॥ ਹਿਕਨੀ ਲਦਿਆ ਹਿਕਿ ਲਦਿ ਗਏ, ਹਿਕਿ ਭਾਰੇ ਭਰ ਨਾਲਿ ॥ ਜਿਨੀ ਸਚੁ ਵਣੰਜਿਆ, ਸੇ ਸਚੇ ਪ੍ਰਭ ਨਾਲਿ ॥੭॥ ਨਾ ਹਮ ਚੰਗੇ ਆਖੀਅਹਿ, ਬੁਰਾ ਨ ਦਿਸੈ ਕੋਇ ॥ ਨਾਨਕ ਹਉਮੈ ਮਾਰੀਐ, ਸਚੇ ਜੇਹੜਾ ਸੋਇ ॥੮॥੨॥੧੦॥ (ਹੇ ਭਾਈ! ਉਹ) ਸਾਰੀਆਂ ਰੁੱਤਾਂ ਚੰਗੀਆਂਹਨ, ਜਿਸ (ਰੁੱਤ ਵਿਚ) ਸੱਚੇ ਪ੍ਰਭੂ ਨਾਲ ਪਿਆਰ ਪੈ ਜਾਵੇ।(ਜਿਸ) ਜੀਵ ਇਸਤ੍ਰੀ ਨੇ ਪਤੀ ਪ੍ਰਭੂ ਨੂੰ ਪਛਾਣ ਲਿਆ ਹੈ, (ਉਹ) ਰਾਤ ਦਿਨ ਸੁਖ ਨਾਲ ਸੁੱਤੀ ਹੈ (ਸ਼ਾਂਤ ਚਿੱਤ ਤੇ ਪੂਰਨ ਅਨੰਦ ਨਾਲ ਰਹਿੰਦੀ ਹੈ)।੫।(ਹੇ ਭਾਈ! ਸੰਸਾਰ ਨਦੀ ਦੇ) ਪੱਤਣ ਉਤੇ ਗੁਰੂ ਰੂਪ ਮਲਾਹ (ਜੀਵ ਰੂਪ ਮੁਸਾਫਰਾਂ ਨੂੰ) ਪੁਕਾਰ ਰਿਹਾ ਹੈ ਕਿ ਦੌੜ ਕੇ ਛੇਤੀ (ਨਾਮ ਦੇ ਜਹਾਜ ਵਿਚ ਸਵਾਰ ਹੋ ਕੇ ਸੰਸਾਰ ਨਦੀ ਤੋਂ) ਪਾਰ ਲੰਘ ਜਾਓ।(ਜਿਨ੍ਹਾਂ ਪੁਰਖਾਂ ਨੂੰ) ਸਤਿਗੁਰੂ ਨੇ ਨਾਮ ਦੇ ਜਹਾਜ ਵਿਚ ਚਾੜ੍ਹਿਆ ਹੈ, (ਉਹ ਅਨੇਕਾਂ ਜੀਵ ਸੰਸਾਰ ਨਦੀ ਤੋਂ) ਪਾਰ ਹੁੰਦੇ ਮੈਂ ਆਪ ਦੇਖੇ ਹਨ।੬।ਇਕਨਾ ਨੇ (ਗੁਰੂ ਦੀ ਪੁਕਾਰ ਸੁਣ ਕੇ ਜਹਾਜ ਵਿਚ) ਨਾਮ ਰੂਪ ਸੌਦਾ ਲੱਦ ਲਿਆ ਅਤੇ ਕਈ (ਜੀਵ ਨਾਮ ਦਾ ਸੌਦਾ) ਲੱਦ ਕੇ ਪਾਰ ਲੰਘ ਗਏ ਹਨ, ਕਈ (ਜਿਨ੍ਹਾਂ ਨੇ ਗੁਰੂ ਦੀ ਪੁਕਾਰ ਦੀ ਪ੍ਰਵਾਹ ਨਹੀਂ ਕੀਤੀ, ਉਹ) ਪਾਪਾਂ ਦੇ ਭਾਰ ਨਾਲ ਸੰਸਾਰ ਸਮੁੰਦਰ ਵਿਚ ਡੁਬ ਗਏ ਹਨ (ਆਵਾਗੌਣ ਦੇ ਗੇੜ ਵਿਚ ਪਏ ਰਹਿੰਦੇ ਹਨ)।ਜਿਨ੍ਹਾਂ ਪੁਰਖਾਂ ਨੇ ਸਚੇ ਨਾਮ ਦਾ ਵਪਾਰ ਕੀਤਾ ਹੈ, ਉਹ ਸੱਚੇ ਪ੍ਰਭੂ ਨਾਲ ਮਿਲ ਗਏ ਹਨ; ਉਹ ਪੁਰਖ ਸੱਚੇ ਹਨ ਅਤੇ ਪ੍ਰਭੂ ਨਾਲ ਮਿਲ ਗਏ ਹਨ (ਫ.ਸ.; ਟਕਸਾਲ)।੭।(ਹੇ ਭਾਈ!) ਅਸੀਂ ਚੰਗੇ ਨਹੀਂ ਆਖੇ ਜਾ ਸਕਦੇ ਅਤੇ (ਜਗਤ ਵਿਚ ਸਾਥੋਂ) ਬੁਰਾ ਮਨੁੱਖ ਵੀ ਕੋਈ ਨਹੀਂ ਦਿਸਦਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ) ਹਉਮੈ ਮਾਰ ਲਈ ਹੈ, ਉਹ ਸੱਚੇ ਪ੍ਰਭੂ ਵਰਗਾ ਹੀ ਹੋ ਜਾਂਦਾ ਹੈ।੮।੨।੧੦।

ਪਦਾਰਥ = ਰੁਤੀ-ਰੁੱਤਾਂ।ਜਿਤੁ-ਜਿਸ (ਰੁੱਤ) ਵਿਚ।ਸਚੇ ਸਿਉ-ਸੱਚੇ ਪ੍ਰਭੂ ਨਾਲ।ਨੇਹੁ-ਪਿਆਰ।ਸਾਧਨ-ਜੀਵ ਇਸਤ੍ਰੀ; ਸਾਧ੍ਵੀ। ਕੰਤੁ-ਪਤੀ ਪ੍ਰਭੂ ਨੂੰ।ਸੁਖਿ-ਸੁੱਖ ਨਾਲ।ਨਿਸਿ-ਰਾਤ।ਡੇਹੁ-ਦਿਨ।੫।ਪਤਣਿ-(ਦਰਿਆ ਦੇ) ਪੱਤਣ ਉਤੇ।ਕੂਕੇ-ਪੁਕਾਰਦਾ ਹੈ। ਪਾਤਣੀ-ਗੁਰੂ ਮਲਾਹ।ਵੰਞਹੁ-ਜਾਓ।ਧ੍ਰੁਕਿ-ਦੌੜ ਕੇ; ਛੇਤੀ (ਮ.ਕੋ.; ਬਾ.ਪ੍ਰ.; ਟਕਸਾਲ)।ਵਿਲਾੜਿ-ਲੰਘ (ਜਾਓ); ਦੌੜ ਕੇ (ਮ.ਕੋ. ;ਬਾ. ਪ੍ਰ.)।ਪਾਰਿ ਪਵੰਦੜੇ-ਪਾਰ ਪੈਂਦੇ।ਡਿਠੁ ਮੈ-ਮੈਂ ਦੇਖੇ ਹਨ।ਬੋਹਿਥਿ-ਜਹਾਜ ਵਿਚ।ਚਾੜਿ-ਚਾੜ੍ਹਿਆ ਹੈ।੬।ਹਿਕਨੀ-ਕਈ ਜੀਵਾਂ ਨੇ।ਹਿਕਿ-ਕਈ ਜੀਵ।ਲਦਿ ਗਏ-ਲੱਦ ਕੇ ਪਾਰ ਹੋ ਗਏ।ਭਾਰੇ-ਪਾਪਾਂ ਦੇ ਭਾਰ ਨਾਲ।ਭਰਨਾਲਿ-ਸਮੁੰਦਰ ਵਿਚ (ਡੁਬ ਗਏ)।ਜਿਨੀ-ਜਿਨ੍ਹਾਂ ਨੇ।ਸਚੁ-ਸਚਾ ਨਾਮ ਰੂਪ ਸੌਦਾ।ਵਣਜਿਆ-ਵਪਾਰ ਕੀਤਾ; ਖ੍ਰੀਦਿਆ।ਸੇ-ਉਹ।੭।ਆਖਅਹਿ-ਆਖੇ ਜਾ ਸਕਦੇ।ਮਾਰੀਐ-ਮਾਰ ਲਈ ਹੈ।ਸਚੇ ਜੇਹੜਾ-ਸੱਚੇ ਪ੍ਰਭੂ ਜੇਹਾ (ਵਰਗਾ)।ਸੋਇ-ਉਹ (ਮਨੁੱਖ)।੮।੨।੧੦।

ਮਾਰੂ ਮਹਲਾ ੧ ॥ ਨਾ ਜਾਣਾ ਮੂਰਖੁ ਹੈ ਕੋਈ, ਨਾ ਜਾਣਾ ਸਿਆਣਾ ॥ ਸਦਾ ਸਾਹਿਬ ਕੈ ਰੰਗੇ ਰਾਤਾ, ਅਨਦਿਨੁ ਨਾਮੁ ਵਖਾਣਾ ॥੧॥ ਬਾਬਾ ਮੂਰਖੁ ਹਾ, ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ, ਤੇਰੈ ਨਾਮਿ ਤਰਾਉ ॥੧॥ਰਹਾਉ॥ ਮੂਰਖੁ ਸਿਆਣਾ ਏਕੁ ਹੈ, ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ, ਜਿ ਮੰਨੇ ਨਾਹੀ ਨਾਉ ॥੨॥ ਗੁਰ ਦੁਆਰੈ ਨਾਉ ਪਾਈਐ, ਬਿਨੁ ਸਤਿਗੁਰ ਪਲੈ ਨ ਪਾਇ ॥ ਸਤਿਗੁਰ ਕੈ ਭਾਣੈ ਮਨਿ ਵਸੈ, ਤਾ ਅਹਿਨਿਸਿ ਰਹੈ ਲਿਵ ਲਾਇ ॥੩॥ ਰਾਜੰ ਰੰਗੰ ਰੂਪੰ ਮਾਲੰ, ਜੋਬਨੁ ਤੇ ਜੂਆਰੀ ॥ ਹੁਕਮੀ ਬਾਧੇ ਪਾਸੈ ਖੇਲਹਿ, ਚਉਪੜਿ ਏਕਾ ਸਾਰੀ ॥੪॥ (ਹੇ ਪ੍ਰਭੂ!) ਮੈਂ ਨਹੀਂ ਜਾਣਦਾ ਕਿ ਕੋਈ ਮਨੁੱਖ (ਅਪਣੇ ਆਪ ਤੋਂ) ਮੂਰਖ ਹੈ ਅਤੇ ਨਾ ਹੀ ਮੈਂ ਜਾਣਦਾ ਹੈ ਕਿ ਕੋਈ ਮਨੁੱਖ (ਅਪਣੇ ਆਪ ਤੋਂ) ਸਿਆਣਾ ਹੈ (ਮੈਂ ਕਿਸੇ ਦੀ ਮੂਰਖਤਾ ਤੇ ਸਿਆਣਪ ਨੂੰ ਸੰਸਾਰੀ

ਮਾਪ ਨਾਲ ਨਹੀਂ ਮਾਪਦਾ, ਜੋ ਮਨੁੱਖ ਨਾਮ ਨਹੀਂ ਜਪਦਾ, ਉਹ ਕੁਛ ਵੀ ਨਹੀਂ){ਨਾ ਕੋ ਮੂਰਖੁ ਨਾ ਕੋ ਸਿਆਣਾ। ਵਰਤੈ ਸਭ ਕਿਛੁ ਤੇਰਾ ਭਾਣਾ ੯੮}। ਮੈਂ ਤਾਂ ਸਦਾ ਮਾਲਕ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਹਰ ਰੋਜ ਨਾਮ ਉਚਾਰਾਦਾ ਹਾਂ।੧। ਹੇ ਪ੍ਰਭੂ! ਮੈਂ (ਦੁਨੀਆਂ ਦੀ ਨਜਰਾਂ ਵਿਚ) ਮੂਰਖ ਹਾਂ, (ਪਰ) ਮੈਂ ਤੇਰੇ ਨਾਮ ਤੋਂ ਬਲਿਹਾਰ ਜਾਂਦਾ ਹਾਂ {ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ। ਕੋਈ ਆਖੈ ਆਦਮੀ ਨਾਨਕੁ ਵੇਚਾਰਾ ੯੯੧}। ਤੂੰ (ਸਾਰੀ ਸ੍ਰਿਸਟੀ ਦਾ) ਸਿਰਜਨਹਾਰ ਹੈਂ, ਤੂੰ (ਸਾਰੇ ਜੀਵਾਂ ਦੇ ਦਿਲਾਂ ਦੀ) ਜਾਨਣ ਵਾਲਾ ਅਤੇ (ਸਭ ਜੀਵਾਂ ਦੇ ਕਰਮ) ਦੇਖਣ ਵਾਲਾ ਹੈਂ, (ਮੈਨੂੰ ਯਕੀਨ ਹੈ ਕਿ) ਮੈਂ ਤੇਰੇ ਨਾਮ ਦੁਆਰਾ ਹੀ (ਭਵਜਲ ਤੋਂ) ਤਰ ਸਕਦਾ ਹਾਂ। ੧। ਰਹਾਉ। (ਹੇ ਭਾਈ!) ਮੂਰਖ ਤੇ ਸਿਆਣਾ ਇਕੋ ਹੀ ਹੈ (ਕਿਸੇ ਮਨੁੱਖ ਅੰਦਰ ਉਹ ਮੂਰਖ ਹੈ ਅਤੇ ਕਿਸੇ ਅੰਦਰ ਉਹ ਸਿਆਣਾ ਹੈ, ਕਿਉਂਕਿ ਦੋਹਾਂ ਅੰਦਰ) ਇਕੋ ਜੋਤ ਹੈ, (ਪਰ ਗੁਣਾਂ ਕਰਕੇ ਉਨ੍ਹਾਂ ਦੇ) ਨਾਮ ਦੋ ਹਨ। ਮੂਰਖਾਂ ਵਿਚੋਂ ਉਹ ਮਨੁੱਖ ਵੱਡਾ ਮੂਰਖ ਹੈ, ਜਿਹੜਾ ਪ੍ਰਭੂ ਦੇ ਨਾਮ ਨੂੰ ਨਹੀਂ ਮੰਨਦਾ।੨। (ਹੇ ਭਾਈ!) ਪ੍ਰਭੂ ਦਾ ਨਾਮ ਗੁਰੂ ਦੇ ਦਰ ਤੋਂ ਪਾਈਦਾ ਹੈ, ਸਤਿਗੁਰੂ ਤੋਂ ਬਿਨਾ ਨਾਮ ਪੱਲੇ ਨਹੀਂ ਪੈਂਦਾ। ਜੇ ਸਤਿਗੁਰੂ ਦੇ ਭਾਣੇ ਵਿਚ ਚੱਲਿਆਂ ਮਨੁੱਖ ਦੇ ਮਨ ਵਿਚ ਨਾਮ ਵਸ ਜਾਵੇ, ਤਾਂ ਉਹ ਦਿਨ ਰਾਤ ਨਾਮ ਵਿਚ ਲਿਵ ਲਾਈ ਰਖਦਾ ਹੈ।੩। (ਜੋ ਮਨੁੱਖ) ਰਾਜ, ਰੰਗ ਤਮਾਸ਼ੇ, ਸੁੰਦਰ ਰੂਪ, ਮਾਲ ਤੇ ਜੋਬਨ ਵਿਚ ਮਸਤ ਹਨ, ਉਹ (ਜੀਵਨ ਦੀ ਬਾਜੀ ਜੂਏ ਵਿਚ ਹਾਰਨ ਵਾਲੇ) ਜੁਆਰੀਏ ਹਨ। (ਪਰ ਉਨ੍ਹਾਂ ਦੇ ਵਸ ਵਿਚ ਵੀ ਕੁਛ ਨਹੀਂ, ਉਹ ਵੀ) ਪ੍ਰਭੂ ਦੇ ਹੁਕਮ ਵਿਚ ਬੱਧੇ ਹੋਏ ਹਨ, ਸੰਸਾਰ ਰੂਪ ਚੌਪੜ ਵਿਚ ਜੀਵ ਇਕ ਗੋਟੀ ਬਣ ਕੇ ਜੀਵਨ ਦੀ ਬਾਜੀ ਖੇਡ ਰਹੇ ਹਨ।੪।

ਪਦਾਰਥ = ਨਾ ਜਾਣਾ–ਮੈਂ ਨਹੀਂ ਜਾਣਦਾ। ਰੰਗੇ–ਪ੍ਰੇਮ ਰੰਗ ਵਿਚ। ਰਾਤਾ–ਰੰਗਿਆ ਹੋਇਆ। ਅਨਦਿਨੁ–ਹਰ ਰੋਜ। ਵਖਾਣਾ–ਜਪਦਾ ਹਾਂ।੧। ਬਾਬਾ–ਹੇ ਪ੍ਰਭੂ! । ਹਾ–ਹਾਂ। ਨਾਵੈ–ਨਾਮ ਤੋਂ। ਬਲਿ ਜਾਉ–ਬਲਹਾਰ ਜਾਂਦਾ ਹਾਂ। ਕਰਤਾ–ਸਿਰਜਨਹਾਰ। ਦਾਨਾ–(ਸਾਰੇ ਜੀਵਾਂ ਦੇ) ਦਿਲਾਂ ਦੀ ਜਾਨਣ ਵਾਲਾ। ਬੀਨਾ–(ਸਭ ਜੀਵਾਂ ਦੇ ਕੰਮਾਂ ਨੂੰ) ਦੇਖਣ ਵਾਲਾ। ਨਾਮਿ–ਨਾਮ ਰਾਹੀਂ। ਤਰਾਉ–ਤਰ ਸਕਦਾ ਹਾਂ।੧। ਰਹਾਉ। ਜੋਤਿ–ਚੇਤਨ ਸੱਤਾ। ਸਿਰਿ–ਸਿਰੇ ਦਾ (ਵੱਡਾ)। ਜਿ–ਜਿਹੜਾ। ਮੰਨੇ ਨਾਹੀ–ਅੰਗੀਕਾਰ (ਮਨਜੂਰ) ਨਹੀਂ ਕਰਦਾ।੨। ਗੁਰ ਦੁਆਰੈ–ਗੁਰੂ ਦੇ ਦਰ ਤੋਂ; ਗੁਰੂ ਦੁਆਰਾ। ਪਲੈ ਨ ਪਾਇ–ਪੱਲੇ ਨਹੀਂ ਪੈਂਦਾ। ਭਾਣੈ–ਭਾਣੇ ਵਿਚ; ਮਰਜੀ ਅਨੁਸਾਰ। ਮਨਿ–ਮਨ ਵਿਚ। ਤਾ–ਤਾਂ; ਤਦ। ਅਹਿਨਿਸਿ–ਦਿਨ ਰਾਤ। ਲਿਵ ਲਾਇ–ਸੁਰਤ ਜੋੜੀ ਰੱਖਦਾ ਹੈ।੩। ਰੰਗ–ਰੰਗ ਤਮਾਸ਼ੇ। ਰੂਪੰ–ਸੁੰਦਰ ਰੂਪ। ਮਾਲੰ–ਮਾਲ ਧਨ। ਤੇ–ਉਹ। ਜੁਆਰੀ–ਜੁਆਰੀਏ। ਹੁਕਮੀ–ਹੁਕਮ ਵਿਚ। ਪਾਸੈ ਖੇਲਹਿ–ਗੋਟੀਆਂ ਦਾ ਪਾਸਾ ਸੁੱਟਦੇ ਹੋਏ ਖੇਲਦੇ ਹਨ। ਚਉਪੜ–ਇਕ ਖੇਡ। ਏਕਾ ਸਾਰੀ–ਇਕ ਨਰਦ (ਗੋਟੀ)।੪।

ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ, ਨਾਉ ਪੰਡਿਤ ਪੜਹਿ ਗਾਵਾਰੀ ॥ ਨਾਉ ਵਿਸਾਰਹਿ ਬੇਦੁ ਸਮਾਲਹਿ, ਬਿਖੁ ਭੂਲੇ ਲੇਖਾਰੀ ॥ ੫॥ ਨਾਮ ਦਾ ਪੰਡਤ ਹੋਣ ਕਰਕੇ ਜਗਤ ਵਿਚ ਚਤਰ ਤੇ ਸਿਆਣਾ ਸਮਝਿਆ ਜਾਂਦਾ ਹੈ, (ਪਰ ਉਹ) ਭਰਮ ਵਿਚ ਭੁੱਲਿਆ ਹੋਇਆ ਹੈ, (ਉਹ) ਵੇਦ ਸ਼ਾਸਤ੍ਰ ਵੀ ਪੜ੍ਹਦਾ ਹੈ, ਪਰ ਕੰਮ ਮੂਰਖਾਂ ਵਾਲੇ ਕਰਦਾ ਹੈ। (ਇਹ ਪੰਡਤ) ਵੇਦ ਨੂੰ ਸੰਭਾਲਦੇ ਹਨ, ਹਰੀ ਦੇ ਨਾਮ ਨੂੰ ਭੁਲਾ ਦੇਂਦੇ ਹਨ ਅਤੇ ਬਿਖ ਰੂਪ ਮਾਇਆ ਵਾਸਤੇ ਲਿਖਾਰੀ ਵੀ ਭੁੱਲੇ ਫਿਰਦੇ ਹਨ।੫।

ਅੰਗ ੧੦੧੬ = ਕਲਰ ਖੇਤੀ ਤਰਵਰ ਕੰਠੇ, ਬਾਗਾ ਪਹਿਰਹਿ ਕਜਲੁ ਝਰੈ ॥ ਏਹੁ ਸੰਸਾਰੁ ਤਿਸੈ ਕੀ ਕੋਠੀ, ਜੋ ਪੈਸੈ ਸੋ ਗਰਬਿ ਜਰੈ ॥੬॥ ਰਯਤਿ ਰਾਜੇ ਕਹਾ ਸਬਾਏ, ਦੁਹੁ ਅੰਤਰਿ ਸੋ ਜਾਸੀ ॥ ਕਹਤ ਨਾਨਕੁ ਗੁਰ ਸਚੇ ਕੀ ਪਉੜੀ, ਰਹਸੀ ਅਲਖੁ ਨਿਵਾਸੀ ॥੭॥੩॥੧੧॥ (ਹੇ ਭਾਈ! ਜਿਵੇਂ) ਕਲਰ ਵਾਲੀ ਜਮੀਨ ਵਿਚ ਖੇਤੀ ਨਹੀਂ ਉਗ ਸਕਦੀ (ਵਿਸ਼ੇ ਵਿਕਾਰਾਂ ਵਾਲੇ ਹਿਰਦੇ ਵਿਚ ਸ਼ੁੱਭ ਗੁਣ ਪੈਦਾ ਨਹੀਂ ਹੋ ਸਕਦੇ), ਦਰਿਆ ਦੇ ਕੰਢੇ ਤੇ ਦਰੱਖਤ ਬਹੁਤ ਚਿਰ ਖੜ੍ਹਾ ਨਹੀਂ ਰਹਿ ਸਕਦਾ (ਕਾਲ ਰੂਪ ਨਦੀ ਦੇ ਕਿਨਾਰੇ ਤੇ ਖੜ੍ਹਾ ਸਰੀਰ ਸਦਾ ਟਿਕਿਆ ਨਹੀਂ ਰਹਿ ਸਕਦਾ, ਜਿਵੇਂ ਜਿਹੜੇ ਮਨੁੱਖ) ਚਿੱਟੇ ਕੱਪੜੇ ਪਹਿਨਦੇ ਹਨ, (ਜੇ ਉਨ੍ਹਾਂ ਉਤੇ) ਕੱਜਲ ਝੜ ਰਿਹਾ ਹੋਵੇ, (ਤਾਂ ਉਹ ਚਿੱਟੇ ਕੱਪੜੇ ਕੱਜਲ ਤੋਂ ਬਚਾ ਕੇ ਨਹੀਂ ਰੱਖ ਸਕਦੇ ਭਾਵ ਮਾੜੀ ਸੰਗਤ ਦਾ ਦਾਗ ਹਿਰਦੇ ਤੇ ਜਰੂਰ ਲਗਦਾ ਹੈ। ਤਿਵੇਂ) ਇਹ ਸੰਸਾਰ ਤ੍ਰਿਸ਼ਨਾ ਦੀ ਕੋਠੀ ਹੈ, ਜੋ (ਮਨੁੱਖ ਇਸ ਵਿਚ) ਪੈਂਦਾ ਹੈ, ਉਹ ਹੰਕਾਰ ਵਿਚ ਸੜਦਾ ਹੈ।੬। ਰਾਜੇ ਤੇ ਉਨ੍ਹਾਂ ਦੀ ਪਰਜਾ ਸਾਰੇ ਕਿੱਥੇ ਹਨ? (ਸਭ ਇਥੋਂ ਚਲੇ ਗਏ ਹਨ, ਜੋ ਮਨੁੱਖ) ਦ੍ਵੈਤ ਅੰਦਰ ਹੈ, ਉਹ (ਮਰ ਕੇ ਪ੍ਰਲੋਕ ਨੂੰ) ਚਲੇ ਜਾਵੇਗਾ; ਧਰਤੀ ਤੇ ਅਕਾਸ਼ ਦੋਹਾਂ ਅੰਦਰ ਭਾਵ ਸੰਸਾਰ ਵਿਚ ਜੋ ਜੀਵ ਜੰਮਦਾ ਹੈ, ਉਹ ਇਥੋਂ ਚਲੇ ਜਾਵੇਗਾ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸੱਚੇ ਗੁਰੂ ਦੀ ਸਿੱਖਿਆ ਰੂਪ ਪਉੜੀ ਦਸਦੀ ਹੈ ਕਿ ਸਦਾ ਨਿਵਾਸ ਕਰਨ ਵਾਲਾ ਲੱਖਤਾ ਰਹਿਤ ਪ੍ਰਭੂ ਸਦਾ ਕਾਇਮ ਰਹੇਗਾ (ਬਾਕੀ ਸਾਰੀ ਦੁਨੀਆ ਨਾਸ਼ਵੰਤ ਹੈ); ਜੋ ਮਨੁੱਖ ਸੱਚੇ ਗੁਰੂ ਦੀ ਸਿੱਖਿਆ ਰੂਪ ਪਉੜੀ ਤੇ ਚੜ੍ਹਦਾ ਹੈ, ਉਹ ਸਦਾ ਕਾਇਮ ਰਹੇਗਾ ਅਤੇ ਅਲੱਖ ਪ੍ਰਭੂ ਦੇ ਨਗਰ ਦਾ ਵਾਸੀ ਹੋ ਜਾਵੇਗਾ।੭।੩।੧੧।

ਪਦਾਰਥ = ਜਗਿ–ਜਗਤ ਵਿਚ। ਭਰਮਿ ਭੁਲਾਣਾ–ਭਰਮ ਵਿਚ ਭੁੱਲਿਆ ਹੋਇਆ। ਪੜਹਿ–ਪੜ੍ਹਦੇ ਹਨ। ਗਾਵਾਰੀ–ਮੂਰਖਾਂ ਵਾਲੀ। ਵਿਸਾਰਹਿ–ਭੁਲਾ ਦੇਂਦੇ ਹਨ। ਸਮਾਲਹਿ–ਸੰਭਾਲਦੇ ਹਨ; ਪੜ੍ਹਦੇ ਹਨ। ਬਿਖੁ–ਮਾਇਆ। ਲੇਖਾਰੀ–ਲਿਖਣ ਵਾਲਾ ਮਨੁੱਖ।੫। ਕਲਰ–(ਕੱਲਰ ਪੜ੍ਹੋ) ਰੇਹੀ ਵਾਲੀ ਜਮੀਨ, ਜਿਸ ਵਿਚ ਖੇਤੀ ਨਹੀਂ ਉਗਦੀ। ਤਰਵਰ–ਦਰੱਖਤ। ਕੰਠੇ–ਦਰਿਆ ਦੇ ਕੰਢੇ। ਬਾਗਾ–ਚਿੱਟੇ ਕੱਪੜੇ। ਕਜਲੁ–ਕਾਲਖ। ਝਰੈ–ਝੜਦਾ (ਉਡ ਕੇ ਪੈਂਦਾ) ਹੈ। ਤਿਸੈ–ਤ੍ਰਿਸ਼ਨਾ। ਪੈਸੈ–ਪੈਂਦਾ ਹੈ। ਸੋ–ਉਹ। ਗਰਬਿ–ਹੰਕਾਰ ਵਿਚ। ਜਰੈ–ਜਲਦਾ ਹੈ।੬। ਰਯਤਿ–ਪਰਜਾ। ਕਹਾ–ਕਿੱਥੇ ਹਨ। ਸਬਾਏ–ਸਾਰੇ। ਦੁਹੁ ਅੰਤਰਿ–ਦ੍ਵੈਤ ਅੰਦਰ; ਧਰਤੀ ਤੇ ਅਸਮਾਨ ਦੋਹਾਂ ਅੰਦਰ ਭਾਵ ਇਸ ਸੰਸਾਰ ਵਿਚ। ਜਾਸੀ–ਚਲੇ (ਨਾਸ਼ ਹੋ) ਜਾਵੇਗਾ। ਰਹਸੀ–ਸਦਾ ਕਾਇਮ ਰਹੇਗਾ। ਅਲਖੁ–(ਅਲੱਖ ਪੜ੍ਹੋ) ਅਦ੍ਰਿਸ਼ਟ; ਜੋ ਜਾਣਿਆ ਨਾ ਜਾਵੇ। ਨਿਵਾਸੀ–ਨਿਵਾਸ ਕਰਨ ਵਾਲਾ।੭।੩।੧੧।

ਮਾਰੂ ਮਹਲਾ ੩ ਘਰੁ ੫ ਅਸਟਪਦੀ ੧ੴ ਸਤਿਗੁਰ ਪ੍ਰਸਾਦਿ ॥ ਜਿਸ ਨੋ ਪ੍ਰੇਮੁ ਮੰਨਿ ਵਸਾਏ ॥ ਸਾਚੈ ਸਬਦਿ ਸਹਜਿ ਸੁਭਾਏ ॥ ਏਹਾ ਵੇਦਨ ਸੋਈ ਜਾਣੈ, ਅਵਰੁ ਕਿ ਜਾਣੈ ਕਾਰੀ ਜੀਉ ॥੧॥ ਆਪੇ ਮੇਲੇ ਆਪਿ ਮਿਲਾਏ ॥ ਆਪਣਾ ਪਿਆਰੁ ਆਪੇ ਲਾਏ ॥ ਪ੍ਰੇਮ ਕੀ ਸਾਰ ਸੋਈ ਜਾਣੈ, ਜਿਸ ਨੋ ਨਦਰਿ ਤੁਮਾਰੀ ਜੀਉ ॥੧॥ਰਹਾਉ॥ ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥ ਸੋ ਜੋਗੀ ਇਹ ਜੁਗਤਿ ਪਛਾਣੈ, ਗੁਰ ਕੈ ਸਬਦਿ ਬੀਚਾਰੀ ਜੀਉ ॥੨॥ ਸੰਜੋਗੀ ਧਨ ਪਿਰ ਮੇਲਾ ਹੋਵੈ ॥ ਗੁਰਮਤਿ ਵਿਚਹੁ ਦੁਰਮਤਿ ਖੋਵੈ ॥ ਰੰਗ ਸਿਉ ਨਿਤ ਰਲੀਆ ਮਾਣੈ, ਅਪਣੇ ਕੰਤ ਪਿਆਰੀ ਜੀਉ ॥੩॥ ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥ ਸਤਿਗੁਰ ਮਿਲਿਐ ਮਰੈ ਮੰਦਾ, ਹੋਵੈ ਗਿਆਨ ਬੀਚਾਰੀ ਜੀਉ ॥੪॥ ਏਹੁ ਸਬਦੁ ਸਾਰੁ ਜਿਸ ਨੋ ਲਾਏ ॥ ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥ ਆਪਣ ਲੀਆ ਕਿਛੂ ਨ ਪਾਈਐ, ਕਰਿ ਕਿਰਪਾ ਕਲ ਧਾਰੀ ਜੀਉ ॥੫॥ ਹੇ ਭਾਈ! ਪ੍ਰਭੂ ਜਿਸ ਮਨੁੱਖ ਦੇ ਮਨ ਵਿਚ ਅਪਣਾ ਪ੍ਰੇਮ ਵਸਾ ਦੇਂਦਾ ਹੈ। ਉਹ ਸਹਿਜ ਸੁਭਾਵਕ ਹੀ ਸੱਚੇ ਪ੍ਰਭੂ ਦੇ ਸ਼ਬਦ ਵਿਚ ਟਿਕ ਜਾਂਦਾ ਹੈ। (ਪ੍ਰੇਮ ਦੀ) ਇਹ ਪੀੜ ਉਹ ਪ੍ਰਭੂ ਹੀ ਜਾਣਦਾ ਹੈ, ਹੋਰ ਦੂਜਾ (ਕੋਈ ਵੈਦ ਇਸ ਪੀੜ ਦਾ) ਇਲਾਜ ਕੀ ਜਾਣ ਸਕਦਾ ਹੈ? (ਨਹੀਂ ਜਾਣਦਾ)।੧। ਹੇ ਭਾਈ! ਪ੍ਰਭੂ ਅਪਣਾ ਪਿਆਰ ਆਪ ਹੀ ਲਾਉਂਦਾ ਹੈ। ਆਪ ਹੀ ਜੀਵ ਨੂੰ ਗੁਰੂ ਨਾਲ ਮਿਲਾ ਕੇ ਅਪਣੇ ਨਾਲ ਮਿਲ ਲੈਂਦਾ ਹੈ। ਹੇ ਪ੍ਰਭੂ! ਪ੍ਰੇਮ ਦੀ ਕਦਰ ਉਹ ਹੀ ਗੁਰਮੁਖ ਜਾਣਦਾ ਹੈ, ਜਿਸ ਉਤੇ ਤੇਰੀ ਮੇਹਰ ਦੀ ਨਜਰ ਹੁੰਦੀ ਹੈ।੧। ਰਹਾਉ। (ਹੇ ਭਾਈ! ਜਿਸ ਗੁਰਮੁਖ ਦੇ ਹਿਰਦੇ ਅੰਦਰ) ਗਿਆਨ ਦੀ ਨਜਰ ਜਾਗ ਪੈਂਦੀ ਹੈ, (ਉਹ ਅਪਣਾ) ਭਰਮ ਦੂਰ ਕਰ ਲੈਂਦਾ ਹੈ। ਅਤੇ ਉਹ ਗੁਰੂ ਦੀ ਕ੍ਰਿਪਾ ਨਾਲ ਉਚੀ ਤੋਂ ਉਚੀ ਪਦਵੀ ਪਾ ਲੈਂਦਾ ਹੈ। (ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਦੀ ਬਰਕਤ ਨਾਲ ਵਿਚਾਰਵਾਨ ਬਣ ਕੇ ਇਸ ਜੁਗਤੀ ਨੂੰ ਪਛਾਣ ਲੈਂਦਾ ਹੈ, ਉਹ (ਸੱਚਾ) ਜੋਗੀ ਹੈ।੨। (ਹੇ ਭਾਈ!) ਚੰਗੇ ਭਾਗਾਂ ਨਾਲ ਜੀਵ ਇਸਤ੍ਰੀ ਦਾ ਪਤੀ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ। ਗੁਰੂ ਦੀ ਸਿੱਖਿਆ ਦੁਆਰਾ (ਉਹ ਅਪਣੇ) ਮਨ ਵਿਚੋਂ ਖੋਟੀ ਮੱਤ ਦੂਰ ਕਰ ਦੇਂਦੀ ਹੈ। (ਉਹ) ਪ੍ਰੇਮ ਨਾਲ ਹਰ ਰੋਜ ਪਤੀ ਪ੍ਰਮਾਤਮਾ ਦੇ ਮਿਲਾਪ ਦਾ ਅਨੰਦ ਮਾਣਦੀ ਹੈ ਅਤੇ ਅਪਣੇ ਪਤੀ ਪ੍ਰਭੂ ਦੀ ਪਿਆਰੀ ਬਣ ਜਾਂਦੀ ਹੈ।੩। ਹੇ ਭਾਈ! ਸਤਿ ਗੁਰੂ ਦੇ ਬਿਨਾ (ਇਸ ਪੀੜ ਦਾ ਇਲਾਜ ਕਰਨ ਵਾਲਾ ਹੋਰ) ਕੋਈ ਵੈਦ ਨਹੀਂ ਹੈ। (ਜਿਸ ਮਨੁੱਖ ਦਾ ਇਲਾਜ ਸਤਿਗੁਰੂ ਕਰ ਦੇਂਦਾ ਹੈ, ਉਸ ਨੂੰ ਦਿਸ ਪੈਂਦਾ ਹੈ ਕਿ) ਉਹ ਮਾਇਆ ਰਹਿਤ ਪ੍ਰਭੂ ਆਪੇ ਆਪ ਸਭ ਜਗ੍ਹਾ ਮੌਜੂਦ ਹੈ; (ਸਤਿਗੁਰੂ) ਆਪ ਉਸ ਨਿਰੰਜਨ ਪ੍ਰਭੂ ਦਾ ਅਪਣਾ ਸਰੂਪ ਹੈ। ਸਤਿਗੁਰੂ ਦੇ ਮਿਲਣ ਨਾਲ (ਜੀਵ ਦਾ) ਮੰਦਾ ਸੁਭਾਵ ਮਰ ਜਾਂਦਾ ਹੈ ਅਤੇ (ਜੀਵ ਗੁਰੂ ਦੇ) ਗਿਆਨ ਦੀ ਵਿਚਾਰ ਵਾਲਾ ਹੋ ਜਾਂਦਾ ਹੈ।੪। ਹੇ ਭਾਈ! (ਗੁਰੂ ਦਾ) ਇਹ ਸ਼ਬਦ ਸ੍ਰੇਸਟ ਹੈ, (ਜਿਸ ਮਨੁੱਖ ਨੂੰ ਪ੍ਰਭੂ ਇਸ ਦਾ ਪ੍ਰੇਮ) ਲਾ ਦੇਵੇ। (ਉਹ) ਗੁਰੂ ਦੁਆਰਾ (ਅਪਣੇ ਮਨ ਵਿਚੋਂ) ਤ੍ਰਿਸ਼ਨਾ ਤੇ ਭੁੱਖ ਦੂਰ ਕਰ ਲੈਂਦਾ ਹੈ। ਅਪਣੇ ਜਤਨ ਨਾਲ ਲਿਆ ਹੋਇਆ ਕੁਛ ਵੀ ਨਹੀਂ ਪਾਇਆ ਜਾ ਸਕਦਾ, ਪ੍ਰਭੂ ਕ੍ਰਿਪਾ ਕਰਕੇ ਅਪਣੀ ਸ਼ਕਤੀ (ਜੀਵ ਦੇ ਅੰਦਰ) ਰਖਦਾ ਹੈ, (ਤਾਂ ਜੀਵ ਨੂੰ ਕੁਛ ਮਿਲਦਾ ਹੈ)।੫।

ਪਦਾਰਥ = ਜਿਸ ਨੋ–ਜਿਸ ਦੇ। ਮੰਨਿ–ਮਨ ਵਿਚ। ਸਾਚੈ ਸਬਦਿ–ਸੱਚੇ ਪ੍ਰਭੂ ਦੇ ਸ਼ਬਦ ਵਿਚ। ਸਹਜਿ ਸੁਭਾਏ–ਸਹਿਜ ਸੁਭਾਵਕ ਹੀ। ਵੇਦਨ–ਪੀੜ; ਦਰਦ। ਸੋਈ–ਉਹ ਹੀ। ਕਿ ਜਾਣੈ–ਕੀ ਜਾਣਦਾ ਹੈ। ਅਵਰੁ–ਹੋਰ ਕੋਈ। ਕਾਰੀ–ਇਲਾਜ; ਦਵਾਈ। ਜੀਉ–ਹੇ ਭਾਈ!।੧। ਆਪੇ–ਆਪ ਹੀ। ਸਾਰ–ਕਦਰ। ਨਦਰਿ–ਮੇਹਰ ਦੀ ਨਜਰ।੧। ਰਹਾਉ। ਦਿਬ ਦ੍ਰਿਸਟਿ–ਗਿਆਨ ਵਾਲੀ ਨਜਰ; ਅੰਤਰਜਾਮਤਾ ਵਾਲੀ ਸੋਝੀ। ਚੁਕਾਏ–ਦੂਰ ਕਰ ਲੈਂਦਾ ਹੈ। ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਪਰਮ ਪਦੁ–ਸਭ ਤੋਂ ਉਚੀ ਪਦਵੀ। ਪਾਏ–ਪਾ ਲੈਂਦਾ ਹੈ। ਸੋ–ਉਹ। ਜੋਗੀ–ਪ੍ਰਭੂ ਨਾਲ ਜੁੜਿਆ ਮਨੁੱਖ। ਜੁਗਤਿ–ਤਰੀਕਾ। ਕੈ ਸਬਦਿ–ਦੇ ਸ਼ਬਦ ਰਾਹੀਂ। ਬੀਚਾਰੀ–ਵਿਚਾਰਵਾਨ; ਉਚੀ ਸੋਚ ਸਮਝ ਵਾਲਾ ਮਨੁੱਖ।੨। ਸੰਜੋਗੀ–ਚੰਗੇ ਭਾਗਾਂ ਨਾਲ; ਪਿਛਲੇ ਜਨਮਾਂ ਦੇ ਚੰਗੇ ਸੰਸਕਾਰਾਂ ਅਨੁਸਾਰ। ਧਨ–ਜੀਵ ਇਸਤ੍ਰੀ। ਪਿਰ–ਪਤੀ ਪ੍ਰਭੂ। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਵਿਚਹੁ–ਮਨ ਵਿਚੋਂ। ਦੁਰਮਤਿ–ਖੋਟੀ ਮੱਤ। ਰੰਗ ਸਿਉ–ਪ੍ਰੇਮ ਨਾਲ। ਨਿਤ–

ਹਰ ਰੋਜ।ਰਲੀਆ-ਅਨੰਦ; ਖੁਸ਼ੀਆਂ।ਕੰਤ-ਪਤੀ ਪ੍ਰਭੂ ਦੀ।੩।ਬਾਝਹੁ-ਬਿਨਾ।ਨਿਰੰਜਨੁ-ਮਾਇਆ ਤੋਂ ਰਹਿਤ; ਨਿਰਲੇਪ।ਮੰਦਾ-ਮੰਦਾ ਸੁਭਾਵ।ਗਿਆਨ ਬੀਚਾਰੀ-ਗਿਆਨ ਦੀ ਵਿਚਾਰ ਕਰਨ ਵਾਲਾ।੪।ਸਾਰੁ-ਸ੍ਰੇਸਟ।ਗੁਰਮੁਖਿ-ਗੁਰੂ ਰਾਹੀਂ।ਗਵਾਏ-ਦੂਰ ਕਰ ਲੈਂਦਾ ਹੈ।ਆਪਣ ਲੀਆ-ਅਪਣੇ ਜਤਨ ਨਾਲ ਲਿਆ (ਹਾਸਲ ਕੀਤਾ) ਹੋਇਆ।ਕਲ-ਸ਼ਕਤੀ।ਧਾਰੀ-ਰਖਦਾ ਹੈ।੫।

ਅਗਮ ਨਿਗਮੁ ਸਤਿਗੁਰੂ ਦਿਖਾਇਆ ॥ ਕਰਿ ਕਿਰਪਾ ਅਪਨੈ ਘਰਿ ਆਇਆ ॥ ਅੰਜਨ ਮਾਹਿ ਨਿਰੰਜਨੁ ਜਾਤਾ, ਜਿਨ ਕਉ ਨਦਰਿ ਤੁਮਾਰੀ ਜੀਉ ॥੬॥ ਗੁਰਮੁਖਿ ਹੋਵੈ ਸੋ ਤਤੁ ਪਾਏ ॥ ਆਪਣਾ ਆਪੁ ਵਿਚਹੁ ਗਵਾਏ ॥ ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ, ਵੇਖਹੁ ਮਨਿ ਵੀਚਾਰੀ ਜੀਉ ॥੭॥ ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ ਇਕਨਾ ਗੁਰਮੁਖਿ ਹਉਮੈ ਮਾਰੀ ॥ ਸਚੈ ਸਬਦਿ ਰਤੇ ਬੈਰਾਗੀ, ਹੋਰਿ ਭਰਮਿ ਭੁਲੇ ਗਾਵਾਰੀ ਜੀਉ ॥੮॥ ਗੁਰਮੁਖਿ ਜਿਨੀ ਨਾਮੁ ਨ ਪਾਇਆ ॥ ਮਨਮੁਖਿ ਬਿਰਥਾ ਜਨਮੁ ਗਵਾਇਆ ॥ ਅਗੈ ਵਿਣੁ ਨਾਵੈ ਕੋ ਬੇਲੀ ਨਾਹੀ, ਬੂਝੈ ਗੁਰ ਬੀਚਾਰੀ ਜੀਉ ॥੯॥ ਅੰਮ੍ਰਿਤ ਨਾਮੁ ਸਦਾ ਸੁਖ ਦਾਤਾ ॥ ਗੁਰਿ ਪੂਰੈ ਜੁਗ ਚਾਰੇ ਜਾਤਾ ॥ ਜਿਸੁ ਤੂ ਦੇਵਹਿ ਸੋਈ ਪਾਏ, ਨਾਨਕ ਤਤੁ ਬੀਚਾਰੀ ਜੀਉ ॥੧੦॥੧॥ ਹੇ ਭਾਈ! (ਜਿਸ ਮਨੁੱਖ ਨੂੰ) ਸਤਿਗੁਰੂ ਨੇ ਬੇਦ ਸ਼ਾਸਤ੍ਰਾਂ ਦਾ ਤੱਤ ਦਿਖਾ ਦਿਤਾ ਹੈ।(ਉਹ ਗੁਰੂ ਦੀ) ਕ੍ਰਿਪਾ ਕਰ ਕੇ ਅਪਣੇ ਅਸਲੀ ਘਰ (ਨਿਜ ਸਰੂਪ ਵਿਚ) ਆ ਟਿਕਿਆ ਹੈ।ਹੇ ਪ੍ਰਭੂ! ਜਿਨ੍ਹਾਂ ਗੁਰਮੁਖਾਂ ਉਤੇ ਤੇਰੀ ਮੇਹਰ ਦੀ ਨਜਰ ਹੋਈ ਹੈ, (ਉਨ੍ਹਾਂ ਨੇ) ਮਾਇਆ ਵਿਚ ਰਹਿੰਦਿਆਂ ਤੈਨੂੰ ਮਾਇਆ ਤੋਂ ਨਿਰਲੇਪ ਨੂੰ ਜਾਣ ਲਿਆ ਹੈ।੬।ਹੇ ਭਾਈ! ਜਿਹੜਾ ਮਨੁੱਖ ਗੁਰੂ ਅਨੁਸਾਰੀ ਹੁੰਦਾ ਹੈ, ਉਹ ਤੱਤ ਸਰੂਪ ਪ੍ਰਭੂ ਨੂੰ ਪਾ ਲੈਂਦਾ ਹੈ।ਅਤੇ ਅਪਣੇ ਹਿਰਦੇ ਵਿਚੋਂ ਆਪਣਾ ਆਪ (ਹੰਕਾਰ) ਦੂਰ ਕਰ ਦੇਂਦਾ ਹੈ।ਹੇ ਭਾਈ! ਮਨ ਵਿਚ ਵਿਚਾਰ ਕੇ ਦੇਖ ਲਵੋ, ਸਤਿਗੁਰੂ ਦੀ ਸ਼ਰਣ ਵਿਚ ਪਏ ਤੋਂ ਬਿਨਾ ਸਾਰੀ ਦੁਨੀਆਂ ਕਰਮ ਕਾਂਡ ਰੂਪ ਧੰਦਾ ਕਰਦੀ ਹੈ।੭।ਹੇ ਭਾਈ! ਕਈ ਹੰਕਾਰੀ ਮਨੁੱਖ ਭਰਮ ਵਿਚ ਭੁੱਲੇ ਫਿਰਦੇ ਹਨ।ਕਈ ਪੁਰਖਾਂ ਨੇ ਗੁਰੂ ਦੀ ਸ਼ਰਣ ਵਿਚ ਪੈ ਕੇ ਹਉਮੈ ਮਾਰ ਦਿਤੀ ਹੈ।(ਜਿਹੜੇ ਮਨੁੱਖ) ਸੱਚੇ ਪ੍ਰਭੂ ਦੇ ਸ਼ਬਦ ਵਿਚ ਰੰਗੇ ਹੋਏ ਹਨ, ਉਹ ਅਸਲੀ ਬੈਰਾਗੀ ਹਨ, ਹੋਰ ਸਾਰੇ ਮੂਰਖ ਮਨੁੱਖ ਭਰਮ ਵਿਚ ਭੁੱਲੇ (ਕੁਰਾਹੇ ਪਏ) ਹੋਏ ਹਨ।੮।ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੁਆਰਾ ਪ੍ਰਭੂ ਦਾ ਨਾਮ ਨਹੀਂ ਪ੍ਰਾਪਤ ਕੀਤਾ।(ਉਨ੍ਹਾਂ) ਮਨਮੁੱਖਾਂ ਨੇ (ਅਪਣਾ ਅਮੋਲਕ) ਜਨਮ ਬਿਰਥਾ ਗਵਾ ਲਿਆ ਹੈ।ਅੱਗੇ ਪ੍ਰਲੋਕ ਵਿਚ ਨਾਮ ਤੋਂ ਬਿਨਾ ਕੋਈ ਸਹਾਈ ਨਹੀਂ ਹੋਵੇਗਾ, ਗੁਰੂ ਦੀ ਵਿਚਾਰ ਦੁਆਰਾ (ਕੋਈ ਵਿਰਲਾ ਮਨੁੱਖ ਇਸ ਗੱਲ ਨੂੰ) ਸਮਝਦਾ ਹੈ।੯।ਹੇ ਭਾਈ! ਪ੍ਰਭੂ ਦਾ ਅੰਮ੍ਰਿਤ ਨਾਮ ਸਦਾ ਸੁਖ ਦੇਣ ਵਾਲਾ ਹੈ।(ਪ੍ਰਭੂ ਦਾ ਨਾਮ) ਚਾਰੇ ਜੁਗਾਂ ਵਿਚ ਪੂਰੇ ਗੁਰੂ ਰਾਹੀਂ ਹੀ ਜਾਣਿਆ ਗਿਆ ਹੈ।ਹੇ ਪ੍ਰਭੂ! ਤੇਰਾ ਨਾਮ ਉਹ ਹੀ ਮਨੁੱਖ ਪ੍ਰਾਪਤ ਕਰਦਾ ਹੈ, ਜਿਸ ਨੂੰ ਤੂੰ ਦੇਂਦਾ ਹੈਂ, ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ ਜੀਵਨ ਦੀ) ਅਸਲੀਅਤ ਨੂੰ ਵਿਚਾਰਨ ਵਾਲਾ ਹੋ ਜਾਂਦਾ ਹੈ।੧੦।੧।

ਪਦਾਰਥ = ਅਗਮ-ਸ਼ਾਸਤ੍ਰ।ਨਿਗਮੁ-ਵੇਦ।ਕਰਿ-ਕਰਕੇ।ਅਪਨੈ ਘਰਿ-ਅਪਣੇ ਅਸਲੀ ਘਰ ਵਿਚ।ਅੰਜਨ ਮਾਹਿ-ਮਾਇਆ ਵਿਚ।ਨਿਰੰਜਨੁ-ਮਾਇਆ ਤੋਂ ਨਿਰਲੇਪ ਪ੍ਰਭੂ।ਜਾਤਾ-ਜਾਣ ਲਿਆ ਹੈ।ਜਿਨ ਕਉ-ਜਿਨ੍ਹਾਂ ਉਤੇ।ਨਦਰਿ-ਮੇਹਰ ਦੀ ਨਜਰ।ਜੀਉ-ਹੇ ਪ੍ਰਭੂ!; ਹੇ ਭਾਈ!੬।ਗੁਰਮੁਖਿ-ਗੁਰੂ ਦੀ ਆਗਿਆ ਅਨੁਸਾਰ ਚੱਲਣ ਵਾਲਾ ਮਨੁੱਖ।ਸੋ-ਉਹ।ਤਤੁ-ਪ੍ਰਭੂ।ਆਪਣਾ ਆਪੁ-ਅਪਣਾ ਆਪਾ ਭਾਵ।ਵਿਚਹੁ-ਹਿਰਦੇ ਵਿਚੋਂ।ਗਵਾਏ-ਦੂਰ ਕਰ ਲੈਂਦਾ ਹੈ।ਬਾਝਹੁ-ਬਿਨਾ।ਧੰਧੁ ਕਮਾਵੈ-ਕਰਮ ਕਾਂਡ ਦਾ ਧੰਦਾ ਕਰਦੀ ਹੈ। ਮਨਿ-ਮਨ ਵਿਚ।ਵੀਚਾਰੀ-ਵਿਚਾਰ ਕੇ।੭।ਇਕਿ-ਕਈ ਮਨੁੱਖ।ਭਰਮਿ ਭੂਲੇ-ਭਰਮ ਵਿਚ ਭੁੱਲੇ (ਕੁਰਾਹੇ ਪਏ) ਹੋਏ ਹਨ।ਇਕਨਾ-ਕਈ ਪੁਰਖਾਂ ਨੇ।ਗੁਰਮੁਖਿ-ਗੁਰੂ ਦੀ ਸ਼ਰਣ ਵਿਚ ਪੈ ਕੇ।ਸਚੈ-ਸੱਚੇ ਪ੍ਰਭੂ ਦੇ।ਰਤੇ-ਰੰਗੇ ਹੋਏ ਹਨ।ਬੈਰਾਗੀ-ਮੋਹ ਮਾਇਆ ਦੇ ਤਿਆਗੀ ਮਨੁੱਖ।ਗਾਵਾਰੀ-ਮੂਰਖ।੮।ਜਿਨੀ-ਜਿਨ੍ਹਾਂ ਨੇ।ਅਗੈ-ਅੱਗੇ ਪ੍ਰਲੋਕ ਵਿਚ।ਕੋ-ਕੋਈ।ਬੇਲੀ-ਸਹਾਈ।ਗੁਰ ਬੀਚਾਰੀ-ਗੁਰੂ ਦੀ ਵਿਚਾਰ ਰਾਹੀਂ।੯।ਸੁਖ ਦਾਤਾ-ਸੁਖ ਦੇਣ ਵਾਲਾ।ਗੁਰਿ ਪੂਰੈ-ਪੂਰੇ ਗੁਰੂ ਰਾਹੀਂ।ਜਾਤਾ-ਜਾਣਿਆ ਗਿਆ।ਸੋਈ-ਉਹ ਹੀ।ਪਾਏ-ਪ੍ਰਾਪਤ ਕਰਦਾ ਹੈ।ਤਤੁ ਬੀਚਾਰੀ-(ਜੀਵਨ ਦੀ) ਅਸਲੀਅਤ ਨੂੰ ਵਿਚਾਰਨ (ਸਮਝਣ) ਵਾਲਾ-੧੦।੧।

ਅੰਗ ੧੦੧੭ = ਮਾਰੂ ਮਹਲਾ ੫ ਘਰੁ ੩ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥ ਲਖ ਚਉਰਾਸੀਹ ਭ੍ਰਮਤੇ ਭ੍ਰਮਤੇ, ਦੁਲਭ ਜਨਮੁ ਅਬ ਪਾਇਓ ॥੧॥ ਰੇ ਮੂੜੇ! ਤੂ ਹੋਛੈ ਰਸਿ ਲਪਟਾਇਓ ॥ ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ, ਬਿਖਿਆ ਸਿਉ ਉਰਝਾਇਓ ॥੧॥ਰਹਾਉ॥ ਰਤਨ ਜਵੇਹਰ ਬਨਜਨਿ ਆਇਓ, ਕਾਲਰੁ ਲਾਦਿ ਚਲਾਇਓ ॥੨॥ ਜਿਹ ਘਰ ਮਹਿ ਤੁਧੁ ਰਹਨਾ ਬਸਨਾ, ਸੋ ਘਰੁ ਚੀਤਿ ਨ ਆਇਓ ॥੩॥ ਅਟਲ ਅਖੰਡ ਪ੍ਰਾਣ ਸੁਖਦਾਈ, ਇਕ ਨਿਮਖ ਨਹੀ ਤੁਝੁ ਗਾਇਓ ॥੪॥ ਜਹਾ ਜਾਣਾ ਸੋ ਥਾਨੁ ਵਿਸਾਰਿਓ, ਇਕ ਨਿਮਖ ਨਹੀ ਮਨੁ ਲਾਇਓ ॥੫॥ ਪੁਤ੍ਰ ਕਲਤ੍ਰ ਗ੍ਰਿਹ ਦੇਖਿ ਸਮਗ੍ਰੀ, ਇਸ ਹੀ ਮਹਿ ਉਰਝਾਇਓ ॥੬॥ ਜਿਤੁ ਕੋ ਲਾਇਆ ਤਿਤ ਹੀ ਲਾਗਾ, ਤੈਸੇ ਕਰਮ ਕਮਾਇਓ ॥੭॥ ਜਉ ਭਇਓ ਕ੍ਰਿਪਾਲੁ ਤਾ ਸਾਧ ਸੰਗੁ ਪਾਇਆ, ਜਨ ਨਾਨਕ ਬ੍ਰਹਮੁ ਧਿਆਇਓ

॥੮॥੧॥ ਹੇ ਭਾਈ! ਚੁਰਾਸੀ ਲੱਖ ਜੋਨੀਆਂ ਵਿਚ ਭੌਂਦਿਆਂ ਭੌਂਦਿਆਂ ਹੁਣ ਤੈਨੂੰ ਦੁਰਲੱਭ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ।੧।ਹੇ ਮੂਰਖ ਬੰਦੇ! ਤੂੰ (ਦੁਨੀਆਂ ਦੇ) ਨਿਕੰਮੇ ਸੁਆਦਾਂ ਵਿਚ ਫਸਿਆ ਹੋਇਆ ਹੈਂ।(ਹਰੀ ਦਾ ਨਾਮ) ਅੰਮ੍ਰਿਤ ਤੇਰੇ ਨਾਲ ਵਸਦਾ ਹੈ, (ਪਰ ਤੂੰ ਨਾਮ ਨੂੰ ਛਡ ਕੇ) ਮਾਇਆ ਰੂਪ ਜਹਿਰ ਨਾਲ ਉਲਝਿਆ ਪਿਆ ਹੈਂ।੧।ਰਹਾਉ।ਹੇ ਮੂਰਖ! ਤੂੰ (ਸੰਸਾਰ ਵਿਚ) ਨਾਮ ਰੂਪ ਰਤਨ ਜਵਾਹਰ ਖ੍ਰੀਦਣ ਆਇਆ ਸੀ, (ਪਰ ਤੂੰ ਇਥੋਂ ਵਿਸ਼ੇ ਰੂਪ) ਕੱਲਰ ਲੱਦ ਕੇ ਚੱਲਿਆ ਹੈਂ।੨।ਜਿਸ ਪ੍ਰਲੋਕ ਘਰ ਵਿਚ ਤੂੰ ਸਦਾ ਲਈ ਰਹਿਣਾ ਵਸਣਾ ਹੈ, ਉਹ ਘਰ ਕਦੇ ਤੈਨੂੰ ਚਿੱਤ ਵਿਚ ਯਾਦ ਨਹੀਂ ਆਇਆ।੩।(ਹੇ ਭਾਈ! ਜੋ) ਪ੍ਰਭੂ ਅਟੱਲ, ਅਖੰਡ ਤੇ ਪ੍ਰਾਣਾਂ ਨੂੰ ਸੁਖ ਦੇਣ ਵਾਲਾ ਹੈ, ਤੂੰ (ਉਸ ਦਾ ਜਸ) ਇਕ ਨਿਮਖ ਮਾਤ੍ਰ ਵੀ ਨਹੀਂ ਗਾਇਆ।੪।(ਹੇ ਭਾਈ!) ਉਹ ਥਾਂ ਤੈਂ ਭੁਲਾ ਦਿਤਾ ਹੋਇਆ ਹੈ, ਜਿੱਥੇ ਤੈਂ ਜਾਣਾ ਹੈ, ਇਕ ਨਿਮਖ ਮਾਤ੍ਰ ਵੀ ਤੂੰ (ਉਸ ਪਾਸੇ ਅਪਣਾ) ਮਨ ਨਹੀਂ ਲਾਇਆ।੫।(ਹੇ ਮੂਰਖ ਬੰਦੇ!) ਪੁਤ੍ਰ, ਇਸਤ੍ਰੀ ਅਤੇ ਘਰ ਦੀ ਸਮੱਗ੍ਰੀ ਦੇਖ ਕੇ ਤੂੰ ਇਸ ਵਿਚ ਹੀ ਉਲਝਿਆ ਪਿਆ ਹੈ।੬।(ਮਨੁੱਖ ਦੇ ਵਸ ਵਿਚ ਨਹੀਂ, ਪ੍ਰਭੂ ਨੇ) ਜਿਸ ਪਾਸੇ ਕੋਈ ਮਨੁੱਖ ਲਾਇਆ ਹੈ, ਉਹ ਉਸ ਪਾਸੇ ਹੀ ਲੱਗਾ ਹੋਇਆ ਹੈ ਅਤੇ (ਉਸ ਨੇ) ਉਹੋ ਜਿਹੇ ਕੰਮ ਹੀ ਕੀਤੇ ਹਨ।੭।ਦਾਸ ਨਾਨਕ ਆਖਦਾ ਹੈ ਕਿ ਜਦੋਂ ਪ੍ਰਭੂ (ਕਿਸੇ ਮਨੁੱਖ ਉਤੇ) ਦਇਆਲ ਹੋਇਆ, ਤਾਂ (ਉਸ ਨੇ) ਸਾਧ ਸੰਗ ਪ੍ਰਾਪਤ ਕਰ ਲਿਆ ਅਤੇ (ਸਾਧ ਸੰਗਤ ਵਿਚ) ਪ੍ਰਭੂ ਨੂੰ ਜਪਿਆ ਹੈ।੮।੧।

ਪਦਾਰਥ = ਭਰਮਤੇ ਭਰਮਤੇ-ਭਟਕਦਿਆਂ; ਭੌਂਦਿਆਂ ਹੋਇਆਂ।ਦੁਲਭ-(ਦੁਲੱਭ ਪੜ੍ਹੋ) ਮੁਸ਼ਕਲ ਨਾਲ ਮਿਲਣ ਵਾਲਾ।ਅਬ-ਹੁਣ।੧।ਰੇ ਮੂੜੇ-ਹੇ ਮੂਰਖ!।ਹੋਛੈ-ਨਿਕੰਮੇ; ਘਟੀਆ।ਰਸਿ-ਸੁਆਦਾਂ ਵਿਚ।ਲਪਟਾਇਓ-ਫਸਿਆ ਹੋਇਆ ਹੈਂ।ਸੰਗਿ ਬਸਤੁ ਹੈ-ਨਾਲ ਵਸਦਾ ਹੈ।ਬਿਖਿਆ ਸਿਉ-ਮਾਇਆ ਰੂਪ ਜਹਿਰ ਨਾਲ।ਉਰਝਾਇਓ-ਉਲਝਿਆ ਪਿਆ ਹੈਂ।੧।ਰਹਾਉ।ਬਨਜਨਿ ਆਇਓ-ਖ੍ਰੀਦਣ ਆਇਆ ਸੀ।ਕਾਲਰੁ-ਕੱਲਰ।ਲਾਦਿ ਚਲਾਇਓ-ਲੱਦ ਕੇ ਚੱਲਿਆ ਹੈਂ।੨।ਜਿਹ-ਜਿਸ।ਮਹਿ-ਵਿਚ।ਤੁਧੁ-ਤੂੰ।ਸੋ-ਉਹ। ਚੀਤਿ-ਚਿੱਤ ਵਿਚ।੩।ਅਟਲ (ਅਟੱਲ ਪੜ੍ਹੋ)-ਨਾ ਟਲਣ (ਸਦਾ ਰਹਿਣ) ਵਾਲਾ।ਅਖੰਡ-ਨਾਸ਼ ਰਹਿਤ।ਸੁਖ ਦਾਈ-ਸੁਖ ਦੇਣ ਵਾਲਾ।ਨਿਮਖ-ਅੱਖ ਝਮਕਣ ਜਿੰਨਾ ਸਮਾਂ।੪।ਜਹਾ-ਜਿੱਥੇ।ਵਿਸਾਰਿਓ-ਭੁਲਾ ਦਿਤਾ ਹੈ।੫।ਕਲਤ੍ਰ-ਇਸਤ੍ਰੀ।ਗ੍ਰਿਹ ਸਮਗ੍ਰੀ-ਘਰ ਸਾ ਸਾਜੋ ਸਮਾਨ।੬।ਜਿਤੁ-ਜਿਸ ਪਾਸੇ।ਕੋ-ਕੋਈ (ਮਨੁੱਖ)।ਲਾਇਓ-ਲਾਇਆ ਹੈ।ਤਿਤ ਹੀ-ਉਸ ਪਾਸੇ ਹੀ।ਤੈਸੇ-ਉਹੋ ਜਿਹੇ। ੭।ਜਉ-ਜਦੋਂ।ਭਇਓ-ਹੋਇਆ।ਤਾ-ਤਾਂ; ਤਦ।ਬ੍ਰਹਮੁ-ਕਰਤਾਰ ਨੂੰ।੮।੧।

ਮਾਰੂ ਮਹਲਾ ੫ ॥ ਕਰਿ ਅਨੁਗ੍ਰਹੁ ਰਾਖਿ ਲੀਨੋ, ਭਇਓ ਸਾਧੂ ਸੰਗੁ ॥ ਹਰਿ ਨਾਮ ਰਸੁ ਰਸਨਾ ਉਚਾਰੈ, ਮਿਸਟ ਗੂੜਾ ਰੰਗੁ ॥੧॥ ਮੇਰੇ ਮਾਨ ਕੋ ਅਸਥਾਨੁ ॥ ਮੀਤ ਸਾਜਨ ਸਖਾ ਬੰਧਪੁ ,ਅੰਤਰਜਾਮੀ ਜਾਨੁ ॥੧॥ਰਹਾਉ॥ ਸੰਸਾਰ ਸਾਗਰੁ ਜਿਨਿ ਉਪਾਇਓ, ਸਰਣਿ ਪ੍ਰਭ ਕੀ ਗਹੀ ॥ ਗੁਰ ਪ੍ਰਸਾਦੀ ਪ੍ਰਭੁ ਅਰਾਧੇ, ਜਮਕੰਕਰੁ ਕਿਛੁ ਨ ਕਹੀ ॥੨॥ ਮੋਖ ਮੁਕਤਿ ਦੁਆਰਿ ਜਾ ਕੈ, ਸੰਤ ਰਿਦਾ ਭੰਡਾਰੁ ॥ ਜੀਅ ਜੁਗਤਿ ਸੁਜਾਣੁ ਸੁਆਮੀ, ਸਦਾ ਰਾਖਣਹਾਰੁ ॥੩॥ ਦੂਖ ਦਰਦ ਕਲੇਸ ਬਿਨਸਹਿ, ਜਿਸੁ ਬਸੈ ਮਨ ਮਾਹਿ ॥ ਮਿਰਤੁ ਨਰਕੁ ਅਸਥਾਨ ਬਿਖੜੇ, ਬਿਖੁ ਨ ਪੋਹੈ ਤਾਹਿ ॥੪॥ ਕ੍ਰਿਪਾ ਕਰਕੇ (ਪ੍ਰਭੂ ਨੇ ਮੈਨੂੰ ਕਾਮਾਦਿਕਾਂ ਤੋਂ ਬਚਾ ਕੇ) ਰੱਖ ਲਿਆ ਅਤੇ (ਉਸ ਦੀ ਕ੍ਰਿਪਾ ਨਾਲ ਮੈਨੂੰ) ਸਾਧੂ ਗੁਰੂ ਦਾ ਮਿਲਾਪ ਪ੍ਰਾਪਤ ਹੋਇਆ ਹੈ।(ਗੁਰੂ ਦੀ ਸੰਗਤ ਵਿਚ ਮੇਰੀ) ਜੀਭ ਹਰੀ ਦਾ ਨਾਮ ਜਪਦੀ ਹੈ ਅਤੇ (ਮੈਂ ਨਾਮ ਸਿਮਰਨ ਦਾ) ਅਨੰਦ ਮਾਣਦਾ ਹਾਂ, (ਮੇਰੇ ਮਨ ਉਤੇ ਨਾਮ ਦਾ) ਮਿੱਠਾ ਅਤੇ ਗੂੜ੍ਹਾ ਰੰਗ ਚੜ੍ਹ ਗਿਆ ਹੈ।੧।ਪ੍ਰਭੂ ਮੇਰੇ ਮਨ ਦਾ ਟਿਕਾਣਾ ਹੈ।ਅੰਤਰਜਾਮੀ ਅਤੇ ਸਭ ਕੁਝ ਜਾਨਣ ਵਾਲਾ ਪ੍ਰਭੂ (ਹੀ ਮੇਰਾ ਇਸ ਲੋਕ ਦਾ) ਮਿਤ੍ਰ, ਪ੍ਰਲੋਕ ਦਾ ਸੱਜਨ, ਪ੍ਰਾਣਾਂ ਦਾ ਸਾਥੀ ਤੇ ਰਿਸ਼ਤੇਦਾਰ ਹੈ।੧।ਰਹਾਉ।(ਮੈਂ ਉਸ) ਪ੍ਰਭੂ ਦੀ ਸ਼ਰਣ ਫੜੀ ਹੈ, ਜਿਸ ਨੇ ਸੰਸਾਰ ਸਾਗਰ ਰਚਿਆ ਹੈ।(ਜਿਹੜਾ ਮਨੁੱਖ) ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਨੂੰ ਸਿਮਰਦਾ ਹੈ, (ਉਸ ਨੂੰ) ਜਮ ਦੂਤ ਕੁਛ ਨਹੀਂ ਕਹਿੰਦਾ।੨।ਜਿਸ ਪ੍ਰਭੂ ਦੇ ਦੁਆਰੇ ਉਤੇ ਮੋਖ ਤੇ ਮੁਕਤੀ ਖੜੀ ਰਹਿੰਦੀ ਹੈ, (ਉਸ ਪ੍ਰਭੂ ਦਾ) ਭੰਡਾਰ ਸੰਤਾਂ ਦਾ ਹਿਰਦਾ ਹੈ (ਸੰਤਾਂ ਦੇ ਹਿਰਦੇ ਵਿਚ ਵਸਦਾ ਹੈ)।ਜੀਵਨ ਜਿਉਣ ਦੀ ਜੁਗਤੀ ਸਿਆਣੇ ਮਾਲਕ ਪ੍ਰਭੂ ਪਾਸੋਂ ਪ੍ਰਾਪਤ ਹੁੰਦੀ ਹੈ ਅਤੇ (ਉਹ ਜੀਵਾਂ ਦੀ) ਸਦਾ ਰੱਖਿਆ ਕਰਨ ਵਾਲਾ ਹੈ।੩।ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਵਸਦਾ ਹੈ, (ਉਸ ਦੇ) ਦੁਖ, ਦਰਦ ਤੇ ਕਲੇਸ਼ ਨਾਸ਼ ਹੋ ਜਾਂਦੇ ਹਨ।ਮੌਤ, ਨਰਕ, (ਜਮ ਮਾਰਗ ਦੇ) ਔਖੇ ਸਥਾਨ ਅਤੇ ਮਾਇਆ ਉਸ ਉਤੇ ਅਸਰ ਨਹੀਂ ਕਰ ਸਕਦੇ।੪।

ਪਦਾਰਥ = ਕਰਿ ਅਨੁਗ੍ਰਹੁ-ਕ੍ਰਿਪਾ ਕਰਕੇ।ਭਇਓ-ਹੋਇਆ ਹੈ।ਸਾਧੂ ਸੰਗੁ-ਸਾਧੂ ਗੁਰੂ ਦਾ ਮਿਲਾਪ।ਰਸੁ-ਅਨੰਦ।ਰਸਨਾ-ਜੀਭ। ਮਿਸਟ-ਮਿੱਠਾ।੧।ਮਾਨ ਕੋ-ਮਨ ਦਾ।ਅਸਥਾਨੁ-ਟਿਕਾਣਾ; ਆਸਰਾ।ਮੀਤ-ਮਿਤ੍ਰ।ਸਖਾ-ਸਾਥੀ।ਬੰਧਪ-ਰਿਸ਼ਤੇਦਾਰ।ਅੰਤਰਜਾਮੀ -ਸਭ ਦੇ ਦਿਲਾਂ ਦੀ ਜਾਨਣ ਵਾਲਾ।ਜਾਨੁ-ਸਭ ਕੁਛ ਜਾਨਣ ਵਾਲਾ।੧।ਰਹਾਉ।ਜਿਨਿ-ਜਿਸ ਨੇ।ਉਪਾਇਓ-ਰਚਿਆ ਹੈ।ਗਹੀ-

ਫੜੀ ਹੈ। ਗੁਰ ਪ੍ਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਅਰਾਧੇ–ਸਿਮਰਦਾ ਹੈ। ਜਮਕੰਕਰੁ–ਜਮਦੂਤ। ਨ ਕਹੀ–ਨਹੀਂ ਕਹਿੰਦਾ।੨। ਮੋਖ–ਮੁਕਤੀ। ਦੁਆਰਿ–ਦਰਵਾਜੇ ਤੇ। ਜਾ ਕੈ–ਜਿਸ ਦੇ। ਭੰਡਾਰੁ–ਖਜਾਨਾ। ਜੀਅ ਜੁਗਤਿ–ਜੀਵਣ ਜਿਉਣ ਦੀ ਜਾਚ; ਜੀਵਾਂ ਦੇ ਪਾਲਣ ਪੋਸਣ ਦੀ ਜੁਗਤੀ (ਪ੍ਰਭੂ ਦੇ ਹੱਥ ਵਿਚ ਹੈ)। ਸੁਜਾਣੁ–ਸਿਆਣਾ। ਸੁਆਮੀ–ਮਾਲਕ ਪ੍ਰਭੂ।੩। ਬਿਨਸਹਿ–ਨਾਸ਼ ਹੋ ਜਾਂਦੇ ਹਨ। ਮਾਹਿ–ਵਿਚ। ਮਿਰਤੁ–ਮੌਤ। ਅਸਥਾਨ ਬਿਖੜੇ–ਔਖੇ ਸਥਾਨ। ਬਿਖੁ–ਜਹਿਰ। ਨ ਪੋਹੈ–ਅਸਰ ਨਹੀਂ ਕਰ ਸਕਦੇ। ਤਾਹਿ–ਉਸ ਉਤੇ।੪।

ਰਿਧਿ ਸਿਧਿ ਨਵ ਨਿਧਿ ਜਾ ਕੈ, ਅੰਮ੍ਰਿਤਾ ਪਰਵਾਹ ॥ ਆਦਿ ਅੰਤੇ ਮਧਿ ਪੂਰਨ, ਊਚ ਅਗਮ ਅਗਾਹ ॥੫॥ ਸਿਧ ਸਾਧਿਕ ਦੇਵ ਮੁਨਿ ਜਨ, ਬੇਦ ਕਰਹਿ ਉਚਾਰੁ ॥ ਸਿਮਰਿ ਸੁਆਮੀ ਸੁਖ ਸਹਜਿ ਭੁੰਚਹਿ, ਨਹੀ ਅੰਤੁ ਪਾਰਾਵਾਰੁ ॥੬॥ ਅਨਿਕ ਪ੍ਰਾਛਤ ਮਿਟਹਿ ਖਿਨ ਮਹਿ, ਰਿਦੈ ਜਪਿ ਭਗਵਾਨ ॥ ਪਾਵਨਾ ਤੇ ਮਹਾ ਪਾਵਨ, ਕੋਟਿ ਦਾਨ ਇਸਨਾਨ ॥੭॥ ਬਲ ਬੁਧਿ ਸੁਧਿ ਪਰਾਣ ਸਰਬਸੁ ,ਸੰਤਨਾ ਕੀ ਰਾਸਿ ॥ ਬਿਸਰੁ ਨਾਹੀ ਨਿਮਖ ਮਨ ਤੇ, ਨਾਨਕ ਕੀ ਅਰਦਾਸਿ ॥੮॥੨॥ ਜਿਸ ਪ੍ਰਭੂ ਦੇ ਘਰ ਵਿਚ ਰਿਧੀਆਂ ਸਿਧੀਆਂ ਤੇ ਨੌਂ ਨਿਧੀਆਂ ਹਨ ਅਤੇ ਨਾਮ ਅੰਮ੍ਰਿਤ ਦਾ ਪ੍ਰਵਾਹ ਚਲ ਰਿਹਾ ਹੈ। ਜਗਤ ਦੇ ਅਰੰਭ ਵਿਚ, ਅੰਤ ਵਿਚ ਅਤੇ ਵਿਚਕਾਰਲੇ (ਵਰਮਾਨ) ਸਮੇਂ ਵਿਚ ਜੋ ਪ੍ਰਭੂ ਵਿਆਪਕ ਹੈ, ਉਹ ਉਚਾ, ਮਨ ਬੁਧੀ ਦੀ ਪਹੁੰਚ ਤੋਂ ਪਰੇ ਅਤੇ ਅਥਾਹ ਹੈ।੫। ਕਰਾਮਾਤੀ ਸਿੱਧ, ਸਾਧਨਾ ਕਰਨ ਵਾਲੇ ਸਾਧੂ, ਦੇਵਤੇ, ਮੁਨੀ ਜਨ ਅਤੇ ਪੰਡਤ, ਜੋ ਵੇਦਾਂ ਦਾ ਉਚਾਰਨ ਕਰਦੇ ਹਨ। ਉਹ ਮਾਲਕ ਹਰੀ ਨੂੰ ਸਿਮਰ ਕੇ ਪੂਰਨ ਸੁਖ ਦਾ ਅਨੰਦ ਮਾਣਦੇ ਹਨ, ਪਰ ਉਸ ਦੇ ਉਰਾਰ ਤੇ ਪਾਰ ਦਾ ਅੰਤ ਨਹੀਂ ਪਾ ਸਕਦੇ।੬। ਹਿਰਦੇ ਵਿਚ ਪ੍ਰਭੂ ਦਾ ਨਾਮ ਜਪ ਕੇ ਇਕ ਛਿਨ ਵਿਚ ਅਨੇਕਾਂ ਪਾਪ ਮਿਟ ਜਾਂਦੇ ਹਨ। (ਪ੍ਰਭੂ ਦਾ ਨਾਮ) ਪਵਿਤ੍ਰ ਤੋਂ ਮਹਾਂ ਪਵਿਤ੍ਰ ਹੈ, ਕ੍ਰੋੜਾਂ ਦਾਨ ਤੇ ਕ੍ਰੋੜਾਂ ਤੀਰਥਾਂ ਦੇ ਇਸ਼ਨਾਨ ਨਾਮ ਦੇ ਬਰਾਬਰ ਨਹੀਂ ਪੁਜ ਸਕਦੇ।੭। ਹਰੀ ਦਾ ਨਾਮ ਹੀ ਸੰਤਾਂ ਦੀ ਪੂੰਜੀ, ਬਲ, ਬੁੱਧੀ, ਸੂਝ ਬੂਝ, ਪ੍ਰਾਣ ਅਤੇ ਸਭ ਕੁਛ ਹੈ। ਨਾਨਕ ਦੀ ਅਰਦਾਸ ਹੈ ਕਿ ਹੇ ਪ੍ਰਭੂ! ਤੇਰਾ ਨਾਮ ਮੇਰੇ ਮਨ ਤੋਂ ਇਕ ਨਿਮਖ ਮਾਤ੍ਰ ਵੀ ਨਾ ਭੁੱਲ ਸਕੇ।੮।੨।

ਪਦਾਰਥ = ਰਿਧਿ ਸਿਧਿ–ਕਰਾਮਾਤੀ ਸ਼ਕਤੀਆਂ। ਨਵ ਨਿਧਿ–ਜਗਤ ਦੇ ਸਾਰੇ ਨੌਂ ਖਜਾਨੇ। ਜਾ ਕੈ–ਜਿਸ ਦੇ ਘਰ ਵਿਚ। ਅੰਮ੍ਰਿਤਾ ਪਰਵਾਹ–ਨਾਮ ਅੰਮ੍ਰਿਤ ਦਾ ਪ੍ਰਵਾਹ। ਆਦਿ–ਸ੍ਰਿਸਟੀ ਦੇ ਅਰੰਭ ਵਿਚ। ਅੰਤੇ–ਸ੍ਰਿਸਟੀ ਦੇ ਅੰਤ ਵਿਚ। ਮਧਿ–ਜਗਤ ਦੀ ਹੋਂਦ ਦੇ ਸਮੇਂ ਵਿਚ। ਪੂਰਨ–ਵਿਆਪਕ। ਅਗਮ–ਮਨ ਬੁੱਧੀ ਦੀ ਪਹੁੰਚ ਤੋਂ ਪਰੇ। ਅਗਾਹ–ਅਥਾਹ।੫। ਸਿਧ–ਕਰਾਮਾਤੀ ਜੋਗੀ। ਸਾਧਿਕ–ਸਾਧਨਾ ਕਰਨ ਵਾਲੇ ਸਾਧੂ। ਦੇਵ–ਦੇਵਤੇ। ਮੁਨਿ ਜਨ–ਮੋਨ ਧਾਰੀ ਸਾਧੂ। ਕਰਹਿ ਉਚਾਰੁ–ਉਚਾਰਨ ਕਰਦੇ ਹਨ। ਸਿਮਰਿ–ਸਿਮਰ ਕੇ। ਸੁਆਮੀ –ਮਾਲਕ ਪ੍ਰਭੂ। ਸੁਖ ਸਹਜਿ–ਪੂਰਨ ਸੁਖ ਦਾ ਅਨੰਦ। ਭੁੰਚਹਿ–ਮਾਣਦੇ ਹਨ। ਪਾਰਾਵਾਰੁ–ਪਾਰਲਾ ਤੇ ਉਰਲਾ ਕੰਢਾ।੬। ਪ੍ਰਾਛਤ–ਪਾਪ । ਮਿਟਹਿ–ਮਿਟ ਜਾਂਦੇ ਹਨ। ਖਿਨ ਮਹਿ–ਇਕ ਛਿਨ ਵਿਚ। ਰਿਦੈ–ਹਿਰਦੇ ਵਿਚ। ਪਾਵਨਾ ਤੇ ਮਹਾ ਪਾਵਨ–ਪਵਿਤ੍ਰ ਤੋਂ ਮਹਾਂ ਪਵਿਤ੍ਰ। ਕੋਟਿ–ਕ੍ਰੋੜਾਂ।੭। ਬਲ–ਤਾਕਤ। ਬੁਧਿ–ਅਕਲ। ਸੁਧਿ–ਸੂਝ ਬੂਝ (ਬਿਬੇਕ ਸ਼ਕਤੀ)। ਸਰਬਸੁ–ਸਾਰਾ ਧਨ ਪਦਾਰਥ। ਰਾਸਿ–ਪੂੰਜੀ। ਬਿਸਰੁ ਨਾਹੀ–ਨਾ ਭੁੱਲ ਸਕੇ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਮਨ ਤੇ–ਮਨ ਤੋਂ।੮।੨।

ਮਾਰੂ ਮਹਲਾ ੫ ॥ ਸਸਤ੍ਰਿ ਤੀਖਣਿ ਕਾਟਿ ਡਾਰਿਓ, ਮਨਿ ਨ ਕੀਨੋ ਰੋਸੁ ॥ ਕਾਜੁ ਉਆ ਕੋ ਲੇ ਸਵਾਰਿਓ, ਤਿਲੁ ਨ ਦੀਨੋ ਦੋਸੁ ॥੧ ॥ ਮਨ ਮੇਰੇ, ਰਾਮ ਰਉ ਨਿਤ ਨੀਤਿ ॥ ਦਇਆਲ ਦੇਵ ਕ੍ਰਿਪਾਲ ਗੋਬਿੰਦ, ਸੁਨਿ ਸੰਤਨਾ ਕੀ ਰੀਤਿ ॥੧॥ਰਹਾਉ॥(ਹੇ ਭਾਈ! ਜਿਵੇਂ ਕਿਸੇ ਮਨੁੱਖ ਨੇ) ਤਿੱਖੇ ਸ਼ਸ਼ਤ੍ਰ (ਕੁਹਾੜੇ ਜਾਂ ਆਰੇ) ਨਾਲ ਦਰੱਖਤ ਨੂੰ ਕੱਟ ਕੇ ਧਰਤੀ ਤੇ ਸੁੱਟ ਦਿਤਾ ਹੈ, (ਪਰ ਉਸ ਦਰੱਖਤ ਨੇ ਅਪਣੇ) ਮਨ ਵਿਚ ਰੋਸ ਨਹੀਂ ਕੀਤਾ। (ਸੱਗੋਂ ਦਰੱਖਤ ਕੱਟਣ ਵਾਲੇ) ਉਸ ਮਨੁੱਖ ਦਾ ਕੰਮ ਲੈ ਸਵਾਰਿਆ ਹੈ, (ਕੱਟਣ ਵਾਲੇ ਮਨੁੱਖ ਨੂੰ) ਤਿਲ ਮਾਤ੍ਰ ਵੀ ਦੋਸ਼ ਨਹੀਂ ਦਿਤਾ (ਇਸੇ ਤਰ੍ਹਾਂ ਦਾ ਪਰ ਉਪਕਾਰੀ ਸੁਭਾਵ ਸੰਤਾਂ ਦਾ ਹੁੰਦਾ ਹੈ)।੧। ਹੇ ਮੇਰੇ ਮਨ! ਤੂੰ ਹਰ ਰੋਜ ਪ੍ਰਭੂ ਨੂੰ ਜਪਦਾ ਰਹੁ। ਦਇਆ ਦਾ ਘਰ ਪ੍ਰਕਾਸ਼ ਸਰੂਪ ਕ੍ਰਿਪਾਲੂ ਪ੍ਰਭੂ ਦੇ ਸੰਤਾਂ ਦੀ ਰੀਤ ਸੁਣ।੧। ਰਹਾਉ।

ਅੰਗ ੧੦੧੮ = ਚਰਨ ਤਲੈ ਉਗਾਹਿ ਬੈਸਿਓ, ਸ੍ਰਮੁ ਨ ਰਹਿਓ ਸਰੀਰਿ ॥ ਮਹਾ ਸਾਗਰੁ ਨਹ ਵਿਆਪੈ, ਖਿਨਹਿ ਉਤਰਿਓ ਤੀਰਿ ॥੨॥ ਚੰਦਨ ਅਗਰ ਕਪੂਰ ਲੇਪਨ, ਤਿਸੁ ਸੰਗੇ ਨਹੀ ਪ੍ਰੀਤਿ ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ,ਮਨਿ ਨ ਮਨੀ ਬਿਪਰੀਤਿ ॥੩॥ ਊਚ ਨੀਚ ਬਿਕਾਰ ਸੁਕ੍ਰਿਤ, ਸੰਲਗਨ ਸਭ ਸੁਖ ਛਤ੍ਰ ॥ ਮਿਤ੍ਰ ਸਤ੍ਰੁ ਨ ਕਛੂ ਜਾਨੈ, ਸਰਬ ਜੀਅ ਸਮਤ ॥੪॥(ਉਸੇ ਬ੍ਰਿਛ ਦੀ ਬੇੜੀ ਬਣਾਈ ਗਈ ਅਤੇ ਮਸਾਫਰ) ਪੈਰਾਂ ਥੱਲੇ ਬੇੜੀ ਨੂੰ ਦਬਾ ਕੇ ਬੈਠ ਗਿਆ ਹੈ, (ਮੁਸਾਫਰ ਦੇ) ਸਰੀਰ ਵਿਚ (ਰਸਤੇ ਵਿਚ ਚੱਲ ਕੇ ਆਏ ਦਾ ਜੋ) ਥਕੇਵਾਂ ਸੀ, ਉਹ ਨਾ ਰਿਹਾ (ਬੇੜੀ ਵਿਚ ਬੈਠਿਆਂ ਅਰਾਮ ਮਿਲਿਆ) ਵੱਡਾ ਸਮੁੰਦਰ (ਜੋ ਬੇੜੀ ਬਿਨਾ ਤਰਿਆ ਨਹੀਂ ਸੀ ਜਾਣਾ, ਉਹ) ਨਹੀਂ ਵਿਆਪਦਾ ਅਤੇ ਇਕ ਛਿਨ ਵਿਚ (ਉਹ ਬਹੁਤ ਛੇਤੀ) ਕਿਨਾਰੇ ਤੇ ਜਾ ਉਤਰਿਆ ਹੈ (ਇਸੇ ਤਰ੍ਹਾਂ ਸੰਤਾਂ ਨੂੰ ਜੇ ਕੋਈ ਕਸ਼ਟ ਦੇਵੇ, ਤਾਂ ਵੀ ਸੰਤ ਉਸ ਨੂੰ ਸੁਖ ਦੇਂਦੇ ਹਨ।੨। ਜਿਵੇਂ ਕੋਈ ਮਨੁੱਖ) ਧਰਤੀ ਤੇ ਚੰਦਨ, ਇਤਰ ਤੇ ਮੁਸ਼ਕ ਕਪੂਰ

ਦਾ ਲੇਪ ਕਰਦਾ ਹੈ, (ਪਰ ਧਰਤੀ) ਉਸ ਮਨੁੱਖ ਨਾਲ ਪ੍ਰੀਤੀ ਨਹੀਂ ਕਰਦੀ।(ਜੇ ਕੋਈ ਮਨੁੱਖ ਧਰਤੀ ਉਤੇ) ਵਿਸ਼ਟਾ ਤੇ ਮੂਤ੍ਰ ਸੁੱਟਦਾ ਹੈ, (ਕੋਈ ਮਨੁੱਖ ਧਰਤੀ ਨੂੰ) ਤਿਲ ਤਿਲ ਕਰਕੇ ਪੁੱਟਦਾ ਹੈ {ਬ੍ਰਹਮ ਗਿਆਨੀ ਕੈ ਧੀਰਜੁ ਏਕ।ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ੨੭੨}, (ਫਿਰ ਵੀ ਧਰਤੀ ਉਸ ਮਨੁੱਖ ਦੇ ਵਰਤਾਉ ਦਾ ਅਪਣੇ) ਮਨ ਵਿਚ ਬੁਰਾ ਨਹੀਂ ਮੰਨਦੀ।੩।(ਭਾਵੇਂ ਕੋਈ ਮਨੁੱਖ) ਉਚਾ ਹੋਵੇ ਜਾਂ ਨੀਚ ਜਾਤ ਦਾ ਹੋਵੇ, (ਭਾਵੇਂ ਕੋਈ) ਬੁਰਾਈ ਕਰੇ ਜਾਂ ਭਲਾਈ ਕਰੇ, (ਅਕਾਸ਼ ਸਭ ਨਾਲ) ਇਕੋ ਜਿਹਾ ਲੱਗਾ ਹੋਇਆ ਹੈ ਅਤੇ ਸਭ ਦੇ ਲਈ ਸੁਖ ਦਾ ਛਤਰ ਬਣਿਆ ਰਹਿੰਦਾ ਹੈ।(ਅਕਾਸ਼) ਮਿਤ੍ਰ ਵੈਰੀ ਕੁਛ ਨਹੀਂ ਜਾਣਦਾ, ਸਾਰੇ ਜੀਵਾਂ ਲਈ ਇਕੋ ਜਿਹਾ ਹੁੰਦਾ ਹੈ (ਤਿਵੇਂ ਸੰਤ ਉਚਿਆਂ, ਨੀਵਿਆਂ, ਪਾਪੀਆਂ ਤੇ ਪੁੰਨੀਆਂ ਨਾਲ ਸੁਖ ਪੂਰਬਕ ਵਿਹਾਰ ਕਰਦੇ ਹਨ)।੪।

ਪਦਾਰਥ = ਸਸਤ੍ਰ ਤੀਖਣਿ–ਤਿੱਖੇ ਸ਼ਸ਼ਤ੍ਰ ਨਾਲ।ਕਾਟਿ ਡਾਰਿਓ–ਕੱਟ ਕੇ ਸੁੱਟ ਦਿਤਾ।ਮਨਿ–ਮਨ ਵਿਚ।ਰੋਸੁ–ਗੁੱਸਾ; ਗਿਲਾ।ਕਾਜੁ–ਕੰਮ।ਉਆ ਕੋ–ਉਸ ਦਾ।ਤਿਲੁ–ਰੱਤਾ ਭਰ ਵੀ।੧।ਮਨ ਮੇਰੇ–ਹੇ ਮੇਰੇ ਮਨ!।ਰਾਮ ਰਉ–ਵਾਹਿਗੁਰੂ ਨੂੰ ਜਪਦਾ ਰਹੁ।ਨਿਤਿ ਨੀਤਿ –ਨਿੱਤ ਨਿੱਤ।ਦਇਆਲ–ਦਇਆ ਦਾ ਘਰ।ਦੇਵ–ਪ੍ਰਕਾਸ਼ ਸਰੂਪ।ਸੰਤਨਾ ਕੀ–ਸੰਤਾਂ ਦੀ।ਰੀਤਿ–ਜੀਵਨ ਮਰਿਆਦਾ।੧।ਰਹਾਉ। ਚਰਣ ਤਲੈ–ਪੈਰਾਂ ਹੇਠ।ਉਗਾਹਿ–ਦੱਬ (ਨੱਪ) ਕੇ।ਬੈਸਿਓ–ਬੈਠ ਗਿਆ।ਸ੍ਰਮੁ–ਥਕੇਵਾਂ।ਸਰੀਰਿ–ਸਰੀਰ ਵਿਚ।ਨਹ ਵਿਆਪੈ–ਨਹੀਂ ਵਿਆਪਦਾ।ਖਿਨਹਿ–ਇਕ ਛਿਨ ਵਿਚ।ਤੀਰਿ–ਕਿਨਾਰੇ ਤੇ।੨।ਅਗਰ–ਇਤਰ (ਅਸਾਮ ਵਿਚ ਊਦ ਦਾ ਬ੍ਰਿਛ, ਜਿਸ ਦੀਆਂ ਗੱਠਾਂ ਵਿਚ ਸੁਗੰਧੀ ਵਾਲਾ ਰਸ ਪੈਦਾ ਹੁੰਦਾ ਹੈ, ਜਿਸ ਤੋਂ ਇਤਰ ਬਣਦਾ ਹੈ)।ਤਿਸੁ ਸੰਗੇ–ਉਸ ਨਾਲ।ਖੋਦਿ–ਪੁੱਟ ਕੇ।ਤਿਲੁ ਤਿਲੁ–ਥੋੜਾ ਥੋੜਾ।ਨ ਮਨੀ–ਨਹੀਂ ਮੰਨਦੀ।ਬਿਪਰੀਤਿ–ਉਲਟੀ ਗੱਲ; ਵਿਰੋਧਤਾ।੩।ਸੁਕ੍ਰਿਤ–ਭਲਾਈ; ਪੁੰਨ ਕਰਮ।ਸੰਲਗਨ–ਇਕੋ ਜਿਹਾ ਲੱਗਾ ਹੋਇਆ।ਸੁਖ ਛਤ੍ਰ–ਸੁਖ ਦਾ ਛਤਰ।ਸਤ੍ਰ–ਵੈਰੀ।ਸਰਬ ਜੀਅ–ਸਾਰੀ ਜੀਵਾਂ ਲਈ।ਸਮਤ–ਇਕੋ ਜਿਹਾ।੪।

ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ, ਅੰਧਕਾਰ ਬਿਨਾਸ ॥ ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ, ਮਨਿ ਨ ਭਇਓ ਬਿਖਾਦੁ ॥੫॥ ਸੀਤ ਮੰਦ ਸੁਗੰਧ ਚਲਿਓ, ਸਰਬ ਥਾਨ ਸਮਾਨ ॥ ਜਹਾ ਸਾ ਕਿਛੁ ਤਹਾ ਲਾਗਿਓ, ਤਿਲੁ ਨ ਸੰਕਾ ਮਾਨ ॥੬॥ ਸੁਭਾਇ ਅਭਾਇ ਜੁ ਨਿਕਟਿ ਆਵੈ, ਸੀਤੁ ਤਾ ਕਾ ਜਾਇ ॥ ਆਪ ਪਰ ਕਾ ਕਛੁ ਨ ਜਾਣੈ, ਸਦਾ ਸਹਜਿ ਸੁਭਾਇ ॥੭॥ ਚਰਣ ਸਰਣ ਸਨਾਥ ਇਹੁ ਮਨੁ ,ਰੰਗਿ ਰਾਤੇ ਲਾਲ ॥ ਗੋਪਾਲ ਗੁਣ ਨਿਤ ਗਾਉ ਨਾਨਕ, ਭਏ ਪ੍ਰਭ ਕਿਰਪਾਲ ॥੮॥੩॥ (ਜਿਵੇਂ ਸੂਰਜ ਅਕਾਸ਼ ਵਿਚ) ਤੇਜ ਰੋਸ਼ਨੀ ਕਰਕੇ ਪ੍ਰਗਟ ਹੁੰਦਾ ਅਤੇ ਹਨ੍ਹੇਰਾ ਨਾਸ਼ ਕਰ ਦਿੰਦਾ ਹੈ।ਪਵਿਤ੍ਰ ਤੇ ਅਪਵਿਤ੍ਰ ਜਗ੍ਹਾ ਉਤੇ ਸੂਰਜ ਦੀਆਂ ਕਿਰਨਾਂ (ਇਕੋ ਜਿਹੀਆਂ) ਲਗਦੀਆਂ ਹਨ, (ਪਰ ਗੰਦੀ ਜਗ੍ਹਾ ਤੇ ਕਿਰਣਾਂ ਲਗ ਕੇ ਸੂਰਜ ਦੇ) ਮਨ ਵਿਚ ਦੁਖ ਨਹੀਂ ਹੁੰਦਾ (ਸੰਤਾਂ ਦਾ ਉਪਦੇਸ਼ ਚੰਗੇ ਮੰਦੇ ਸਭ ਜੀਵਾਂ ਵਾਸਤੇ ਹੁੰਦਾ ਹੈ, ਜੇ ਮਨਮੁਖ ਵੀ ਸੰਤਾਂ ਦਾ ਉਪਦੇਸ਼ ਸੁਣਨ, ਤਾਂ ਸੰਤਾਂ ਦੇ ਮਨ ਵਿਚ ਦੁਖ ਨਹੀਂ ਹੁੰਦਾ।੫।ਜਿਵੇਂ) ਸੁਗੰਧੀ ਵਾਲੀ ਠੰਢੀ ਹਵਾ ਹੌਲੀ ਹੌਲੀ ਸਭ ਥਾਵਾਂ ਤੇ ਇਕੋ ਜਿਹੀ ਚਲਦੀ ਹੈ।ਜਿੱਥੇ ਵੀ ਕੁਛ (ਚੰਗੀ ਮੰਦੀ ਚੀਜ) ਹੁੰਦੀ ਹੈ, ਉਥੇ ਸਭ ਨੂੰ ਲਗਦੀ ਹੈ, (ਹਵਾ) ਤਿਲ ਮਾਤ੍ਰ ਵੀ ਸ਼ੰਕਾ ਨਹੀਂ ਮੰਨਦੀ (ਚੰਗੇ ਮੰਦੇ ਜੀਵਾਂ ਲਈ ਸੰਤਾਂ ਦਾ ਵਰਤਾਉ ਇਕੋ ਜਿਹਾ ਹੁੰਦਾ ਹੈ)।੬।ਜੋ ਵੀ ਮਨੁੱਖ ਚੰਗੀ ਭਾਵਨਾ ਨਾਲ ਜਾਂ ਮੰਦੀ ਭਾਵਨਾ ਨਾਲ ਅੱਗ ਦੇ ਨੇੜੇ ਆਉਂਦਾ ਹੈ, ਉਸ ਦਾ ਪਾਲਾ ਦੂਰ ਹੋ ਜਾਂਦਾ ਹੈ।(ਅੱਗ ਇਹ ਗੱਲ ਬਿਲਕੁਲ) ਕੁਛ ਨਹੀਂ ਜਾਣਦੀ ਕਿ ਇਹ ਅਪਣਾ ਹੈ ਜਾਂ ਪਰਾਇਆ ਹੈ, (ਉਸ ਦਾ) ਸੁਭਾਵ ਸਦਾ ਕੁਦਰਤੀ ਰਹਿੰਦਾ ਹੈ {ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ੨੭੨} (ਸੰਤਾਂ ਕੋਲ ਆਏ ਚੰਗੇ ਜਾਂ ਮੰਦੇ ਬੰਦੇ ਦਾ ਪਾਪਾਂ ਦਾ ਪਾਲਾ ਦੂਰ ਹੋ ਜਾਂਦਾ ਹੈ।ਸੰਤਾਂ ਦਾ ਕੁਦਰਤੀ ਸੁਭਾਵ ਹੈ, ਉਹ ਅਪਣਾ ਪਰਾਇਆ ਕੁਛ ਨਹੀਂ ਜਾਣਦੇ ੭।ਇਸੇ ਤਰ੍ਹਾਂ ਹੇ ਮੇਰੇ ਮਨ! ਸੰਤ) ਪ੍ਰਭੂ ਦੇ ਚਰਨਾਂ ਦੀ ਸਰਣ ਵਿਚ ਰਹਿ ਕੇ ਮਾਲਕ ਦੇ ਬਣ ਜਾਂਦੇ ਹਨ, (ਉਨ੍ਹਾਂ ਦਾ) ਇਹ ਮਨ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਮਨ! ਤੂੰ) ਹਰ ਰੋਜ ਗੋਪਾਲ ਦੇ ਗੁਣ ਗਾਉਂਦਾ ਰਹੁ ,(ਗੁਣ ਗਾਉਣ ਨਾਲ) ਪ੍ਰਭੂ ਮੇਹਰਵਾਨ ਹੁੰਦੇ ਹਨ।੮।੩।

ਪਦਾਰਥ = ਕਰਿ–ਕਰਕੇ।ਪ੍ਰਗਾਸੁ ਪ੍ਰਚੰਡ–ਤੇਜ ਰੋਸ਼ਨੀ।ਅੰਧਕਾਰ–ਹਨ੍ਹੇਰਾ।ਬਿਨਾਸ–ਨਾਸ਼ ਕਰ ਦੇਂਦਾ ਹੈ।ਮਨਿ–ਮਨ ਵਿਚ।ਨ ਭਇਓ ਬਿਖਾਦੁ–ਦੁੱਖ ਨਹੀਂ ਹੁੰਦਾ।੫।ਸੀਤ–ਠੰਢੀ।ਮੰਦ–ਹੌਲੀ ਹੌਲੀ।ਸੁਗੰਧ–ਸੁਗੰਧੀ ਵਾਲੀ।ਸਰਬ ਥਾਨ–ਸਭ ਥਾਂਵਾਂ ਤੇ।ਸਮਾਨ –ਇਕੋ ਜਿਹੀ।ਜਹਾ ਸਾ–ਜਿੱਥੇ ਵੀ ਕੋਈ ਚੀਜ ਸੀ।ਤਹਾ–ਉਥੇ।ਤਿਲੁ–ਰੱਤ ਭਰ ਵੀ।ਸੰਕਾ–ਸ਼ੰਕਾ; ਝਿਜਕ।ਨ ਮਾਨ–ਨਹੀਂ ਮੰਨਦੀ ।੬।ਸੁਭਾਇ–ਚੰਗੀ ਭਾਵਨਾ ਨਾਲ।ਅਭਾਇ–ਮੰਦੀ ਭਾਵਨਾ ਨਾਲ।ਜੁ–ਜੋ।ਨਿਕਟਿ–ਨੇੜੇ।ਸੀਤੁ–ਪਾਲਾ।ਤਾ ਕਾ–ਉਸ ਦਾ।ਜਾਇ –ਦੂਰ ਹੋ ਜਾਂਦਾ ਹੈ।ਆਪ–ਅਪਣਾ।ਪਰ ਕਾ–ਪਰਾਇਆ।ਸਹਜਿ ਸੁਭਾਇ–ਕੁਦਰਤੀ ਸੁਭਾਵ (ਮ.ਕੋ.)।੭।ਸਨਾਥ–ਮਾਲਕ ਵਾਲੇ। ਰੰਗਿ–ਪ੍ਰੇਮ ਵਿਚ।ਰਾਤੇ–ਰੰਗਿਆ ਰਹਿੰਦਾ ਹੈ।ਲਾਲ–ਪ੍ਰਭੂ ਦੇ।ਗੋਪਾਲ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਮਾਤਮਾ।ਨਿਤ–ਹਰ ਰੋਜ।ਭਏ ਕਿਰਪਾਲ–ਮੇਹਰਵਾਨ ਹੁੰਦੇ ਹਨ।੮।੩।

ਮਾਰੂ ਮਹਲਾ ੫ ਘਰੁ ੪ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥ ਚਾਦਨਾ ਚਾਦਨੁ ਆਂਗਨਿ, ਪ੍ਰਭ ਜੀਉ ਅੰਤਰਿ ਚਾਦਨਾ ॥੧॥ ਆਰਾਧਨਾ ਅਰਾਧਨੁ ਨੀਕਾ, ਹਰਿ ਹਰਿ ਨਾਮੁ ਅਰਾਧਨਾ ॥੨॥ ਤਿਆਗਨਾ ਤਿਆਗਨੁ ਨੀਕਾ, ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥ ਮਾਗਨਾ ਮਾਗਨੁ ਨੀਕਾ, ਹਰਿ ਜਸੁ ਗੁਰ ਤੇ ਮਾਗਨਾ ॥੪॥ ਜਾਗਨਾ ਜਾਗਨੁ ਨੀਕਾ, ਹਰਿ ਕੀਰਤਨ ਮਹਿ ਜਾਗਨਾ ॥੫॥ ਲਾਗਨਾ ਲਾਗਨੁ ਨੀਕਾ, ਗੁਰ ਚਰਣੀ ਮਨੁ ਲਾਗਨਾ ॥੬॥ ਇਹ ਬਿਧਿ ਤਿਸਹਿ ਪਰਾਪਤੇ, ਜਾ ਕੈ ਮਸਤਕਿ ਭਾਗਨਾ ॥੭॥ ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ, ਜੋ ਪ੍ਰਭ ਕੀ ਸਰਨਾਗਨਾ ॥੮॥੧॥੪॥ (ਹੇ ਭਾਈ! ਲੋਕ ਵਿਆਹਾਂ ਸ਼ਾਦੀਆਂ ਤੇ ਹੋਰ ਖ਼ੁਸ਼ੀਆਂ ਦੇ ਮੌਕੇ ਤੇ ਅਪਣੇ ਘਰਾਂ ਵਿਚ ਦੀਵੇ ਬਾਲ ਕੇ ਚਾਨਣਾ ਕਰਦੇ ਹਨ, ਪਰ) ਮਨੁੱਖ ਦੇ ਹਿਰਦੇ ਅੰਦਰ ਪ੍ਰਭੂ ਜੀ ਦੇ ਗਿਆਨ ਦਾ ਚਾਨਣ ਹੋ ਜਾਵੇ, ਇਹ ਵੇਹੜੇ ਵਿਚ ਹੋਰ ਚਾਨਣ ਵਿਚੋਂ ਅਸਲ ਚਾਨਣ ਹੈ।੧।ਹੇ ਭਾਈ! ਹਰਿ ਹਰਿ ਨਾਮ ਨੂੰ ਅਰਾਧਨਾ, (ਹੋਰ ਸਭ ਦੇਵੀ ਦੇਵਤਿਆਂ ਦੀ) ਅਰਾਧਨਾ ਵਿਚੋਂ ਚੰਗੀ ਅਰਾਧਨਾ ਹੈ।੨।(ਕਈ ਲੋਕ ਘਰ ਬਾਰ ਛਡ ਕੇ ਜੰਗਲਾਂ ਜਾਂ ਪਹਾੜਾਂ ਦੀਆਂ ਕੰਦਰਾਂ ਵਿਚ ਜਾ ਬੈਠਦੇ ਹਨ, ਪਰ ਹੇ ਭਾਈ!) ਕਾਮ ਕ੍ਰੋਧ ਤੇ ਲੋਭ ਆਦਿਕ ਵਿਕਾਰਾਂ ਦਾ ਤਿਆਗ ਕਰ ਦੇਣਾ ਸਾਰੇ ਤਿਆਗਾਂ ਨਾਲੋਂ ਚੰਗਾ ਤਿਆਗ ਹੈ।੩।(ਹੇ ਭਾਈ! ਦੇਵੀ ਦੇਵਤਿਆਂ ਜਾਂ ਲੋਕਾਂ ਪਾਸੋਂ) ਮੰਗਣ ਨਾਲੋਂ ਚੰਗਾਂ ਮੰਗਣ ਉਹ ਹੈ, ਜੋ ਹਰੀ ਦਾ ਜਸ ਗੁਰੂ ਤੋਂ ਮੰਗਣਾ ਹੈ।੪।(ਲੋਕ ਦੇਵੀ ਦੇਵਤਿਆਂ ਦੀ ਖ਼ੁਸ਼ੀ ਲੈਣ ਵਾਸਤੇ ਰਾਤਾਂ ਨੂੰ ਜਗਰਾਤੇ ਕਰਦੇ ਹਨ, ਇਸ ਲਈ) ਜਾਗਣ ਵਿਚੋਂ ਉਹ ਜਾਗਣ ਚੰਗਾ ਹੈ ਜੋ ਹਰੀ ਦੇ ਕੀਰਤਨ ਵਿਚ ਜਾਗਣਾ ਹੈ।੫।{ਨਿਤ ਨਿਤ ਜਾਗਰਣੁ ਕਰਹੁ ਸਦਾ ਸਦਾ ਆਨੰਦੁ ਜਪਿ ਜਗਦੀਸੁੋਰਾ ੧੨੦੧}।(ਦੇਵੀ ਦੇਵਤਿਆਂ ਜਾਂ ਹੋਰ ਪਾਸੇ) ਲੱਗਣ ਨਾਲੋਂ ਉਹ ਲਗਣਾ ਚੰਗਾ ਹੈ, ਜੋ ਗੁਰੂ ਦੇ ਚਰਨਾਂ ਵਿਚ ਮਨ ਨੂੰ ਲਾਉਣਾ ਹੈ (ਕਿਸੇ ਹੋਰ ਪਾਸੇ ਜੁੜਨ ਨਾਲੋਂ ਗੁਰੂ ਦੇ ਚਰਨਾਂ ਵਿਚ ਮਨ ਨੂੰ ਜੋੜਨਾ ਚੰਗਾ ਹੈ)।੬।ਇਹ ਵਿਧੀ ਉਸ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ, ਜਿਸ ਦੇ ਮੱਥੇ ਉਤੇ ਚੰਗੇ ਭਾਗ ਹਨ।੭।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਮਨੁੱਖ ਪ੍ਰਭੂ ਦੀ ਸ਼ਰਣ ਵਿਚ ਆ ਜਾਂਦਾ ਹੈ, ਉਸ ਦਾ ਸਭ ਕੁਛ ਚੰਗਾ ਹੈ (ਉਸ ਨੂੰ ਬਹੁਤ ਸਾਰੇ ਚੰਗੇ ਗੁਣ ਪ੍ਰਾਪਤ ਹੋ ਜਾਂਦੇ ਹਨ)।੮।੧।੪।

ਪਦਾਰਥ = ਅਸਪਦੀਆ–ਅੱਠ ਪਦਿਆਂ ਵਾਲੇ ਸ਼ਬਦ।ਚਾਦਨਾ ਚਾਦਨੁ–ਚਾਨਣਾਂ ਵਿਚੋਂ (ਅਸਲੀ) ਚਾਨਣ।ਆਂਗਨਿ–ਵੇਹੜੇ ਵਿਚ। ਪ੍ਰਭੂ ਜੀਉ ਚਾਦਨਾ–ਪ੍ਰਭੂ ਜੀ ਦੇ ਗਿਆਨ ਦਾ ਚਾਨਣ।ਅੰਤਰਿ–ਹਿਰਦੇ ਅੰਦਰ।੧।ਆਰਾਧਨਾ ਅਰਾਧਨੁ–ਸਿਮਰਨਾਂ ਵਿਚੋਂ ਸਿਮਰਨ। ਨੀਕਾ–ਚੰਗਾ; ਸ੍ਰੇਸ਼ਟ।੨।ਤਿਆਗਨਾ–(ਸਭ ਕੁਛ) ਛਡ ਦੇਣਾ।੩।ਮਾਗਨਾ ਮਾਗਨੁ–ਮੰਗਣ ਨਾਲੋਂ ਮੰਗਣਾ।ਗੁਰ ਤੇ–ਗੁਰੂ ਤੋਂ।੪। ਜਾਗਨਾ ਜਾਗਨੁ–ਜਾਗਣ ਵਿਚੋਂ ਜਾਗਣਾ।ਮਹਿ–ਵਿਚ।੫।ਲਾਗਨਾ ਲਾਗਨੁ–(ਕਿਸੇ ਹੋਰ ਪਾਸੇ) ਲੱਗਣ ਨਾਲੋਂ (ਚੰਗਾ) ਲੱਗਣਾ; ਕਿਸੇ ਹੋਰ ਦੀ ਲਗਨ ਨਾਲੋਂ ਚੰਗੀ ਲਗਨ।ਚਰਨੀ–ਚਰਨਾਂ ਵਿਚ।੬।ਬਿਧਿ–ਜੀਵਨ ਜੁਗਤੀ।ਤਿਸਹਿ–ਉਸ ਨੂੰ।ਜਾ ਕੈ–ਜਿਸ ਦੇ। ਮਸਤਕਿ–ਮੱਥੇ ਉਤੇ।ਭਾਗਨਾ–ਚੰਗੇ ਭਾਗ।੭।ਤਿਸੁ–ਉਸ ਦਾ।ਸਰਨਾਗਨਾ–ਸਰਨੵ ਵਿਚ ਆ ਜਾਂਦਾ ਹੈ।੮।੧।੪।

ਮਾਰੂ ਮਹਲਾ ੫ ॥ ਆਉ ਜੀ ਤੂ ਆਉ ਹਮਾਰੈ, ਹਰਿ ਜਸੁ ਸ੍ਰਵਨ ਸੁਨਾਵਨਾ ॥੧॥ਰਹਾਉ॥ ਤੁਧੁ ਆਵਤ ਮੇਰਾ ਮਨੁ ਤਨੁ ਹਰਿਆ, ਹਰਿ ਜਸੁ ਤੁਮ ਸੰਗਿ ਗਾਵਨਾ ॥੧॥ ਸੰਤ ਕ੍ਰਿਪਾ ਤੇ ਹਿਰਦੈ ਵਾਸੈ, ਦੂਜਾ ਭਾਉ ਮਿਟਾਵਨਾ ॥੨॥ ਭਗਤ ਦਇਆ ਤੇ ਬੁਧਿ ਪਰਗਾਸੈ, ਦੁਰਮਤਿ ਦੂਖ ਤਜਾਵਨਾ ॥੩॥ ਦਰਸਨੁ ਭੇਟਤ ਹੋਤ ਪੁਨੀਤਾ, ਪੁਨਰਪਿ ਗਰਭਿ ਨ ਪਾਵਨਾ ॥੪॥ ਨਉ ਨਿਧਿ ਰਿਧਿ ਸਿਧਿ ਪਾਈ, ਜੋ ਤੁਮਰੈ ਮਨਿ ਭਾਵਨਾ ॥੫॥ ਸੰਤ ਬਿਨਾ ਮੈ ਥਾਉ ਨ ਕੋਈ, ਅਵਰ ਨ ਸੂਝੈ ਜਾਵਨਾ ॥੬॥ ਮੋਹਿ ਨਿਰਗੁਨ ਕਉ ਕੋਇ ਨ ਰਾਖੈ, ਸੰਤਾ ਸੰਗਿ ਸਮਾਵਨਾ ॥੭॥ ਕਹੁ ਨਾਨਕ ਗੁਰਿ ਚਲਤੁ ਦਿਖਾਇਆ, ਮਨ ਮਧੇ ਹਰਿ ਹਰਿ ਰਾਵਨਾ ॥੮॥੨॥੫॥ ਹੇ ਗੁਰੂ ਜੀ! ਆਓ, ਤੁਸੀਂ ਮੇਰੇ ਘਰ ਵਿਚ ਆਉ ਅਤੇ ਮੇਰੇ ਕੰਨਾਂ ਵਿਚ ਪ੍ਰਮਾਤਮਾ ਦਾ ਜਸ ਸੁਣਾਉ ਜੀ; ਮੈਂ ਤੁਹਾਡੇ ਪਾਸੋਂ ਹਰੀ ਦਾ ਜਸ ਕੰਨਾਂ ਨਾਲ ਸੁਣਾਂ।੧।ਰਹਾਉ।ਤੁਹਾਡੇ ਆਉਣ ਨਾਲ ਮੇਰਾ ਮਨ ਤੇ ਤਨ ਖਿੜ ਜਾਂਦਾ ਹੈ ਤੇ ਮੈਂ ਤੁਹਾਡੀ ਸੰਗਤ ਵਿਚ ਹਰੀ ਦਾ ਜਸ ਗਾਉਣਾ ਹੈ।੧।(ਹੇ ਭਾਈ!) ਸੰਤ ਗੁਰੂ ਦੀ ਕ੍ਰਿਪਾ ਪ੍ਰਭੂ ਮਨੁੱਖ ਦੇ ਹਿਰਦੇ ਵਿਚ ਵਸਦਾ ਹੈ, (ਇਸ ਤਰ੍ਹਾਂ ਉਸ ਦਾ) ਦ੍ਵੈਤ ਭਾਵ ਮਿਟ ਜਾਂਦਾ ਹੈ।੨।ਭਗਤਾਂ ਦੀ ਦਇਆ ਨਾਲ (ਮਨੁੱਖ ਦੀ) ਬੁੱਧੀ ਵਿਚ ਗਿਆਨ ਦਾ ਚਾਨਣ ਹੁੰਦਾ ਹੈ, (ਜਿਸ ਦੀ ਬਰਕਤ ਨਾਲ) ਖੋਟੀ ਮੱਤ ਅਤੇ ਦੁੱਖਾਂ ਦਾ ਤਿਆਗ ਹੋ ਜਾਂਦਾ ਹੈ।੩।(ਸੰਤ ਗੁਰੂ ਦਾ) ਦਰਸ਼ਨ ਕਰਨ ਨਾਲ (ਮਨੁੱਖ ਦਾ ਮਨ) ਪਵਿਤ੍ਰ ਹੋ ਜਾਂਦਾ ਹੈ, ਫਿਰ ਕਦੇ (ਮਨੁੱਖ ਨੂੰ) ਗਰਭ ਜੂਨ ਵਿਚ ਨਹੀਂ ਪਾਇਆ ਜਾਂਦਾ।੪।ਹੇ ਪ੍ਰਭੂ! ਜਿਹੜਾ ਮਨੁੱਖ ਤੇਰੇ ਮਨ ਵਿਚ ਚੰਗਾ ਲਗਦਾ ਹੈ, (ਉਸ ਨੇ ਤੇਰੇ ਘਰੋਂ) ਨੌਂ ਨਿਧੀਆਂ, ਰਿਧੀਆਂ ਤੇ ਸਿਧੀਆਂ ਪਾ ਲਈਆਂ ਹਨ।੫।ਸੰਤ ਗੁਰੂ ਤੋਂ ਬਿਨਾ ਮੇਰਾ ਹੋਰ ਕੋਈ ਥਾਂ ਟਿਕਾਣਾ ਨਹੀਂ ਹੈ, ਕਿਸੇ ਹੋਰ ਥਾਂ ਜਾਣਾ ਮੈਨੂੰ ਸੁਝਦਾ ਨਹੀਂ।੬।ਮੈਨੂੰ ਨਿਰਗੁਣ ਨੂੰ ਕੋਈ ਨਹੀਂ ਰਖਦਾ, (ਇਸ ਲਈ) ਮੈਂ ਸੰਤਾਂ ਦੀ ਸੰਗਤ ਵਿਚ ਰਹਿ ਕੇ ਪ੍ਰਭੂ ਵਿਚ ਲੀਨ ਹੋਣਾ ਹੈ।੭।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਨੇ ਮੈਨੂੰ ਕੌਤਕ ਦਿਖਾਇਆ ਹੈ, (ਜਿਸ ਦਾ ਸਦਕਾ ਅਪਣੇ)

ਮਨ ਵਿਚ ਮੈਂ ਹਰੀ ਦੇ ਮਿਲਾਪ ਦਾ ਅਨੰਦ ਮਾਣਦਾ ਹਾਂ; ਮਨ ਵਿਚ ਹਰੀ ਦਾ ਨਾਮ ਸਿਮਰਦਾ ਹਾਂ।੮।੨।੫।

ਪਦਾਰਥ = ਜੀ-ਹੇ ਗੁਰੂ ਜੀ!।ਹਮਾਰੈ-ਮੇਰੇ (ਘਰ ਵਿਚ)।ਸ੍ਰਵਨ-ਕੰਨਾਂ ਵਿਚ; ਕੰਨਾਂ ਨਾਲ।ਸੁਨਾਵਨਾ-ਸੁਣਾ।੧।ਰਹਾਉ।ਤੁਧੁ ਆਵਤ-ਤੇਰੇ ਆਇਆਂ।ਤਨੁ-ਸਰੀਰ।ਹਰਿਆ-ਹਰਾ ਭਰਾ; ਪ੍ਰਫੁੱਲਤ; ਖੁਸ਼।ਤੁਮ ਸੰਗਿ-ਤੇਰੀ ਸੰਗਤ ਵਿਚ।ਗਾਵਣਾ-ਗਾਉਣਾ ਹੈ।੧।ਸੰਤ ਕ੍ਰਿਪਾ ਤੇ-ਸੰਤ ਗੁਰੂ ਦੀ ਕ੍ਰਿਪਾ ਨਾਲ।ਹਿਰਦੈ-ਹਿਰਦੇ ਵਿਚ।ਵਾਸੈ-ਵਸ ਜਾਂਦਾ ਹੈ।ਦੂਜਾ ਭਾਉ-(ਪ੍ਰਭੂ ਨੂੰ ਛਡ ਕੇ ਕਿਸੇ) ਦੂਜੇ ਨਾਲ ਪਿਆਰ।੨।ਤੇ-ਤੋਂ; ਨਾਲ।ਬੁਧਿ-ਬੁੱਧੀ ਵਿਚ।ਪਰਗਾਸੈ-ਚਾਨਣ ਹੁੰਦਾ ਹੈ।ਦੁਰਮਤਿ-ਖੋਟੀ ਮੱਤ।ਤਜਾਵਨਾ-ਤਿਆਗ ਹੋ ਜਾਂਦਾ ਹੈ।੩।ਭੇਟਤ-ਮਿਲਣ ਨਾਲ; ਕਰਨ ਨਾਲ।ਹੋਤ ਪੁਨੀਤਾ-ਪਵਿਤ੍ਰ ਹੋ ਜਾਂਦਾ ਹੈ।ਪੁਨਰਪਿ-ਫਿਰ ਕਦੇ।ਗਰਭਿ-ਗਰਭ ਵਿਚ।ਨ ਪਾਵਨਾ-ਨਹੀਂ ਪਾਇਆ ਜਾਂਦਾ।੪।ਨਉ ਨਿਧਿ-ਦੁਨੀਆਂ ਦੇ ਸਾਰੇ ਖਜਾਨੇ।ਰਿਧਿ ਸਿਧਿ-ਕਰਾਮਾਤੀ ਸ਼ਕਤੀਆਂ।ਪਾਈ-ਪਾ ਲਈਆਂ ਹਨ।ਮਨਿ-ਮਨ ਵਿਚ।ਭਾਵਨਾ-ਚੰਗਾ ਲਗਦਾ ਹੈ।੫।ਮੈ-ਮੇਰਾ; ਮੈਨੂੰ।ਅਵਰੁ-ਹੋਰ।ਨ ਸੂਝੈ ਜਾਵਣਾ-ਜਾਣਾ ਸੁੱਝਦਾ ਨਹੀਂ।੬।ਮੋਹਿ-ਮੈਨੂੰ।ਨਿਰਗੁਣ ਕਉ-ਗੁਣ ਹੀਣ ਨੂੰ।ਸੰਤਾ ਸੰਗਿ-ਸੰਤਾਂ ਦੀ ਸੰਗਤ ਵਿਚ।ਸਮਾਵਨਾ-ਲੀਨ ਹੋਣਾ ਹੈ।੭।ਗੁਰਿ-ਗੁਰੂ ਨੇ।ਚਲਤੁ-ਕੌਤਕ।ਮਨ ਮਧੇ-ਮਨ ਵਿਚ।ਰਾਵਨਾ-ਅਨੰਦ ਮਾਣਦਾ ਹਾਂ; ਸਿਮਰਦਾ ਹਾਂ।੮।੨।੫।

ਅੰਗ ੧੦੧੯ = ਮਾਰੂ ਮਹਲਾ ੫ ॥ ਜੀਵਨਾ ਸਫਲ ਜੀਵਨ, ਸੁਨਿ ਹਰਿ ਜਪਿ ਜਪਿ, ਸਦ ਜੀਵਨਾ ॥੧॥ਰਹਾਉ॥ ਪੀਵਨਾ ਜਿਤੁ ਮਨੁ ਆਘਾਵੈ, ਨਾਮੁ ਅੰਮ੍ਰਿਤ ਰਸੁ ਪੀਵਨਾ ॥੧॥ ਖਾਵਨਾ ਜਿਤੁ ਭੂਖ ਨ ਲਾਗੈ, ਸੰਤੋਖਿ ਸਦਾ ਤ੍ਰਿਪਤੀਵਨਾ ॥੨॥ ਪੈਨਣਾ ਰਖੁ ਪਤਿ ਪਰਮੇਸੁਰ, ਫਿਰਿ ਨਾਗੇ ਨਹੀ ਥੀਵਨਾ ॥੩॥ ਭੋਗਨਾ ਮਨ ਮਧੇ ਹਰਿ ਰਸੁ ,ਸੰਤ ਸੰਗਤਿ ਮਹਿ ਲੀਵਨਾ ॥੪॥ ਬਿਨੁ ਤਾਗੇ ਬਿਨੁ ਸੂਈ ਆਨੀ, ਮਨੁ ਹਰਿ ਭਗਤੀ ਸੰਗਿ ਸੀਵਨਾ ॥੫॥ ਮਾਤਿਆ ਹਰਿ ਰਸ ਮਹਿ ਰਾਤੇ, ਤਿਸੁ ਬਹੁੜਿ ਨ ਕਬਹੂ ਅਉਖੀਵਨਾ ॥੬॥ ਮਿਲਿਓ ਤਿਸੁ ਸਰਬ ਨਿਧਾਨਾ, ਪ੍ਰਭਿ ਕ੍ਰਿਪਾਲਿ ਜਿਸੁ ਦੀਵਨਾ ॥੭॥ ਸੁਖੁ ਨਾਨਕ ਸੰਤਨ ਕੀ ਸੇਵਾ, ਚਰਣ ਸੰਤ ਧੋਇ ਪੀਵਨਾ ॥੮॥੩॥੬॥ (ਹੇ ਭਾਈ!) ਜੀਵਨ ਵਿਚੋਂ ਉਸ ਮਨੁੱਖ ਦਾ ਜੀਵਨ ਸਫਲ ਹੈ, (ਜਿਹੜਾ) ਹਰੀ ਦਾ ਜਸ ਸੁਣ ਕੇ ਅਤੇ ਹਰੀ ਦਾ ਨਾਮ ਜਪ ਜਪ ਕੇ ਸਦਾ ਜਿਉਂਦਾ ਹੈ।੧।ਰਹਾਉ।(ਅਯੋਗ ਚੀਜਾਂ ਦੇ ਪੀਣ ਨਾਲੋਂ) ਪੀਣਾ ਉਹ ਸਫਲ ਹੈ, ਜਿਸ ਦੇ ਪੀਣ ਨਾਲ ਮਨ ਰੱਜ ਜਾਵੇ, (ਉਹ) ਅੰਮ੍ਰਿਤ ਨਾਮ ਰਸ ਪੀਣਾ ਚਾਹੀਦਾ ਹੈ।੧।(ਅਯੋਗ ਚੀਜਾਂ ਦੇ ਖਾਣ ਨਾਲੋਂ) ਖਾਣਾ ਉਹ ਚੰਗਾ ਹੈ, ਜਿਸ ਦੇ ਖਾਣ ਨਾਲ (ਮੁੜ ਕੇ) ਭੁੱਖ ਨ ਲੱਗੇ, (ਉਹ ਭੋਜਨ ਹੈ) ਸੰਤੋਖ ਵਿਚ ਸਦਾ ਰੱਜੇ ਰਹਿਣਾ।੨।{ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ ੧੦੫}।ਪਹਿਨਣਾ ਉਹ ਸਫਲ ਹੈ, ਜਿਸ ਦੇ ਪਹਿਨਿਆਂ ਪ੍ਰਭੂ ਮਨੁੱਖ ਦੀ ਇੱਜਤ ਰੱਖ ਲਵੇ, ਫਿਰ ਕਦੇ ਨੰਗੇ ਨਹੀਂ ਹੋਈਦਾ।੩।{ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ੧੩੨੯}।ਭੋਗਣਾ ਸਫਲ ਉਹ ਹੈ, ਜੋ ਮਨ ਵਿਚ ਹਰੀ ਦੇ ਨਾਮ ਦਾ ਰਸ ਮਾਣਨਾ ਹੈ, (ਇਹ ਨਾਮ ਰਸ) ਸੰਤਾਂ ਦੀ ਸੰਗਤ ਵਿਚ ਪੀਣਾ ਚਾਹੀਦਾ ਹੈ; ਸੰਤਾਂ ਦੀ ਸੰਗਤ ਵਿਚ ਲੀਨ ਹੋਣਾ ਅਤੇ ਮਨ ਵਿਚ ਹਰੀ ਦੇ ਨਾਮ ਰਸ ਨੂੰ ਮਾਣਨਾ ਹੀ ਸਫਲ ਭੋਗਣਾ ਹੈ।੪।ਬਿਨਾ ਧਾਗੇ ਤੇ ਸੂਈ ਲਿਆਂਦੇ ਬਿਨਾ ਮਨ ਨੂੰ ਹਰੀ ਦੀ ਭਗਤੀ ਨਾਲ ਸਿਉਣਾ ਹੀ ਸਫਲ ਸਿਉਣਾ ਹੈ।੫।(ਜੋ ਮਨੁੱਖ) ਹਰੀ ਦੇ ਨਾਮ ਰਸ ਵਿਚ ਰੰਗੇ ਹੋਏ ਮਸਤ ਹਨ, (ਨਾਮ ਰਸ ਦਾ ਨਸ਼ਾ ਐਸਾ ਹੈ), ਉਸ ਨਸ਼ੇ ਵਿਚ ਮੁੜ ਕੇ ਕਦੇ ਤੋਟ ਨਹੀਂ ਆਉਂਦੀ; ਉਸ ਮਨੁੱਖ ਨੂੰ ਕਦੇ ਮੁੜ ਕੇ ਔਖਾ ਨਹੀਂ ਹੋਣਾ ਪੈਂਦਾ।੬।ਜਿਸ ਮਨੁੱਖ ਨੂੰ ਕ੍ਰਿਪਾਲ ਪ੍ਰਭੂ ਨੇ ਨਾਮ ਦੀ ਦਾਤ ਦਿਤੀ ਹੈ, ਉਸ ਨੂੰ ਸਾਰੇ ਖਜਾਨੇ ਮਿਲ ਗਏ ਹਨ।੭।ਨਾਨਕ ਗੁਰੂ ਜੀ ਆਖਦੇ ਹਨ ਕਿ ਅਸਲੀ ਸੁਖ ਸੰਤਾਂ ਦੀ ਸੇਵਾ ਕਰਨ ਅਤੇ ਸੰਤਾਂ ਦੇ ਚਰਨ ਧੋ ਕੇ ਪੀਣ ਨਾਲ ਮਿਲਦਾ ਹੈ।੮।੩।੬।

ਪਦਾਰਥ = ਸੁਨਿ-ਸੁਣ ਕੇ।ਜਪਿ-ਜਪ ਕੇ।ਸਦ-ਸਦਾ।ਜੀਵਨਾ-ਜਿਉਂਦਾ ਹੈ।੧।ਰਹਾਉ।ਪੀਵਨਾ-ਪੀਣਾ।ਜਿਤੁ-ਜਿਸ (ਪੀਣ) ਨਾਲ।ਆਘਾਵੈ-ਰੱਜ ਜਾਵੇ।੧।ਖਾਵਨਾ-ਖਾਣਾ।ਸੰਤੋਖਿ-ਸੰਤੋਖ ਵਿਚ।ਤ੍ਰਿਪਤੀਵਨਾ-ਰੱਜੇ ਰਹਿਣਾ ਹੈ।੨।ਪਤਿ-ਇੱਜਤ।ਫਿਰਿ-ਫਿਰ।ਨਾਗੇ-ਨੰਗੇ।ਨਹੀਂ ਥੀਵਨਾ-ਨਹੀਂ ਹੋਈਦਾ।੩।ਮਨ ਮਧੇ-ਮਨ ਵਿਚ।ਮਹਿ-ਵਿਚ।ਲੀਵਨਾ (ਲੀਹਣਾ)-ਪੀਣਾ (ਸ਼ਬਦਾਰਥ; ਨਿਰਣੈ; ਦਰਪਣ); ਲੀਨ ਹੋਣਾ।੪।ਬਿਨੁ ਆਨੀ-ਲਿਆਂਦੇ ਬਿਨਾ।ਸੰਗਿ-ਨਾਲ।ਸੀਵਨਾ-ਸਿਉਣਾ।੫।ਮਾਤਿਆ-ਨਸ਼ੇ ਵਿਚ ਮਸਤ।ਰਾਤੇ-ਰੰਗੇ ਹੋਏ।ਤਿਸੁ-ਉਸ ਵਿਚ।ਬਹੁੜਿ-ਮੁੜ ਕੇ।ਕਬਹੂ-ਕਦੇ।ਅਉਖੀਵਨਾ-ਨਸ਼ਾ ਹੀਣ ਹੋਣਾ; ਨਸ਼ੇ ਦੀ ਤੋਟ ਹੋਣੀ।੬।ਸਰਬ ਨਿਧਾਨਾ-ਸਾਰੇ ਖਜਾਨੇ।ਪ੍ਰਭਿ ਕ੍ਰਿਪਾਲਿ-ਕਿਰਪਾਲ ਪ੍ਰਭੂ ਨੇ।ਦੀਵਨਾ-ਦਿਤਾ ਹੈ।੭।ਪੀਵਨਾ-ਪੀਣ ਨਾਲ।੮।੩।੬।

ਮਾਰੂ ਮਹਲਾ ੫ ਘਰੁ ੮ ਅੰਜੁਲੀਆ ੴ ਸਤਿਗੁਰ ਪ੍ਰਸਾਦਿ ॥ ਜਿਸੁ ਗ੍ਰਿਹਿ ਬਹੁਤੁ ,ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ, ਸੁ ਫਿਰੈ ਭ੍ਰਮੰਤਾ ॥ ਦੁਹੂ ਬਿਵਸਥਾ ਤੇ ਜੋ ਮੁਕਤਾ, ਸੋਈ ਸੁਹੇਲਾ ਭਾਲੀਐ ॥੧॥ ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥ ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥ ਦੇਹੀ ਮਹਿ ਜੋ ਰਹੈ ਅਲਿਪਤਾ, ਤਿਸੁ ਜਨ ਕੀ ਪੂਰਨ ਘਾਲੀਐ ॥੨॥ ਜਾਗਤ ਸੂਤਾ ਭਰਮਿ

ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥ ਸਾਧ ਸੰਗਿ ਤੁਟਹਿ ਹਉ ਬੰਧਨ, ਏਕੋ ਏਕੁ ਨਿਹਾਲੀਐ ॥੩॥ ਕਰਮ ਕਰੈ ਤ ਬੰਧਾ, ਨਹ ਕਰੈ ਤ ਨਿੰਦਾ ॥ ਮੋਹ ਮਗਨ ਮਨੁ ਵਿਆਪਿਆ ਚਿੰਦਾ ॥ ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ, ਘਟਿ ਘਟਿ ਰਾਮੁ ਹਿਆਲੀਐ ॥੪॥ (ਹੇ ਭਾਈ!) ਜਿਸ ਮਨੁੱਖ ਦੇ ਘਰ ਵਿਚ ਬਹੁਤੀ ਮਾਇਆ ਹੋਵੇ, ਉਸ ਦੇ ਘਰ ਵਿਚ (ਚੋਰਾਂ ਅਤੇ ਟੈਕਸ ਵਾਲਿਆਂ ਤੋਂ) ਚਿੰਤਾ ਲੱਗੀ ਰਹਿੰਦੀ ਹੈ। ਜਿਸ ਘਰ ਵਿਚ ਮਾਇਆ ਥੋੜੀ ਹੋਵੇ, ਉਹ (ਮਾਇਆ ਵਾਸਤੇ) ਭਟਕਦਾ ਫਿਰਦਾ ਹੈ। ਜਿਹੜਾ ਮਨੁੱਖ ਦੋਹਾਂ ਹਾਲਤਾਂ ਤੋਂ ਅਜਾਦ ਹੈ, ਉਹ ਹੀ ਜਗਤ ਵਿਚ ਸੁਖੀ ਭਾਲੀਦਾ ਹੈ।੧। (ਹੇ ਭਾਈ!) ਬਹੁਤ ਵਿਧੀਆਂ ਨਾਲ ਸਾਰੇ ਵੇਦਾਂ ਦੇ ਪਾਠ ਸੋਧ ਕੇ ਦੇਖੇ ਹਨ, (ਉਹ ਇਹੀ ਦਸਦੇ ਹਨ ਕਿ) ਗ੍ਰਿਹਸਥ ਤੇ ਰਾਜ ਵਿਚ ਨਰਕ ਹੀ ਹੈ (ਗ੍ਰਿਹਸਤ ਵਿਚ ਰੱਬ ਤੋਂ ਦੂਰ ਹੋ ਕੇ ਕਈ ਪਾਪ ਹੋ ਜਾਂਦੇ ਹਨ ਤੇ ਰਾਜ ਦੀ ਐਸ਼ਪ੍ਰਸਤੀ ਵਿਚ ਕਈ ਬੇਇਨਸਾਫੀਆਂ ਹੋ ਜਾਂਦੀਆਂ ਹਨ, ਜਿਸ ਕਰਕੇ ਮਨੁੱਖ ਨਰਕ ਵਿਚ ਪੈਂਦਾ ਹੈ ਅਤੇ ਗ੍ਰਿਹਸਤ ਤੋਂ) ਉਦਾਸ ਹੋ ਕੇ (ਜਿਹੜਾ ਸਾਧੂ) ਕ੍ਰੋਧ ਕਰਦਾ ਹੈ, (ਉਸ ਦਾ ਤਿਆਗ ਵੀ ਸਫਲ ਨਹੀਂ ਹੁੰਦਾ। ਪਰ) ਜੋ ਸਰੀਰ ਦੀ ਹਾਲਤ ਵਿਚ ਨਿਰਲੇਪ ਰਹਿੰਦਾ ਹੈ, ਉਸ ਮਨੁੱਖ ਦੇ ਜੀਵਨ ਦੀ ਮਿਹਨਤ ਪੂਰਨ ਹੁੰਦੀ ਹੈ।੨। (ਜੋ ਮਨੁੱਖ) ਜਾਗਦਾ ਹੀ (ਮੋਹ ਮਾਇਆ ਦੀ ਨੀਂਦ ਵਿਚ) ਸੁੱਤਾ ਪਿਆ ਹੈ, ਉਹ ਭਰਮ ਵਿਚ ਖੁਆਰ ਹੁੰਦਾ ਹੈ। ਹੇ ਮਿਤ੍ਰ! ਗੁਰੂ ਦੀ ਸਰਨ ਵਿਚ ਆਏ ਤੋਂ ਬਿਨਾ (ਮੋਹ ਮਾਇਆ ਦੀ ਨੀਂਦ ਤੋਂ) ਮੁਕਤ ਨਹੀਂ ਹੋ ਸਕੀਦਾ। ਸਾਧ ਗੁਰੂ ਦੀ ਸੰਗਤ ਕਰਕੇ (ਜਦੋਂ) ਹਉਮੈ ਦੇ ਬੰਧਨ ਟੁੱਟ ਜਾਂਦੇ ਹਨ, ਤਾਂ ਇਕੋ ਇਕ ਵਿਆਪਕ ਪ੍ਰਭੂ ਨੂੰ ਦੇਖ ਲਈਦਾ ਹੈ।੩। (ਜੇ ਮਨੁੱਖ ਸ਼ਾਸਤ੍ਰਾਂ ਦੇ ਮਿਥੇ) ਕਰਮ ਕਰਦਾ ਹੈ ਤਾਂ ਕਰਮਾਂ ਦੇ ਹੰਕਾਰ ਤੇ ਕਾਮਨਾ ਕਰਕੇ ਬੱਝ ਜਾਂਦਾ ਹੈ, ਜੇ ਕਰਮ ਨਹੀਂ ਕਰਦਾ ਤਾਂ ਲੋਕ ਨਿੰਦਿਆ ਕਰਦੇ ਹਨ। ਮਾਇਆ ਦੇ ਮੋਹ ਵਿਚ ਮਗਨ ਹੋਇਆ ਹੋਣ ਕਰਕੇ ਮਨ ਨੂੰ ਚਿੰਤਾ ਲੱਗੀ ਰਹਿੰਦੀ ਹੈ। ਗੁਰੂ ਦੀ ਕ੍ਰਿਪਾ ਨਾਲ (ਜਿਹੜਾ ਮਨੁੱਖ) ਸੁਖ ਤੇ ਦੁਖ ਨੂੰ ਬਰਾਬਰ ਜਾਣਦਾ ਹੈ, ਉਹ ਹਰੇਕ ਜੀਵ ਦੇ ਹਿਰਦੇ ਵਿਚ ਪ੍ਰਮਾਤਮਾ ਨੂੰ ਦੇਖਦਾ ਹੈ।੪।

ਪਦਾਰਥ = ਅੰਜੁਲੀਆ–ਭਾਣਾ ਮੰਨਣ ਲਈ ਦੋਵੇਂ ਹੱਥ ਜੋੜਨੇ। ਇਹ ਦੋਹਾਂ ਸ਼ਬਦਾਂ ਦਾ ਸਿਰਲੇਖ ਹੈ; ਛੰਦ ਦੀ ਚਾਲ; ਦੋਵੇਂ ਹੱਥ ਜੁੜੇ ਹੋਏ (ਹੱਥ ਜੋੜ ਕੇ ਅਰਦਾਸ ਕਰਨੀ)। ਜਿਸੁ ਗ੍ਰਿਹਿ–ਜਿਸ ਦੇ ਘਰ ਵਿਚ। ਤਿਸੈ–ਉਸ ਦੇ। ਥੋਰੀ–ਥੋੜੀ ।ਸੁ–ਉਹ। ਫਿਰੈ ਭ੍ਰਮੰਤਾ–ਭਟਕਦਾ ਫਿਰਦਾ ਹੈ। ਦੁਹੂ ਬਿਵਸਥਾ ਤੇ–ਦੋਹਾਂ ਹਾਲਤਾਂ ਤੋਂ। ਮੁਕਤਾ–ਅਜਾਦ; ਬਚਿਆ ਹੋਇਆ ਹੈ। ਸੋਈ–ਉਹ ਹੀ। ਸੁਹੇਲਾ–ਸੁਖੀ ।ਭਾਲੀਐ–ਭਾਲੀਦਾ (ਦੇਖੀਦਾ) ਹੈ।੧। ਗ੍ਰਿਹ–ਗ੍ਰਿਹਸਤ; ਘਰ। ਰਾਜ ਮਹਿ–ਰਾਜ ਵਿਚ। ਉਦਾਸ–(ਗ੍ਰਿਹਸਤ ਤੋ) ਉਦਾਸ ਹੋ ਕੇ; ਤਿਆਗੀ ਬਣ ਕੇ। ਬਹੁ ਬਿਧਿ–ਬਹੁਤ ਤੀਕਿਆਂ ਨਾਲ। ਸੋਧਾ–ਨਿਰਣੇ ਕਰਕੇ; ਵਿਚਾਰ ਕੇ। ਦੇਹੀ ਮਹਿ–ਸਰੀਰ ਵਿਚ। ਅਲਿਪਤਾ–ਨਿਰਲੇਪ। ਜਨ ਕੀ–ਮਨੁੱਖ ਦੀ। ਪੂਰਨ ਘਾਲੀਐ–ਮੇਹਨਤ ਪੂਰੀ ਹੈ।੨। ਜਾਗਤ–ਜਾਗਦਾ ਹੋਇਆ। ਸੂਤਾ–ਸੁੱਤਾ ਪਿਆ ਹੈ। ਵਿਗੂਤਾ–ਖੁਆਰ ਹੁੰਦਾ ਹੈ। ਮੀਤਾ–ਹੇ ਮਿਤ੍ਰ!। ਤੁਟਹਿ–ਟੁੱਟ ਜਾਂਦੇ ਹਨ। ਹਉ–ਹਉਮੈ ਦੇ। ਨਿਹਾਲੀਐ–ਦੇਖ ਲਈਦਾ ਹੈ।੩। ਕਰਮ–ਸ਼ਾਸਤ੍ਰਾਂ ਦੇ ਮਿਥੇ ਕਰਮ। ਬੰਧਾ–ਬੱਝ ਜਾਂਦਾ ਹੈ। ਮਗਨ–ਮਸਤ ਹੋਇਆ। ਵਿਆਪਿਆ ਚਿੰਦਾ–ਚਿੰਤਾ ਲੱਗੀ ਰਹਿੰਦੀ ਹੈ। ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਸਮ–ਬਰਾਬਰ। ਘਟਿ ਘਟਿ–ਹਰੇਕ ਜੀਵ ਦੇ। ਰਾਮੁ–ਪ੍ਰਮਾਤਮਾ। ਹਿਆਲੀਐ–ਦੇਖਦਾ ਹੈ; ਹਿਰਦੇ ਵਿਚ।੪।

ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥ ਜਿਸਹਿ ਬੁਝਾਏ ਸੋਈ ਬੂਝੈ, ਓਹੁ ਬਾਲਕ ਵਾਗੀ ਪਾਲੀਐ ॥੫॥ ਛੋਡਿ ਬਹੈ ਤਉ ਛੂਟੈ ਨਾਹੀ ॥ ਜਉ ਸੰਚੈ ਤਉ ਭਉ ਮਨ ਮਾਹੀ ॥ ਇਸ ਹੀ ਮਹਿ ਜਿਸ ਕੀ ਪਤਿ ਰਾਖੈ, ਤਿਸੁ ਸਾਧੂ ਚਉਰੁ ਢਾਲੀਐ ॥੬॥ ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥ ਜੋ ਵਰਤਾਏ ਸੋਈ ਭਲ ਮਾਨੈ, ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥ ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਕਰਿ ਕਰਿ ਵੇਖੈ ਅਪਣੇ ਜਚਨਾ ॥ ਨਾਨਕ ਕੇ ਪੂਰਨ ਸੁਖ ਦਾਤੇ, ਤੂ ਦੇਹਿ ਤ ਨਾਮੁ ਸਮਾਲੀਐ ॥੮॥੧॥੭॥ (ਹੇ ਭਾਈ!) ਸੰਸਾਰ ਵਿਚ ਕੰਮ ਧੰਧੇ ਕਰਦਿਆਂ (ਮਨੁੱਖ ਨੂੰ ਕੋਈ ਨਾ ਕੋਈ) ਸੰਸਾ ਲੱਗਾ ਰਹਿੰਦਾ ਹੈ। (ਜਿਸ) ਪ੍ਰਭੂ ਦੀ ਕਥਾ ਕਥਨ ਕਰਨ ਤੋਂ ਰਹਿਤ ਹੈ ਅਤੇ ਜੋ ਮਨ ਤੇ ਇੰਦ੍ਰੀਆਂ ਦਾ ਵਿਸ਼ਾ ਨਹੀਂ, ਉਹ (ਪੂਰਨ ਤੌਰ ਤੇ) ਜਾਣਿਆ ਨਹੀਂ ਜਾ ਸਕਦਾ। (ਪਰ ਇਹ ਰਹੱਸ) ਜਿਸ ਮਨੁੱਖ ਨੂੰ ਪ੍ਰਭੂ ਸਮਝਾ ਦੇਵੇ, ਉਹ ਹੀ ਸਮਝਦਾ ਹੈ, (ਉਸ ਨੂੰ) ਉਹ ਪ੍ਰਭੂ ਬੱਚਿਆਂ ਵਾਂਗ ਪਾਲਦਾ ਹੈ।੫। (ਜੇ ਕੋਈ ਮਨੁੱਖ) ਮਾਇਆ ਨੂੰ ਛਡ ਬੈਠਦਾ ਹੈ, ਤਾਂ ਮਾਇਆ ਛੁਟਦੀ ਨਹੀਂ (ਖਾਣ ਪੀਣ ਤੇ ਪਹਿਨਣ ਦੀਆਂ ਲੋੜਾਂ ਵਾਸਤੇ ਵਾਸ਼ਨਾ ਬਣੀ ਰਹਿੰਦੀ ਹੈ)। ਜੇ (ਮਨੁੱਖ) ਮਾਇਆ ਇਕੱਠੀ ਕਰਦਾ ਹੈ, ਤਾਂ ਮਨ ਵਿਚ ਡਰ ਬਣਿਆ ਰਹਿੰਦਾ ਹੈ (ਕਿ ਕੋਈ ਖੋਹ ਨਾ ਲਵੇ)। ਇਸ ਮਾਇਆ ਵਿਚ ਹੀ ਰਹਿੰਦਿਆਂ ਪ੍ਰਭੂ ਜਿਸ ਮਨੁੱਖ ਦੀ ਇੱਜਤ ਰਖਦਾ ਹੈ, ਉਸ ਸਾਧੂ ਦੇ ਸਿਰ ਉਪਰ ਚੌਰ ਝੁਲਾਇਆ ਜਾਂਦਾ ਹੈ (ਉਸ ਦਾ ਜਸ ਹੁੰਦਾ ਹੈ)।੬। ਜੋ ਮਨੁੱਖ ਬਹਾਦਰ ਹੁੰਦਾ ਹੈ, (ਯੁੱਧ ਵਿਚ ਲੜਦਿਆਂ) ਉਸ ਦਾ ਹੀ ਮਰਣਾ ਹੁੰਦਾ ਹੈ; ਕਾਮਾਦਿਕ ਵਿਕਾਰਾਂ ਨੂੰ ਜਿੱਤਣ ਵਾਲਾ ਮਨੁੱਖ ਬਹਾਦਰ ਹੈ, ਉਸ ਦਾ ਹੀ ਆਪਾ ਭਾਵ ਤੋਂ ਮਰਨਾ

ਹੁੰਦਾ ਹੈ। ਜੋ (ਡਰ ਕੇ) ਭੱਜ ਜਾਂਦਾ ਹੈ (ਜੋ ਕਾਮਾਦਿਕਾਂ ਨੂੰ ਨਹੀਂ ਜਿਤ ਸਕਦਾ), ਉਸ ਨੂੰ ਜੋਨੀਆਂ ਵਿਚ ਫਿਰਨਾ ਪੈਂਦਾ ਹੈ। ਜੋ ਕੁਛ ਪ੍ਰਭੂ ਵਰਤਾਉਂਦਾ (ਕਰਦਾ) ਹੈ (ਭਾਵੇਂ ਹਾਰ ਦੇਵੇ, ਭਾਵੇਂ ਜਿੱਤ ਦੇਵੇ, ਇਹ ਪ੍ਰਭੂ ਦੇ ਹੱਥ ਵਿਚ ਹੈ), ਉਸ ਨੂੰ (ਬਹਾਦਰ ਮਨੁੱਖ) ਭਲਾ ਕਰਕੇ ਮੰਨਦਾ ਹੈ, ਉਹ ਪ੍ਰਭੂ ਦੇ ਹੁਕਮ ਨੂੰ ਸਮਝ ਕੇ ਖੋਟੀ ਮੱਤ ਜਲਾ ਦੇਂਦਾ ਹੈ।੭। (ਹੇ ਪ੍ਰਭੂ! ਜੀਵਾਂ ਨੂੰ) ਤੂੰ ਜਿਸ ਜਿਸ ਪਾਸੇ ਲਾਉਂਦਾ ਹੈਂ, (ਜੀਵ) ਉਸ ਉਸ ਪਾਸੇ ਹੀ ਲਗਦੇ ਹਨ। ਤੂੰ ਅਪਣੇ ਕੌਤਕ ਕਰ ਕਰਕੇ ਆਪ ਹੀ ਉਨ੍ਹਾਂ ਨੂੰ ਦੇਖਦਾ ਹੈਂ। ਹੇ ਨਾਨਕ ਦੇ ਪੂਰਨ ਸੁਖ ਦਾਤੇ! ਜੇ ਤੂੰ (ਕ੍ਰਿਪਾ ਕਰਕੇ ਨੂੰ) ਨਾਮ ਦੀ ਦਾਤ ਦੇਵੇਂ, ਤਾਂ ਹੀ ਨਾਮ ਜਪਿਆ ਜਾਂਦਾ ਹੈ।੮।੧।੭।

ਪਦਾਰਥ = ਸੰਸਾਰੈ ਮਹਿ–ਸੰਸਾਰ ਵਿਚ। ਸਹਸਾ–ਸੰਸਾ; ਭਰਮ। ਬਿਆਪੈ–ਲੱਗਾ ਰਹਿੰਦਾ ਹੈ। ਅਕਥ ਕਥਾ–ਜਿਸ ਪ੍ਰਭੂ ਦੀ ਕਥਾ ਪੂਰਨ ਤੌਰ ਤੇ ਕਹੀ ਨਹੀਂ ਜਾ ਸਕਦੀ। ਨਹੀ ਜਾਪੈ–ਜਾਣਿਆ ਨਹੀਂ ਜਾਂਦਾ। ਜਿਸਹਿ–ਜਿਸ ਨੂੰ। ਬੁਝਾਏ–ਸਮਝਾ ਦੇਵੇ। ਸੋਈ–ਉਹ ਹੀ। ਬੂਝੈ–ਸਮਝਦਾ ਹੈ। ਓਹੁ–ਉਹ (ਪ੍ਰਭੂ)। ਵਾਗੀ–ਵਾਂਗ। ਪਾਲੀਐ–ਪਾਲਦਾ ਹੈ।੫। ਛੋਡਿ ਬਹੈ–ਛਡ ਬੈਠਦਾ ਹੈ। ਤਉ–ਤਾਂ। ਜਉ–ਜੇ; ਜਦੋਂ। ਸੰਚੈ (ਕਈ ਬੀੜਾਂ ਵਿਚ ਪਾਠ ਸਿੰਚੈ ਵੀ ਹੈ)–ਇਕੱਠੀ ਕਰਦਾ ਹੈ। ਮਾਹੀ–ਵਿਚ। ਇਸ ਹੀ ਮਹਿ–ਇਸ (ਮਾਇਆ) ਵਿਚ ਹੀ। ਪਤਿ–ਇੱਜਤ। ਢਾਲੀਐ–ਝੁਲਾਇਆ ਜਾਂਦਾ ਹੈ।੬। ਸੂਰਾ–ਸੂਰਮਾ। ਭਾਗੈ–ਦੌੜ ਜਾਂਦਾ ਹੈ। ਭਲ ਮਾਨੈ–ਭਲਾ ਕਰਕੇ ਮੰਨਦਾ ਹੈ। ਦੁਰਮਤਿ–ਖੋਟੀ ਮੱਤ। ਬੁਝਿ–ਸਮਝ ਕੇ। ਜਾਲੀਐ–ਜਲਾ ਦੇਂਦਾ ਹੈ।੭। ਜਿਤੁ ਜਿਤੁ–ਜਿਸ ਜਿਸ ਪਾਸੇ। ਲਾਵਹਿ–ਤੂੰ ਲਾਉਂਦਾ ਹੈਂ। ਤਿਤੁ ਤਿਤੁ–ਉਸ ਉਸ ਪਾਸੇ। ਕਰਿ ਕਰਿ–ਕਰ ਕਰਕੇ। ਜਚਨਾ–ਕੌਤਕਾਂ ਨੂੰ; ਕੰਮਾਂ ਨੂੰ; ਖਿਆਲ (ਸੰਕਲਪ) ਜੋ ਉਸ ਨੂੰ ਜਚਦੇ ਹਨ ਜਾਂ ਚੰਗੇ ਲਗਦੇ ਹਨ (ਸ਼ਬਦਾਰਥ)। ਸੁਖ ਦਾਤੇ–ਹੇ ਸੁਖ ਦੇਣ ਵਾਲੇ!। ਸਮਾਲੀਐ–ਜਪਿਆ ਜਾਂਦਾ ਹੈ।੮।੧।੭।

ਮਾਰੂ ਮਹਲਾ ੫ ॥ ਬਿਰਖੈ ਹੇਠਿ ਸਭਿ ਜੰਤ ਇਕਠੇ ॥ ਇਕਿ ਤਤੇ ਇਕਿ ਬੋਲਨਿ ਮਿਠੇ ॥ ਅਸਤੁ ਉਦੋਤੁ ਭਇਆ ਉਠਿ ਚਲੇ, ਜਿਉ ਜਿਉ ਅਉਧ ਵਿਹਾਣੀਆ ॥੧॥ ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥ ਦੋਜਕਿ ਪਾਏ ਸਿਰਜਣਹਾਰੈ, ਲੇਖਾ ਮੰਗੈ ਬਾਣੀਆ ॥੨॥(ਹੇ ਭਾਈ! ਜਿਵੇਂ ਸੂਰਜ ਛਿਪਣ ਤੇ ਸਾਰੇ ਪੰਛੀ ਇਕ ਬ੍ਰਿਛ ਉਤੇ ਆ ਇਕੱਠੇ ਹੁੰਦੇ ਹਨ, ਇਸੇ ਤਰ੍ਹਾਂ) ਸੰਸਾਰ ਰੂਪ ਬ੍ਰਿਛ ਹੇਠ (ਸੰਸਾਰ ਵਿਚ) ਸਾਰੇ ਜੀਵ ਰੂਪ ਪੰਛੀ ਆ ਇਕੱਠੇ ਹੁੰਦੇ ਹਨ। (ਉਨ੍ਹਾਂ ਵਿਚੋਂ) ਕਈ ਜੀਵ ਤੱਤੇ (ਗੁੱਸੇ ਵਾਲੇ) ਅਤੇ ਕਈ ਜੀਵ ਮਿੱਠੇ ਬੋਲ ਬੋਲਦੇ ਹਨ। (ਜਿਵੇਂ) ਛਿਪਿਆ ਹੋਇਆ ਸੂਰਜ ਮੁੜ ਅਕਾਸ਼ ਵਿਚ ਉਦੈ ਹੁੰਦਾ ਹੈ (ਜਦੋਂ ਉਮਰ ਰੂਪ ਰਾਤ ਗੁਜਰ ਜਾਂਦੀ ਹੈ, ਜੀਵ ਰੂਪ) ਪੰਛੀ ਸੰਸਾਰ ਰੂਪ ਬ੍ਰਿਛ ਤੋਂ ਉਠ ਕੇ ਚਲੇ (ਉਡ) ਜਾਂਦੇ ਹਨ, (ਤਿਵੇਂ ਹੀ ਜੀਵ ਦੀ) ਜਿਵੇਂ ਜਿਵੇਂ ਜੀਵ ਦੀ ਉਮਰ ਬੀਤ ਜਾਂਦੀ ਹੈ (ਪੰਛੀਆਂ ਵਾਂਗ ਜੀਵ ਸੰਸਾਰ ਤੋਂ ਕੂਚ ਕਰ ਜਾਂਦੇ ਹਨ)।੧। (ਹੇ ਭਾਈ!) ਪਾਪ ਕਰਨ ਵਾਲੇ ਮਨੁੱਖ ਜਰੂਰ ਲੁੱਟੇ ਜਾਂਦੇ ਹਨ {ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ੨੧੬}। ਜਮ ਦੂਤ ਨੇ (ਉਹ ਮਨੁੱਖ) ਫੜ ਫੜ ਕੇ ਕੋਹ ਸੁੱਟੇ ਹਨ। ਸਿਰਜਨਹਾਰ ਪ੍ਰਭੂ ਨੇ (ਉਹ ਮਨੁੱਖ) ਨਰਕ ਵਿਚ ਪਾ ਦਿਤੇ ਹਨ, ਧਰਮਰਾਜ ਬਾਣੀਆ (ਉਨ੍ਹਾਂ ਦੇ ਕੀਤੇ ਪਾਪ ਕਰਮਾਂ ਦਾ) ਲੇਖਾ ਮੰਗਦਾ ਹੈ।੨।

ਅੰਗ ੧੦੨੦ = ਸੰਗਿ ਨ ਕੋਈ ਭਈਆ ਬੇਬਾ ॥ ਮਾਲੁ ਜੋਬਨੁ ਧਨੁ ਛੋਡਿ ਵਞੇਸਾ ॥ ਕਰਣ ਕਰੀਮ ਨ ਜਾਤੋ ਕਰਤਾ, ਤਿਲ ਪੀੜੇ ਜਿਉ ਘਾਣੀਆ ॥੩॥ ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥ ਦੁਨੀਆ ਲਬਿ ਪਇਆ ਖਾਤ ਅੰਦਰਿ, ਅਗਲੀ ਗਲ ਨ ਜਾਣੀਆ ॥੪॥ (ਹੇ ਭਾਈ! ਅੰਤ ਵੇਲੇ) ਨਾ ਭਰਾ ਤੇ ਨਾ ਭੈਣ ਕੋਈ ਵੀ (ਮਨੁੱਖ ਦੇ) ਨਾਲ ਨਹੀਂ ਜਾਂਦਾ। ਮਾਲ, ਜੁਆਨੀ ਅਤੇ ਧਨ (ਆਦਿ ਮਨੁੱਖ ਸਭ ਕੁਛ ਇਥੇ) ਛਡ ਕੇ ਚਲਾ ਜਾਵੇਗਾ। (ਜਿਸ ਮਨੁੱਖ ਨੇ) ਜਗਤ ਨੂੰ ਪੈਦਾ ਕਰਨ ਵਾਲੇ ਮੇਹਰਵਾਨ ਕਰਤਾਰ ਨੂੰ ਨਹੀਂ ਜਾਣਿਆ, (ਉਹ ਇਸ ਤਰ੍ਹਾਂ ਪੀੜਿਆ ਜਾਵੇਗਾ) ਜਿਵੇਂ ਘਾਣੀ ਵਿਚ ਤਿਲ ਪੀੜੇ ਜਾਂਦੇ ਹਨ।੩। (ਹੇ ਭਾਈ! ਤੂੰ) ਪਰਾਈ ਵਸਤੂ ਖੋਹ ਖੋਹ ਕੇ ਇਕੱਠੀ ਕਰ ਲੈਂਦਾ ਹੈਂ। ਤੇਰੇ ਨਾਲ ਵਸਦਾ ਖੁਦਾ (ਤੇਰੇ ਪਾਪ ਕਰਮ) ਦੇਖਦਾ ਤੇ (ਤੇਰੇ ਬੋਲਾਂ ਨੂੰ) ਸੁਣਦਾ ਹੈ। ਤੂੰ ਮਾਇਆ ਦੇ ਲੋਭ ਕਰਕੇ ਸੰਸਾਰ ਰੂਪ ਟੋਏ ਅੰਦਰ ਗਿਰਿਆ ਪਿਆ ਹੈਂ, ਤੈਂ ਅਗਲੀ (ਪ੍ਰਲੋਕ ਦੀ) ਗੱਲ ਨਹੀਂ ਜਾਣੀ (ਕਿ ਉਥੇ ਕਿੰਨੀ ਭਾਰੀ ਸਜਾ ਮਿਲਣੀ ਹੈ)।੪।

ਪਦਾਰਥ = ਬਿਰਖੈ ਹੇਠਿ–ਸੰਸਾਰ ਰੂਪ ਬ੍ਰਿਛ ਦੇ ਹੇਠਾਂ। ਜੰਤ–ਜੀਵ। ਇਕਿ–ਕਈ। ਤਤੇ (ਤੱਤੇ ਪੜ੍ਹੋ)–ਗਰਮ ਸੁਭਾਵ ਵਾਲੇ; ਗੁੱਸੇ ਵਾਲੇ; ਤਮੋ ਗੁਣੀ। ਮਿਠੇ–ਮਿੱਠੇ ਬੋਲ ਬੋਲਦੇ ਹਨ। ਅਸਤੁ–ਛਿਪਿਆ ਹੋਇਆ ਸੂਰਜ। ਉਦੋਤੁ ਭਇਆ–ਉਦੈ ਹੋਇਆ। ਉਠਿ ਚਲੇ–ਉਠ ਕੇ ਚਲੇ ਗਏ। ਅਉਧ–ਉਮਰ। ਵਿਹਾਣੀਆ–ਬੀਤ ਜਾਂਦੀ ਹੈ।੧। ਕਰੇਦੜ–ਕਰਨ ਵਾਲੇ। ਸਰਪਰ–ਜਰੂਰ। ਮੁਠੇ–ਲੁੱਟੇ ਜਾਂਦੇ ਹਨ। ਅਜਰਾਈਲਿ–ਮੌਤ ਦੇ ਦੇਵਤੇ (ਜਮ ਦੂਤ) ਨੇ। ਫੜੇ ਫੜਿ–ਫੜ ਫੜ ਕੇ। ਕੁਠੇ–ਕੋਹ ਸੁੱਟੇ ਹਨ। ਦੋਜਕਿ–ਨਰਕ ਵਿਚ। ਸਿਰਜਨ ਹਾਰੈ–ਰਚਨਾ ਕਰਨ ਵਾਲੇ ਕਰਤਾਰ ਨੇ। ਬਾਣੀਆ–ਕਰਮਾਂ ਦਾ ਲੇਖਾ ਲਿਖਣ ਵਾਲਾ ਧਰਮਰਾਜ।੨। ਸੰਗਿ–(ਪ੍ਰਲੋਕ ਵੱਲ) ਨਾਲ।

ਭਈਆ–ਭਰਾ। ਬੇਬਾ–ਭੈਣ। ਮਾਲੁ–ਪਦਾਰਥ; ਮਾਲ ਡੰਗਰ ਆਦਿ। ਵਵੇਸਾ–ਚਲਾ ਜਾਵੇਗਾ। ਕਰੀਮ–ਮੇਹਰਵਾਨ। ਨ ਜਾਤੋ–ਨਹੀਂ ਜਾਣਿਆ। ਕਰਣ ਕਰਤਾ–ਜਗਤ ਨੂੰ ਰਚਣ ਵਾਲਾ ਕਰਤਾਰ। ਘਾਣੀਆ–ਕੋਹਲੂ ਵਿਚ ਇਕ ਵਾਰੀ ਦੇ ਪਾਏ ਤਿਲ ਜਾਂ ਸਰ੍ਹੋਂ ਆਦਿ।੩। ਖੁਸਿ ਖੁਸਿ–ਖੋਹ ਖੋਹ ਕੇ। ਖੁਦਾਈ–ਰੱਬ। ਲਬਿ–ਲੋਭ ਦੇ ਕਾਰਣ। ਖਾਤ ਅੰਦਰਿ–ਟੋਏ ਅੰਦਰ। ਅਗਲੀ ਗਲ–ਅੱਗੇ ਦੀ ਗੱਲ।੪।

ਜਮਿ ਜਮਿ ਮਰੈ, ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥ ਜਿਨਿ ਕੀਤਾ ਤਿਸੈ ਨ ਜਾਣੀ ਅੰਧਾ, ਤਾ ਦੁਖੁ ਸਹੈ ਪਰਾਣੀਆ ॥੫॥ ਖਾਲਕ ਥਾਵਹੁ ਭੁਲਾ ਮੁਠਾ ॥ ਦੁਨੀਆ ਖੇਲੁ ਬੁਰਾ ਰੁਠ ਤੁਠਾ ॥ ਸਿਦਕੁ ਸਬੂਰੀ ਸੰਤੁ ਨ ਮਿਲਿਓ, ਵਤੈ ਆਪਣ ਭਾਣੀਆ ॥੬॥ ਮਉਲਾ ਖੇਲ ਕਰੇ ਸਭਿ ਆਪੇ ॥ ਇਕਿ ਕਢੇ, ਇਕਿ ਲਹਰਿ ਵਿਆਪੇ ॥ ਜਿਉ ਨਚਾਏ ਤਿਉ ਤਿਉ ਨਚਨਿ, ਸਿਰਿ ਸਿਰਿ ਕਿਰਤ ਵਿਹਾਣੀਆ ॥੭॥ ਮਿਹਰ ਕਰੇ ਤਾ ਖਸਮੁ ਧਿਆਈ ॥ ਸੰਤਾ ਸੰਗਤਿ ਨਰਕਿ ਨ ਪਾਈ ॥ ਅੰਮ੍ਰਿਤ ਨਾਮ ਦਾਨੁ ਨਾਨਕ ਕਉ ,ਗੁਣ ਗੀਤਾ ਨਿਤ ਵਖਾਣੀਆ ॥੮॥੨॥੮॥੧੨॥੨੦॥ (ਹੇ ਭਾਈ! ਪ੍ਰਭੂ ਨੂੰ ਭੁਲਾ ਕੇ ਤੂੰ) ਮੁੜ ਮੁੜ ਜੰਮ ਕੇ ਮਰਦਾ ਰਹੇਂਗਾ ਤੇ ਮੁੜ ਜੰਮੇਗਾ ਤੇ ਮੁੜ ਕੇ ਫਿਰ ਮਰੇਂਗਾ। (ਤੈਨੂੰ) ਬਹੁਤ ਸਜਾ ਮਿਲੇਗੀ ਅਤੇ ਤੂੰ ਜਨਮ ਮਰਨ ਦੇ ਲੰਬੇ ਗੇੜ ਵਿਚ ਪਿਆ ਰਹੇਂਗਾ। ਹੇ ਪ੍ਰਾਣੀ! ਜਿਸ ਪ੍ਰਭੂ ਨੇ (ਤੈਨੂੰ) ਪੈਦਾ ਕੀਤਾ ਹੈ, ਤੂੰ ਅੰਨ੍ਹਾ ਹੋਇਆ ਉਸ ਨੂੰ ਜਾਣਦਾ ਨਹੀਂ, ਤਦੇ ਹੀ ਤੂੰ ਦੁਖ ਸਹਿੰਦਾ ਹੈਂ।੫। (ਹੇ ਭਾਈ!) ਤੂੰ ਮਾਲਕ ਪ੍ਰਭੂ ਤੋਂ ਭੁੱਲਿਆ ਹੋਇਆ (ਵਿਕਾਰਾਂ ਪਾਸੋਂ ਅਪਣੀ ਸ਼ੁੱਭ ਗੁਣਾਂ ਦੀ ਪੂੰਜੀ) ਲੁਟਾ ਲਈ ਹੈ। ਦੁਨੀਆਂ ਦਾ ਖੇਲ ਬੁਰਾ ਹੈ, (ਇਸ ਵਿਚ ਮਾਇਆ ਦੇ ਚਲੇ ਜਾਣ ਕਰਕੇ ਤੂੰ) ਰੁੱਸ ਜਾਂਦਾ ਹੈਂ ਅਤੇ (ਮਾਇਆ ਮਿਲਣ ਤੇ) ਖੁਸ਼ ਹੁੰਦਾ ਹੈਂ। (ਤੈਨੂੰ) ਸ਼ਰਧਾ ਤੇ ਸਬਰ ਦੇਣ ਵਾਲਾ ਸੰਤ ਗੁਰੂ ਨਹੀਂ ਮਿਲਿਆ, (ਇਸੇ ਲਈ ਤੂੰ) ਅਪਣੀ ਮਰਜੀ ਨਾਲ ਭਟਕਦਾ ਫਿਰਦਾ ਹੈਂ।੬। (ਗੁਰਮੁਖਾਂ ਨੂੰ ਗਿਆਨ ਹੈ ਕਿ) ਪ੍ਰਭੂ ਆਪ ਹੀ ਸਾਰੇ ਖੇਲ ਕਰਦਾ ਹੈ। ਪ੍ਰਭੂ ਨੇ ਕਈ (ਸਤਸੰਗੀ ਜੀਵ) ਮਾਇਆ ਦੀ ਲਹਿਰ ਵਿਚੋਂ ਕੱਢ ਲਏ ਹਨ ਅਤੇ ਕਈ ਮਨਮੁਖ ਮਾਇਆ ਦੇ ਲੋਭ ਦੀ ਲਹਿਰ ਵਿਚ ਫਸੇ ਹੋਏ ਹਨ। ਜਿਵੇਂ ਪ੍ਰਭੂ ਜੀਵਾਂ ਨੂੰ (ਜੂਨਾਂ ਵਿਚ) ਨਚਾਉਂਦਾ ਹੈ, ਉਸੇ ਉਸੇ ਤਰ੍ਹਾਂ ਜੀਵ (ਜੂਨਾਂ ਵਿਚ) ਨੱਚਦੇ ਹਨ {ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ ੧੦੯੪}, ਹਰੇਕ ਜੀਵ ਦੇ ਸਿਰ ਉਤੇ ਕਿਰਤ ਚਲਦੀ ਹੈ (ਹਰੇਕ ਜੀਵ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਜੀਵਨ ਗੁਜਾਰਦਾ ਹੈ)।੭। ਜੇ ਪ੍ਰਭੂ ਮੇਹਰ ਕਰੇ ਤਾਂ ਜੀਵ ਮਾਲਕ ਪ੍ਰਭੂ ਨੂੰ ਸਿਮਰਦਾ ਹੈ। ਸੰਤਾਂ ਦੀ ਸੰਗਤ ਕਰਕੇ (ਜੀਵ) ਨਰਕ ਵਿਚ ਨਹੀਂ ਪੈਂਦਾ। ਹੇ ਪ੍ਰਭੂ! ਨਾਨਕ ਨੂੰ ਅਪਣੇ ਨਾਮ ਅੰਮ੍ਰਿਤ ਦਾ ਦਾਨ ਬਖਸ਼, (ਤਾਂ ਕਿ ਮੈਂ ਤੇਰੇ) ਗੁਣਾਂ ਦੇ ਗੀਤ ਸਦਾ ਗਾਉਂਦਾ ਰਹਾਂ।੮।੨।੮।੧੨।੨੦।

ਪਦਾਰਥ = ਜੰਮਿ ਜੰਮਿ–ਮੁੜ ਮੁੜ ਜੰਮ ਕੇ। ਮਰੈ–ਮਰਦਾ ਰਹੇਂਗਾ। ਫਿਰਿ–ਫਿਰ ਮੁੜ ਕੇ। ਦੇਸਿ ਲੰਮੈ–ਜਨਮ ਮਰਨ ਦੇ ਲੰਬੇ ਗੇੜ ਵਿਚ। ਸਜਾਇ–ਸਜਾ। ਜਿਨਿ–ਜਿਸ ਪ੍ਰਭੂ ਨੇ। ਕੀਤਾ–ਪੈਦਾ ਕੀਤਾ ਹੈ। ਅੰਧਾ–ਅੰਨ੍ਹਾ (ਅਗਿਆਨੀ) ਮਨੁੱਖ। ਤਾ–ਤਦੇ ਹੀ। ਸਹੈ–ਸਹਿੰਦਾ ਹੈਂ। ਪਰਾਣੀਆ–ਹੇ ਪ੍ਰਾਣੀ!।੫। ਖਾਲਕ–ਸਿਰਜਨਹਾਰ ਪ੍ਰਭੂ। ਥਾਵਹੁ–ਤੋਂ; ਵੱਲੋਂ। ਭੁਲਾ–ਭੁੱਲਿਆ ਹੋਇਆ। ਮੁਠਾ–ਲੁਟਾ ਲਈ ਹੈ। ਖੇਲੁ–ਤਮਾਸ਼ਾ। ਰੁਠ–ਰੁੱਸ ਜਾਂਦਾ ਹੈਂ। ਤੁਠਾ–ਖੁਸ਼ ਹੁੰਦਾ ਹੈਂ। ਸਿਦਕੁ–ਸ਼ਾਤੀ; ਸ਼ਰਧਾ; ਵਿਸ਼ਵਾਸ। ਸਬੂਰੀ–ਸਬਰ ਦੇਣ ਵਾਲਾ। ਵਤੈ–ਫਿਰਦਾ ਹੈਂ। ਆਪਣ ਭਾਣੀਆ–ਅਪਣੀ ਮਰਜੀ ਨਾਲ।੬। ਮਉਲਾ–ਪ੍ਰਮਾਤਮਾ। ਆਪੇ–ਆਪ ਹੀ। ਇਕਿ–ਕਈ (ਜੀਵ)। ਲਹਰਿ–(ਲੋਭ ਦੀ) ਲਹਿਰ ਵਿਚ। ਵਿਆਪੇ–ਫਸੇ ਹੋਏ ਹਨ। ਨਚਾਏ–ਨਚਾਉਂਦਾ ਹੈ। ਨਚਨਿ–ਨੱਚਦੇ ਹਨ। ਸਿਰਿ ਸਿਰਿ–ਹਰੇਕ ਜੀਵ ਦੇ ਸਿਰ ਉਤੇ। ਕਿਰਤ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੀ ਕਮਾਈ। ਵਿਹਾਣੀਆ–ਗੁਜਾਰਦਾ ਹੈ।੭। ਤਾ–ਤਾਂ; ਤਦ। ਖਸਮੁ–ਮਾਲਕ ਪ੍ਰਭੂ ਨੂੰ। ਧਿਆਈ–ਸਿਮਰਦਾ ਹੈ। ਨ ਪਾਈ–ਨਹੀਂ ਪੈਂਦਾ। ਕਉ–ਨੂੰ। ਗੁਣ ਗੀਤਾ–ਗੁਣਾਂ ਦੇ ਗੀਤ। ਨਿਤ–ਸਦਾ; ਹਰ ਰੋਜ। ਵਖਾਣੀਆ –ਵਖਿਆਨ ਕਰਾਂ; ਮੈਂ ਗਾਉਂਦਾ ਰਹਾਂ।੮।੨।੮।੧੨।੨੦।

ਮਹਲਾ ੫ ਦੀਆਂ (੨ ਅੰਜੁਲੀਆ ਸਮੇਤ) ੮ ਅਸਟਪਦੀਆ ਹਨ। ਮਹਲਾ ੧ ਦੀਆਂ ੧੧ ਅਸਟਪਦੀਆ ਹਨ।

ਮਹਲਾ ੩ ਦੀ ੧ ਅਸਟਪਦੀ। ਕੁੱਲ ਜੋੜ = ੨੦

ਮਾਰੂ ਸੋਲਹੇ ਮਹਲਾ ੧ ੧ੴ ਸਤਿਗੁਰ ਪ੍ਰਸਾਦਿ ॥

ਸਾਚਾ ਸਚੁ ਸੋਈ ਅਵਰੁ ਨ ਕੋਈ ॥ ਜਿਨਿ ਸਿਰਜੀ ਤਿਨ ਹੀ ਫੁਨਿ ਗੋਈ ॥ ਜਿਉ ਭਾਵੈ ਤਿਉ ਰਾਖਹੁ ਰਹਣਾ, ਤੁਮ ਸਿਉ ਕਿਆ ਮੁਕਰਾਈ ਹੇ ॥੧॥ ਆਪਿ ਉਪਾਏ ਆਪਿ ਖਪਾਏ ॥ ਆਪੇ ਸਿਰਿ ਸਿਰਿ ਧੰਧੈ ਲਾਏ ॥ ਆਪੇ ਵੀਚਾਰੀ ਗੁਣਕਾਰੀ, ਆਪੇ ਮਾਰਗਿ ਲਾਈ ਹੇ ॥੨॥ ਆਪੇ ਦਾਨਾ ਆਪੇ ਬੀਨਾ ॥ ਆਪੇ ਆਪੁ ਉਪਾਇ ਪਤੀਨਾ ॥ ਆਪੇ ਪਉਣੁ ਪਾਣੀ ਬੈਸੰਤਰੁ ,ਆਪੇ ਮੇਲਿ ਮਿਲਾਈ ਹੇ ॥੩॥ ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ, ਸਾਚੇ ਸਿਉ ਲਿਵ ਲਾਈ ਹੇ ॥੪॥ ਆਪੇ ਪੁਰਖੁ ਆਪੇ ਹੀ ਨਾਰੀ ॥ ਆਪੇ ਪਾਸਾ ਆਪੇ ਸਾਰੀ ॥ ਆਪੇ ਪਿੜ ਬਾਧੀ ਜਗੁ ਖੇਲੈ, ਆਪੇ ਕੀਮਤਿ ਪਾਈ ਹੇ ॥੫॥ ਉਹ ਸੱਚਾ ਪ੍ਰਭੂ ਸਦਾ ਇਕ ਰਸ ਰਹਿਣ ਵਾਲਾ ਹੈ,

ਹੋਰ ਕੋਈ (ਉਸ ਵਰਗਾ ਨਹੀਂ) ਹੈ। ਜਿਸ ਪ੍ਰਭੂ ਨੇ ਸ੍ਰਿਸਟੀ ਰਚੀ ਹੈ, ਫਿਰ ਉਸ ਨੇ ਹੀ ਨਾਸ਼ ਕੀਤੀ ਹੈ। (ਹੇ ਪ੍ਰਭੂ! ਤੈਨੂੰ) ਜਿਵੇਂ ਚੰਗਾ ਲਗਦਾ ਹੈ, ਤਿਵੇਂ ਤੂੰ ਸਾਨੂੰ ਜੀਵਾਂ ਨੂੰ ਰਖਦਾ ਹੈਂ, ਤਿਵੇਂ ਅਸੀਂ ਰਹਿੰਦੇ ਹਾਂ, (ਅਸੀਂ ਜੀਵ) ਤੇਰੇ ਨਾਲ ਕੀ ਤਰਕ ਕਰ ਸਕਦੇ ਹਾਂ? (ਤੇਰੇ ਹੁਕਮ ਤੋਂ ਮੁਕਰਿਆ ਨਹੀਂ ਜਾ ਸਕਦਾ; ਨਾਹ ਨੁੱਕਰ ਨਹੀਂ ਕੀਤੀ ਜਾ ਸਕਦੀ)।੧। ਪ੍ਰਭੂ ਆਪ ਹੀ (ਸਭ ਜੀਵਾਂ ਨੂੰ) ਪੈਦਾ ਕਰਦਾ ਹੈ ਅਤੇ ਆਪ ਹੀ ਮਾਰਦਾ ਹੈ। (ਉਸ ਨੇ) ਆਪ ਹੀ ਹਰੇਕ ਜੀਵ ਨੂੰ ਕੰਮਾਂ ਧੰਧਿਆਂ ਵਿਚ ਲਾਇਆ ਹੋਇਆ ਹੈ। ਪ੍ਰਭੂ ਆਪ ਹੀ (ਜੀਵਾਂ ਦੇ ਕਰਮ) ਵਿਚਾਰਨ ਵਾਲਾ ਹੈ, ਆਪ ਹੀ (ਜੀਵਾਂ ਦੇ ਅੰਦਰ) ਗੁਣ ਪੈਦਾ ਕਰਨ ਵਾਲਾ ਹੈ ਅਤੇ ਆਪ ਹੀ (ਉਹ ਜੀਵ ਨੂੰ ਸਹੀ) ਰਸਤੇ ਤੇ ਲਾਉਂਦਾ ਹੈ।੨। ਪ੍ਰਭੂ ਆਪ ਹੀ (ਸਭ ਜੀਵਾਂ ਦੇ ਦਿਲ ਦੀ) ਜਾਨਣ ਵਾਲਾ ਹੈ ਅਤੇ ਆਪ ਹੀ (ਸਾਰੇ ਜੀਵਾਂ ਦੇ) ਕਰਮ ਦੇਖਣ ਵਾਲਾ ਹੈ। ਆਪ ਹੀ ਅਪਣੇ ਆਪ ਨੂੰ (ਸਰਗੁਣ ਰੂਪ ਵਿਚ) ਪੈਦਾ ਕਰਕੇ ਪ੍ਰਸੰਨ ਹੁੰਦਾ ਹੈ। ਪ੍ਰਭੂ ਆਪ ਹੀ ਪੌਣ ਰੂਪ, ਪਾਣੀ ਰੂਪ ਤੇ ਅਗਨੀ ਰੂਪ ਹੈ, (ਉਹ) ਆਪ ਹੀ ਵਿਰੋਧੀ ਤੱਤਾਂ ਨੂੰ ਮਿਲਾ ਕੇ (ਆਪਸ ਵਿਚ) ਮਿਲਾਉਣ ਵਾਲਾ ਹੈ।੩। ਪ੍ਰਭੂ ਆਪ ਹੀ ਚੰਦ੍ਰਮਾ ਰੂਪ ਹੈ, ਆਪ ਹੀ ਸੂਰਜ ਰੂਪ ਹੈ ਅਤੇ ਆਪ ਹੀ ਹਰ ਥਾਂ ਚਾਨਣ ਦੇਣ ਵਾਲਾ ਪਰੀ ਪੂਰਨ ਹੈ। ਉਹ ਆਪ ਹੀ ਗੁਰੂ ਰੂਪ ਸੂਰਮਾ ਹੋ ਕੇ ਗਿਆਨ ਵਾਲਾ ਤੇ ਧਿਆਨ ਵਾਲਾ ਹੈ। ਜਿਸ ਮਨੁੱਖ ਨੇ ਸੱਚੇ ਪ੍ਰਭੂ ਨਾਲ ਲਿਵ ਲਾਈ ਹੈ, (ਉਸ ਨੂੰ) ਕਾਲ ਜਾਲ ਪਾ ਕੇ ਤੱਕ ਨਹੀਂ ਸਕਦਾ।੪। ਪ੍ਰਭੂ ਆਪ ਹੀ ਪੁਰਖ ਰੂਪ ਹੈ ਅਤੇ ਆਪ ਹੀ ਇਸਤ੍ਰੀ ਰੂਪ ਹੈ। ਉਹ ਆਪ ਹੀ ਚੌਂਪੜ ਰੂਪ ਸੰਸਾਰ ਹੈ ਅਤੇ ਆਪ ਹੀ ਜੀਵ ਰੂਪ ਨਰਦਾਂ ਹੈ। ਆਪ ਹੀ ਜਗਤ ਰੂਪ ਖੇਡ ਦਾ ਮੈਦਾਨ ਬੰਨ੍ਹ ਕੇ ਖੇਡਦਾ ਹੈ ਅਤੇ ਆਪ ਹੀ ਖੇਡ ਦਾ ਮੁੱਲ ਪਾਉਂਦਾ ਹੈ (ਜਿੱਤੇ ਹੋਏ ਖਿਡਾਰੀਆਂ ਨੂੰ ਇਨਾਮ ਦੇਂਦਾ ਹੈ)।੫।

ਪਦਾਰਥ = ਸਾਚਾ-ਸਦਾ ਇਕ ਰਸ ਰਹਿਣ ਵਾਲਾ ਪ੍ਰਭੂ। ਸੱਚੁ-ਸੱਚਾ ਪ੍ਰਭੂ; ਨਿਸਚੇ ਕਰਕੇ (ਸੰ.ਸ.; ਫ.ਸ.)। ਅਵਰੁ-ਹੋਰ ਦੂਜਾ। ਸੋਈ-ਉਹ ਹੀ। ਜਿਨਿ-ਜਿਸ ਨੇ। ਸਿਰਜੀ-ਪੈਦਾ ਕੀਤੀ ਹੈ। ਤਿਨ ਹੀ-ਉਸ ਨੇ ਹੀ। ਫੁਨਿ-ਫਿਰ; ਮੁੜ ਕੇ। ਗੋਈ-ਨਾਸ਼ ਕੀਤੀ ਹੈ। ਭਾਵੈ-ਚੰਗਾ ਲੱਗੇ। ਤੁਮ ਸਿਉ-ਤੇਰੇ ਨਾਲ। ਮੁਕਰਾਈ-ਤਰਕ; ਨਾਂਹ ਨੁੱਕਰ।੧। ਆਪਿ-ਆਪ ਹੀ। ਉਪਾਏ-ਪੈਦਾ ਕਰਦਾ ਹੈ। ਖਪਾਏ -ਮਾਰਦਾ ਹੈ। ਸਿਰਿ ਸਿਰਿ-ਹਰੇਕ ਜੀਵ ਨੂੰ। ਧੰਧੈ-ਕੰਮਾਂ ਧੰਧਿਆਂ ਵਿਚ। ਵੀਚਾਰੀ-(ਜੀਵਾਂ ਦੇ ਕਰਮ) ਵਿਚਾਰਨ ਵਾਲਾ। ਗੁਣਕਾਰੀ-ਗੁਣ ਪੈਦਾ ਕਰਨ ਵਾਲਾ। ਮਾਰਗਿ-ਰਸਤੇ ਉਤੇ।੨। ਦਾਨਾ-(ਜੀਵਾਂ ਦੇ) ਦਿਲ ਦੀ) ਜਾਨਣ ਵਾਲਾ। ਬੀਨਾ-(ਜੀਵਾਂ ਦੇ ਕੀਤੇ ਕਰਮ) ਦੇਖਣ ਵਾਲਾ। ਪਤੀਨਾ-ਪ੍ਰਸੰਨ ਹੁੰਦਾ ਹੈ। ਬੈਸੰਤਰੁ-ਅੱਗ। ਮੇਲਿ-ਮਿਲਾ ਕੇ; ਇਕੱਠਾ ਕਰਕੇ। ਮਿਲਾਈ-ਮਿਲਾਉਣ ਵਾਲਾ।੩। ਸਸਿ-ਚੰਦ੍ਰਮਾ। ਸੂਰਾ-ਸੂਰਜ। ਪੂਰੋ ਪੂਰਾ-ਹਰ ਥਾਂ ਪੂਰਨ ਹੈ। ਗਿਆਨਿ-ਗਿਆਨ ਵਾਲਾ। ਧਿਆਨਿ-ਧਿਆਨ ਵਾਲਾ। ਸੂਰਾ-ਸੂਰਮਾ। ਕਾਲੁ ਜਾਲੁ-ਮੌਤ ਜਾਲ ਪਾ ਕੇ। ਜੋਹਿ ਨ ਸਾਕੈ-ਤੱਕ ਨਹੀਂ ਸਕਦਾ। ਸਾਚੇ ਸਿਉ-ਸੱਚੇ ਪ੍ਰਭੂ ਨਾਲ। ਲਿਵ ਲਾਈ -ਸੁਰਤ ਜੋੜੀ ਹੈ।੪। ਪਾਸਾ-ਸੰਸਾਰ ਰੂਪ ਚੌਪੜ। ਸਾਰੀ-ਜੀਵ ਰੂਪ ਨਰਦਾਂ। ਪਿੜ-ਮੈਦਾਨ। ਬਾਧੀ-ਬੰਨ੍ਹ ਕੇ; ਮੱਲ ਕੇ (ਪੂਰੇ ਬਲ ਨਾਲ)।੫।

ਸੋਲਹੇ = ਸੋਲ੍ਹਾਂ ਪਦਾਂ ਵਾਲੇ ਸ਼ਬਦ। ਕਈ ਸੋਲਹੇ ੧੫, ੧੬, ੧੭ ਤੇ ੨੧ ਪਦਾਂ ਦੇ ਵੀ ਹਨ, ਪਰ ਸੰਗਿਆ ਸਭ ਦੀ ਸੋਲਹੇ ਹੀ ਹੈ, ਚਾਲ ਇਨ੍ਹਾਂ ਦੀ ਚਿਤ੍ਰ ਕਲਾ ਛੰਦ ਵਾਂਙ ਹੈ। ਸੋਲਹੇ ਸਿਰਫ ਮਾਰੂ ਰਾਗ ਵਿਚ ਹੀ ਹਨ, ਇਨ੍ਹਾਂ ਵਿਚ ਰਹਾਉ ਵਾਲੀ ਤੁਕ ਨਹੀਂ ਹੈ।

ਆਪੇ ਭਵਰੁ ਫੁਲੁ ਫਲੁ ਤਰਵਰੁ ॥ ਆਪੇ ਜਲੁ ਥਲੁ ਸਾਗਰੁ ਸਰਵਰੁ ॥ ਆਪੇ ਮਛੁ ਕਛੁ ਕਰਣੀਕਰੁ ,ਤੇਰਾ ਰੂਪੁ ਨ ਲਖਣਾ ਜਾਈ ਹੇ ॥੬॥ ਆਪੇ ਦਿਨਸੁ ਆਪੇ ਹੀ ਰੈਣੀ ॥ ਆਪਿ ਪਤੀਜੈ ਗੁਰ ਕੀ ਬੈਣੀ ॥ ਆਦਿ ਜੁਗਾਦਿ ਅਨਾਹਦਿ ਅਨਦਿਨੁ ,ਘਟਿ ਘਟਿ ਸਬਦੁ ਰਜਾਈ ਹੇ ॥੭॥ ਆਪੇ ਰਤਨੁ ਅਨੂਪੁ ਅਮੋਲੋ ॥ ਆਪੇ ਪਰਖੇ ਪੂਰਾ ਤੋਲੋ ॥ (ਹੇ ਭਾਈ!) ਪ੍ਰਭੂ ਆਪ ਹੀ ਭੌਰਾ ਰੂਪ ਹੈ, ਆਪ ਹੀ ਫੁੱਲ ਰੂਪ ਹੈ, ਆਪ ਹੀ ਫਲ ਰੂਪ ਹੈ ਅਤੇ ਆਪ ਹੀ ਬ੍ਰਿਛ ਰੂਪ ਹੈ। ਪ੍ਰਭੂ ਆਪ ਹੀ ਜਲ ਰੂਪ ਹੈ, ਆਪ ਹੀ ਥਲ ਰੂਪ ਹੈ, ਆਪ ਹੀ ਸਮੁੰਦਰ ਰੂਪ ਹੈ ਅਤੇ ਆਪ ਹੀ ਮਾਨ ਸਰੋਵਰ ਰੂਪ ਹੈ। ਆਪ ਹੀ ਮੱਛ ਅਵਤਾਰ ਰੂਪ ਹੈ, ਆਪ ਹੀ ਕੱਛੂ ਅਵਤਾਰ ਰੂਪ ਹੈ ਅਤੇ ਆਪ ਹੀ (ਇਨ੍ਹਾਂ ਅਵਤਾਰਾਂ ਦੇ ਰੂਪ ਵਿਚ ਸਾਰੇ) ਕਾਰਣ ਕਰਨ ਵਾਲਾ ਹੈ, ਹੇ ਪ੍ਰਭੂ! ਤੇਰਾ ਸਹੀ ਸਰੂਪ ਜਾਣਿਆ ਨਹੀਂ ਜਾ ਸਕਦਾ।੬। ਪ੍ਰਭੂ ਆਪ ਹੀ ਦਿਨ ਰੂਪ ਹੈ ਤੇ ਆਪ ਹੀ ਰਾਤ ਰੂਪ ਹੈ। ਆਪ ਹੀ ਗੁਰੂ ਦੇ ਬਚਨਾਂ ਦੁਆਰਾ ਪ੍ਰਸੰਨ ਹੋ ਰਿਹਾ ਹੈ। ਪ੍ਰਭੂ ਆਦਿ ਜੁਗਾਦ ਤੋਂ ਮੌਜੂਦ ਹੈ, ਉਹ ਨਾਸ ਰਹਿਤ ਹੈ, ਹਰੇਕ ਸਰੀਰ ਵਿਚ ਹਰ ਰੋਜ ਰਜ਼ਾ ਦੇ ਮਾਲਕ ਪ੍ਰਭੂ ਦਾ ਹੁਕਮ ਵਰਤ ਰਿਹਾ ਹੈ।੭। ਪ੍ਰਭੂ ਆਪ ਹੀ ਸੁੰਦਰ ਅਮੋਲਕ ਰਤਨ ਰੂਪ ਹੈ। ਆਪ ਹੀ (ਰਤਨ ਨੂੰ) ਪਰਖਣ ਵਾਲਾ ਹੈ ਅਤੇ ਪੂਰਾ ਤੋਲਦਾ ਹੈ।

ਅੰਗ ੧੦੨੧ = ਆਪੇ ਕਿਸ ਹੀ ਕਸਿ ਬਖਸੇ, ਆਪੇ ਦੇ ਲੈ ਭਾਈ ਹੇ ॥੮॥ ਆਪੇ ਧਨਖੁ ਆਪੇ ਸਰਬਾਣਾ ॥ ਆਪੇ ਸੁਘੜੁ ਸਰੂਪੁ ਸਿਆਣਾ ॥ ਕਹਤਾ ਬਕਤਾ ਸੁਣਤਾ ਸੋਈ, ਆਪੇ ਬਣਤ ਬਣਾਈ ਹੇ ॥੯॥ ਪਉਣੁ ਗੁਰੂ ਪਾਣੀ ਪਿਤ ਜਾਤਾ ॥ ਉਦਰ ਸੰਜੋਗੀ ਧਰਤੀ ਮਾਤਾ ॥ ਰੈਣਿ ਦਿਨਸੁ ਦੁਇ ਦਾਈ ਦਾਇਆ, ਜਗੁ ਖੇਲੈ ਖੇਲਾਈ ਹੇ ॥੧੦॥ ਹੇ ਭਾਈ! ਪ੍ਰਭੂ ਆਪ ਹੀ ਕਸਵੱਟੀ ਤੇ ਲਾ

ਕੇ ਕਿਸੇ ਰਤਨ ਰੂਪ ਜੀਵ ਨੂੰ ਪਰਖ ਕੇ ਬਖਸ਼ਿਸ਼ ਕਰਦਾ ਹੈ, ਆਪ ਹੀ ਰਤਨ ਦੇਂਦਾ ਹੈ ਅਤੇ ਆਪ ਹੀ (ਜਗਿਆਸੂ ਰੂਪ ਹੋ ਕੇ) ਰਤਨ ਲੈਂਦਾ ਹੈ (ਦੇਣ ਲੈਣ ਦਾ ਵਪਾਰ ਆਪ ਹੀ ਕਰਦਾ ਹੈ)।੮।ਪ੍ਰਭੂ ਆਪ ਹੀ ਧਨਖ ਰੂਪ ਹੈ ਅਤੇ ਆਪ ਹੀ ਤੀਰ ਚਲਾਉਣ ਵਾਲਾ ਹੈ।ਉਹ ਆਪ ਹੀ ਸੁਘੜ, ਸੁੰਦਰ ਰੂਪ ਵਾਲਾ ਅਤੇ ਸਿਆਣਾ ਹੈ।ਉਹ ਆਪ ਹੀ ਕਹਿਣ ਵਾਲਾ, (ਗੁਰੂ ਰੂਪ ਹੋ ਕੇ) ਬੋਲਣ ਵਾਲਾ ਅਤੇ (ਸਿੱਖ ਰੂਪ ਹੋ ਕੇ) ਸੁਣਨ ਵਾਲਾ ਸ੍ਰੋਤਾ ਹੈ, ਉਸ ਨੇ ਆਪ ਹੀ ਜਗਤ ਦੀ ਬਣਤ ਬਣਾਈ ਹੈ।੯।ਪਉਣ ਗੁਰੂ ਹੈ (ਕਿਉਂਕਿ ਜਗਤ ਦਾ ਆਸਰਾ ਪਉਣ ਹੈ) ਅਤੇ ਪਾਣੀ (ਸਾਰੇ ਜੀਵਾਂ ਦਾ) ਪਿਤਾ ਜਾਣਿਆ ਜਾਂਦਾ ਹੈ।ਪੇਟ ਦੇ ਸਬੰਧ ਕਰਕੇ ਧਰਤੀ ਮਾਤਾ ਹੈ (ਧਰਤੀ ਅੰਨ ਪੈਦਾ ਕਰਕੇ ਜੀਵਾਂ ਦੀ ਮਾਂ ਵਾਂਗ ਪਾਲਣਾ ਕਰਦੀ ਹੈ)।ਰਾਤ ਤੇ ਦਿਨ ਦੋਵੇਂ ਦਾਈ ਤੇ ਦਾਇਆ ਹੈ, (ਇਨ੍ਹਾਂ ਦੋਹਾਂ ਦਾ) ਖਿਲਾਇਆ ਜਗਤ ਖੇਲ ਰਿਹਾ ਹੈ।੧੦।

ਪਦਾਰਥ = ਆਪੇ-ਆਪ ਹੀ।ਭਵਰੁ-ਭੌਰਾ।ਤਰਵਰੁ-ਬ੍ਰਿਛ।ਥਲੁ-ਸੁੱਕੀ ਧਰਤੀ।ਸਾਗਰੁ-ਸਮੁੰਦਰ।ਸਰਵਰੁ-ਮਾਨ ਸਰੋਵਰ।ਕਰਣੀਕਰੁ-ਕਰਣ ਕਾਰਣ।ਲਖਣਾ-ਜਾਨਣਾ।੬।ਦਿਨਸੁ-ਦਿਨ।ਰੈਣੀ-ਰਾਤ।ਪਤੀਜੈ-ਖੁਸ਼ ਹੁੰਦਾ ਹੈ।ਬੈਣੀ-ਬਾਣੀ ਰਾਹੀਂ।ਆਦਿ ਜੁਗਾਦਿ-ਮੁੱਢ ਤੋਂ; ਸਦਾ; ਆਦਿ ਕਾਲ ਤੋਂ।ਅਨਾਹਦਿ-ਨਾਸ਼ ਰਹਿਤ।ਅਨਦਿਨੁ-ਹਰ ਰੋਜ।ਘਟਿ ਘਟਿ-ਹਰੇਕ ਸਰੀਰ ਵਿਚ। ਰਜਾਈ-ਰਜ਼ਾ ਦੇ ਮਾਲਕ ਪ੍ਰਭੂ ਦਾ।੭।ਅਨੂਪੁ-ਸੁੰਦਰ; ਬੇ ਮਿਸਾਲ।ਅਮੋਲੋ-ਅਮੋਲਕ।ਕਿਸ ਹੀ-ਕਿਸੇ ਨੂੰ।ਕਸਿ-ਕਸਵੱਟੀ ਤੇ ਲਾ ਕੇ।ਤੋਲੋ-ਤੋਲਦਾ ਹੈ।ਦੇ-ਦੇਂਦਾ ਹੈ।ਲੈ-ਲੈਂਦਾ ਹੈ।੮।ਸਰਬਾਣਾ-ਤੀਰ ਚਲਾਉਣ ਵਾਲਾ।ਸੁਘੜ-ਸੋਹਣੀ ਘਾੜਤ ਵਾਲਾ।ਸਰੂਪੁ -ਸੁੰਦਰ ਰੂਪ ਵਾਲਾ।ਕਹਤਾ-ਕਹਿਣ ਵਾਲਾ।ਬਕਤਾ-ਬੋਲਣ ਵਾਲਾ।ਸੁਣਤਾ-ਸੁਣਨ ਵਾਲਾ।ਸੋਈ-ਉਹ ਹੀ।ਬਣਤ-ਜਗਤ ਰਚਨਾ। ੯।ਪਿਤ-ਪਿਤਾ।ਜਾਤਾ-ਜਾਣਿਆ ਜਾਂਦਾ ਹੈ।ਉਦਰ ਸੰਜੋਗੀ-ਪੇਟ ਦੇ ਸਬੰਧ ਕਰਕੇ।ਰੈਣਿ-ਰਾਤ।ਦੁਇ-ਦੋਵੇਂ।ਦਾਈ-ਰਾਤ ਨੂੰ ਸੁਲਾਉਣ ਵਾਲੀ ਹੈ।ਦਾਇਆ-(ਦਿਨ ਵੇਲੇ) ਖਿਡਾਉਣ ਤੇ ਪਾਲਣ ਵਾਲੀ।ਖਿਲਾਈ-ਖਿਡਾਉਣ ਵਾਲਾ।੧੦।

ਆਪੇ ਮਛੁਲੀ ਆਪੇ ਜਾਲਾ ॥ ਆਪੇ ਗਊ ਆਪੇ ਰਖਵਾਲਾ ॥ ਸਰਬ ਜੀਆ ਜਗਿ ਜੋਤਿ ਤੁਮਾਰੀ, ਜੈਸੀ ਪ੍ਰਭਿ ਫੁਰਮਾਈ ਹੇ ॥੧੧॥ ਆਪੇ ਜੋਗੀ ਆਪੇ ਭੋਗੀ ॥ ਆਪੇ ਰਸੀਆ ਪਰਮ ਸੰਜੋਗੀ ॥ ਆਪੇ ਵੇਬਾਣੀ ਨਿਰੰਕਾਰੀ, ਨਿਰਭਉ ਤਾੜੀ ਲਾਈ ਹੇ ॥੧੨॥ ਖਾਣੀ ਬਾਣੀ ਤੁਝਹਿ ਸਮਾਣੀ ॥ ਜੋ ਦੀਸੈ ਸਭ ਆਵਣ ਜਾਣੀ ॥ ਸੇਈ ਸਾਹ ਸਚੇ ਵਾਪਾਰੀ, ਸਤਿਗੁਰਿ ਬੂਝ ਬੁਝਾਈ ਹੇ ॥੧੩॥ ਸਬਦੁ ਬੁਝਾਏ ਸਤਿਗੁਰੁ ਪੂਰਾ ॥ ਸਰਬ ਕਲਾ ਸਾਚੇ ਭਰਪੂਰਾ ॥ ਅਫਰਿਓ ਵੇਪਰਵਾਹੁ ਸਦਾ ਤੂ ,ਨਾ ਤਿਸੁ ਤਿਲੁ ਨ ਤਮਾਈ ਹੇ ॥੧੪॥ ਕਾਲੁ ਬਿਕਾਲੁ ਭਏ ਦੇਵਾਨੇ ॥ ਸਬਦੁ ਸਹਜ ਰਸੁ ਅੰਤਰਿ ਮਾਨੇ ॥ ਆਪੇ ਮੁਕਤਿ ਤ੍ਰਿਪਤਿ ਵਰਦਾਤਾ, ਭਗਤਿ ਭਾਇ ਮਨਿ ਭਾਈ ਹੇ ॥੧੫॥ ਆਪਿ ਨਿਰਾਲਮੁ ਗੁਰ ਗਮ ਗਿਆਨਾ ॥ ਜੋ ਦੀਸੈ ਤੁਝ ਮਾਹਿ ਸਮਾਨਾ ॥ ਨਾਨਕੁ ਨੀਚੁ ਭਿਖਿਆ ਦਰਿ ਜਾਚੈ, ਮੈ ਦੀਜੈ ਨਾਮੁ ਵਡਾਈ ਹੇ ॥੧੬॥੧॥ ਪ੍ਰਭੂ ਆਪ ਹੀ ਮੱਛੀ ਰੂਪ ਹੈ ਅਤੇ ਆਪ ਹੀ ਜਾਲ ਰੂਪ ਹੈ।ਪ੍ਰਭੂ ਆਪ ਹੀ ਗਊ ਰੂਪ ਹੈ ਅਤੇ ਆਪ ਹੀ (ਗਊਆਂ ਦੀ) ਰੱਖਿਆ ਕਰਨ ਵਾਲਾ ਹੈ।ਹੇ ਪ੍ਰਭੂ ! ਜਗਤ ਵਿਚ ਸਾਰੇ ਜੀਵਾਂ ਅੰਦਰ ਤੇਰੀ ਹੀ ਜੋਤ ਹੈ, (ਹੇ ਭਾਈ !) ਜਿਸ ਤਰ੍ਹਾਂ ਪ੍ਰਭੂ ਨੇ ਹੁਕਮ ਕੀਤਾ ਹੈ, ਜੀਵ ਉਹੀ ਕੁਛ ਕਰਦੇ ਹਨ।੧੧।ਪ੍ਰਭੂ ਆਪ ਹੀ (ਸ੍ਰਿਸਟੀ ਤੋਂ ਨਿਰਲੇਪ ਰਹਿਣ ਕਰਕੇ) ਜੋਗੀ ਹੈ ਅਤੇ (ਸਾਰੇ ਜੀਵਾਂ ਅੰਦਰ ਵਸਦਾ ਹੋਣ ਕਰਕੇ) ਆਪ ਹੀ ਪਦਾਰਥਾਂ ਨੂੰ ਭੋਗਣ ਵਾਲਾ ਹੈ।(ਸਾਰੇ ਜੀਵਾਂ ਵਿਚ ਵਸਦਾ ਹੋਣ ਕਰਕੇ) ਪ੍ਰਭੂ ਆਪ ਹੀ ਰਸ ਮਾਨਣ ਵਾਲਾ ਹੈ ਅਤੇ ਆਪ ਹੀ ਵੱਡਾ ਮੇਲ ਕਰਨ ਵਾਲਾ ਹੈ।ਆਪ ਹੀ ਬਾਣੀ (ਕਥਨ) ਤੋਂ ਰਹਿਤ; ਬੀਆਬਾਨ ਵਿਚ ਰਹਿਣ ਵਾਲਾ ਜੰਗਲ ਨਿਵਾਸੀ ਹੈ, ਆਪ ਹੀ ਅਕਾਰ ਰਹਿਤ, ਭੈ ਰਹਿਤ ਹੈ ਅਤੇ ਅਪਣੇ ਸਰੂਪ ਵਿਚ ਸਮਾਧੀਆ ਲਾਉਣ ਵਾਲਾ ਹੈ।੧੨।ਹੇ ਪ੍ਰਭੂ ! ਚਾਰੇ ਖਾਣੀਆਂ ਦੇ ਜੀਵ ਅਤੇ ਉਨ੍ਹਾਂ ਦੀਆਂ ਚਾਰ ਤਰ੍ਹਾਂ ਦੀਆਂ ਬੋਲੀਆਂ ਤੇਰੇ ਵਿਚ ਸਮਾ ਜਾਂਦੀਆਂ ਹਨ। (ਸੰਸਾਰ ਵਿਚ) ਜੋ ਕੁਛ ਦਿਸ ਰਿਹਾ ਹੈ, ਸਭ ਆਉਣ ਜਾਣ ਵਾਲਾ ਹੈ।ਜਿਨ੍ਹਾਂ ਪੁਰਖਾਂ ਨੂੰ ਸਤਿਗੁਰੂ ਨੇ ਬੂਝ ਬੁਝਾਈ ਹੈ, ਉਹ ਹੀ ਸ਼ਾਹ ਦੇ ਸੱਚੇ ਵਪਾਰੀ ਹਨ।੧੩।ਪੂਰਾ ਸਤਿਗੁਰੂ (ਜੀਵਾਂ ਨੂੰ) ਉਪਦੇਸ਼ ਦੇ ਕੇ ਸਮਝਾ ਦੇਂਦਾ ਹੈ।ਹੇ ਸੱਚੇ ਪ੍ਰਭੂ ! ਤੂੰ ਸਾਰੀਆਂ ਸ਼ਕਤੀਆਂ ਨਾਲ ਭਰਪੂਰ ਹੈਂ।ਹੇ ਪ੍ਰਭੂ ! ਤੂੰ ਸਦਾ ਵੇਪ੍ਰਵਾਹ ਹੈਂ, ਤੂੰ ਇੰਦ੍ਰੀਆਂ ਦੀ ਪਕੜ ਵਿਚ ਨਹੀਂ ਆ ਸਕਦਾ, (ਹੇ ਭਾਈ !) ਉਸ ਪ੍ਰਭੂ ਨੂੰ ਤਿਲ ਮਾਤ੍ਰ ਵੀ ਲਾਲਚ ਨਹੀਂ ਹੈ।੧੪।ਮੌਤ ਤੇ ਜਨਮ (ਉਨ੍ਹਾਂ ਪੁਰਖਾਂ ਲਈ) ਕਮਲੇ ਹੋ (ਮੁੱਕ) ਗਏ ਹਨ, ਜੋ ਸ਼ਬਦ ਅਤੇ (ਉਸ ਦੇ) ਕੁਦਰਤੀ ਰਸ ਨੂੰ ਅਪਣੇ ਹਿਰਦੇ ਅੰਦਰ ਮਾਣਦੇ ਹਨ {ਕਾਲੁ ਬਿਕਾਲ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਇ ੭੬੪}।ਪ੍ਰਭੂ ਆਪ ਹੀ (ਉਨ੍ਹਾਂ ਨੂੰ) ਮੁਕਤੀ, ਤ੍ਰਿਪਤੀ ਤੇ ਵਰ ਦੇਣ ਵਾਲਾ ਹੈ, (ਜਿਨ੍ਹਾਂ ਦੇ) ਮਨ ਵਿਚ ਪ੍ਰੇਮਾ ਭਗਤੀ ਚੰਗੀ ਲੱਗਦੀ ਹੈ।੧੫।ਪ੍ਰਭੂ ਆਪ ਨਿਰਲੇਪ ਹੈ, (ਪਰ ਉਸ ਦਾ) ਗਿਆਨ ਗੁਰੂ ਦੀ ਸ਼ਰਣ ਵਿਚ ਪਹੁੰਚ ਕੇ ਪ੍ਰਾਪਤ ਹੁੰਦਾ ਹੈ।(ਹੇ ਪ੍ਰਭੂ ! ਸੰਸਾਰ ਵਿਚ) ਜੋ ਦਿਸਦਾ ਹੈ, (ਉਹ ਸਭ) ਤੇਰੇ ਵਿਚ ਸਮਾਇਆ ਹੋਇਆ ਹੈ ਭਾਵ ਤੇਰਾ ਹੀ ਰੂਪ ਹੈ।ਹੇ ਪ੍ਰਭੂ ! ਨਿਮਾਣਾ ਨਾਨਕ ਤੇਰੇ ਦਰ ਤੋਂ ਇਹ ਭਿੱਖਿਆ

ਮੰਗਦਾ ਹੈ ਕਿ ਤੂੰ ਮੈਨੂੰ ਅਪਣਾ ਨਾਮ ਬਖਸ ਦੇਹ, (ਮੇਰੇ ਵਾਸਤੇ ਇਹੀ ਸਭ ਤੋਂ ਵੱਡੀ) ਵਡਿਆਈ ਹੈ।੧੬।੧।

ਪਦਾਰਥ = ਜਾਲਾ–ਮੱਛੀ ਨੂੰ ਫਸਾਉਣ ਵਾਲਾ ਜਾਲ।ਰਖਵਾਲਾ–ਰੱਖਿਆ ਕਰਨ ਵਾਲਾ।ਸਰਬ ਜੀਆ–ਸਾਰੇ ਜੀਵਾਂ ਵਿਚ।ਜਗਿ–ਜਗਤ ਵਿਚ।ਜੋਤਿ–ਚੇਤਨ ਸੱਤਾ।ਪ੍ਰਭਿ–ਪ੍ਰਭੂ ਨੇ।ਫੁਰਮਾਈ–ਹੁਕਮ ਕੀਤਾ ਹੈ।੧੧।ਜੋਗੀ–ਸੰਸਾਰ ਤੋਂ ਨਿਰਲੇਪ ਰਹਿਣ ਵਾਲਾ ਜੋਗੀ।ਭੋਗੀ–ਪਦਾਰਥਾਂ ਨੂੰ ਭੋਗਣ ਵਾਲਾ।ਰਸੀਆ–ਰਸ ਮਾਨਣ ਵਾਲਾ।ਪਰਮ ਸੰਜੋਗੀ–ਵੱਡਾ ਮੇਲ ਕਰਨ ਵਾਲਾ।ਵੇਬਾਣੀ–ਬਾਣੀ (ਕਥਨ) ਤੋਂ ਰਹਿਤ (ਸ਼ਬਦਾਰਥ); ਬੀਆਬਾਨ ਵਿਚ ਰਹਿਣ ਵਾਲਾ ਜੰਗਲ ਨਿਵਾਸੀ।ਨਿਰੰਕਾਰੀ–ਅਕਾਰ ਰਹਿਤ।ਤਾੜੀ–ਸਮਾਧੀ।੧੨।ਖਾਣੀ–ਉਤਪਤੀ ਦੀਆਂ ਚਾਰ (ਅੰਡਜ, ਜੇਰਜ, ਸੇਤਜ ਅਤੇ ਉਤਭੁਜ) ਖਾਣੀਆਂ।ਬਾਣੀ–ਜੀਵਾਂ ਦੀਆਂ ਬੋਲੀਆਂ।ਤੁਝਹਿ–ਤੇਰੇ ਵਿਚ।ਸਮਾਣੀ–ਸਮਾ ਜਾਂਦੀਆਂ ਹਨ।ਆਵਣ ਜਾਣੀ–ਆਉਣ ਜਾਣ ਵਾਲਾ (ਜੰਮਣ ਕਰਨ ਦੇ ਗੇੜ ਵਿਚ)।ਸੇਈ–ਉਹ (ਪੁਰਖ)।ਸਤਿਗੁਰਿ–ਸਤਿਗੁਰੂ ਨੇ।ਸਾਹ–ਸ਼ਾਹੂਕਾਰ।ਬੂਝ ਬੁਝਾਈ–ਸਮਝ ਬਖਸ਼ੀ ਹੈ।੧੩।ਸਬਦੁ–ਉਪਦੇਸ਼।ਬੁਝਾਏ–ਸਮਝਾਉਂਦਾ ਹੈ।ਅਫਰਿਓ–ਜੋ ਇੰਦ੍ਰੀਆਂ ਤੋਂ ਫੜਿਆ ਨਾ ਜਾ ਸਕੇ।ਤਿਸੁ–ਉਸ ਨੂੰ।ਤਿਲੁ–ਤਿਲ ਜਿੰਨਾ ਵੀ।ਤਮਾਈ–ਲਾਲਚ।੧੪।ਕਾਲੁ–ਮੌਤ–ਬਿਕਾਲੁ–ਜਨਮ।ਭਏ ਦੇਵਾਨੇ–ਪਾਗਲ ਹੋ (ਮੁੱਕ) ਗਏ।ਸਹਜ ਰਸ–ਕੁਦਰਤੀ ਰਸ (ਜੋ ਸ਼ਬਦ ਦੁਆਰਾ ਮਿਲਦਾ ਹੈ)।ਅੰਤਰਿ–ਹਿਰਦੇ ਅੰਦਰ।ਮਾਨੇ–ਮਾਣਦੇ ਹਨ।ਤ੍ਰਿਪਤਿ–ਰੱਜੇਵਾਂ।ਵਰਦਾਤਾ–ਵਰ ਦੇਣ ਵਾਲਾ।ਭਗਤਿ ਭਾਇ–ਪ੍ਰੇਮਾ ਭਗਤੀ।ਮਨਿ–ਮਨ ਵਿਚ।ਭਾਈ–ਚੰਗੀ ਲਗਦੀ ਹੈ।੧੫।ਨਿਰਾਲਮੁ–ਨਿਰਲੇਪ।ਗੁਰ ਗਮ–ਗੁਰੂ ਦੀ ਸ਼ਰਣ ਵਿਚ ਪਹੁੰਚ ਕੇ।ਤੁਝ ਮਾਹਿ–ਤੇਰੇ ਵਿਚ।ਸਮਾਨਾ–ਮਿਲਿਆ ਹੋਇਆ ਹੈ।ਨੀਚੁ–ਨੀਵਾਂ; ਨਿਮਾਣਾ।ਦਰਿ–ਦਰ ਤੋਂ।ਜਾਚੈ–ਮੰਗਦਾ ਹੈ।ਮੈ–ਮੈਨੂੰ।ਦੀਜੈ–ਬਖਸ਼ ਦੇਹ।੧੬।੧।

ਮਾਰੂ ਮਹਲਾ ੧ ॥ ਆਪੇ ਧਰਤੀ ਧਉਲੁ ਅਕਾਸੰ ॥ ਆਪੇ ਸਾਚੇ ਗੁਣ ਪਰਗਾਸੰ ॥ ਜਤੀ ਸਤੀ ਸੰਤੋਖੀ ਆਪੇ, ਆਪੇ ਕਾਰ ਕਮਾਈ ਹੇ ॥੧॥ ਜਿਸੁ ਕਰਣਾ ਸੋ ਕਰਿ ਕਰਿ ਵੇਖੈ ॥ ਕੋਇ ਨ ਮੇਟੈ ਸਾਚੇ ਲੇਖੈ ॥ ਆਪੇ ਕਰੇ ਕਰਾਏ ਆਪੇ, ਆਪੇ ਦੇ ਵਡਿਆਈ ਹੇ ॥੨॥ ਪੰਚ ਚੋਰ ਚੰਚਲ ਚਿਤੁ ਚਾਲਹਿ ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥ ਕਾਇਆ ਨਗਰੁ ਢਹੈ ਢਹਿ ਢੇਰੀ, ਬਿਨੁ ਸਬਦੈ ਪਤਿ ਜਾਈ ਹੇ ॥੩॥ ਗੁਰ ਤੇ ਬੂਝੈ ਤ੍ਰਿਭਵਣੁ ਸੂਝੈ ॥ ਮਨਸਾ ਮਾਰਿ ਮਨੈ ਸਿਉ ਲੂਝੈ ॥ ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ, ਨਿਰਭਉ ਬਾਲ ਸਖਾਈ ਹੇ ॥੪॥ ਆਪੇ ਸੁਰਗੁ ਮਛੁ ਪਇਆਲਾ ॥ ਆਪੇ ਜੋਤਿ ਸਰੂਪੀ ਬਾਲਾ ॥ ਜਟਾ ਬਿਕਟ ਬਿਕਰਾਲ ਸਰੂਪੀ, ਰੂਪੁ ਨ ਰੇਖਿਆ ਕਾਈ ਹੇ ॥੫॥ ਬੇਦ ਕਤੇਬੀ ਭੇਦੁ ਨ ਜਾਤਾ ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥ ਸਗਲੇ ਸੈਲ ਉਪਾਏ ਸਮਾਏ, ਅਲਖੁ ਨ ਲਖਣਾ ਜਾਈ ਹੇ ॥੬॥(ਸਾਰਾ ਬ੍ਰਹਮੰਡ ਪ੍ਰਭੂ ਨੇ ਅਪਣੇ ਆਪ ਤੋਂ ਰਚਿਆ ਹੈ।ਇਸ ਲਈ) ਪ੍ਰਭੂ ਆਪ ਹੀ ਧਰਤੀ ਰੂਪ ਹੈ, ਆਪ ਹੀ ਧਰਮ ਰੂਪ ਧਉਲਾ ਬਲਦ ਹੈ (ਜਿਸ ਦੇ ਆਸਰੇ ਧਰਤੀ ਖੜੀ ਹੈ) ਅਤੇ ਆਪ ਹੀ ਅਕਾਸ਼ ਰੂਪ ਹੈ।ਪ੍ਰਭੂ ਆਪ ਹੀ ਸੱਚੇ ਗੁਣਾਂ ਦਾ ਪ੍ਰਕਾਸ ਕਰਨ ਵਾਲਾ ਹੈ।ਆਪ ਹੀ ਜਤੀ, ਸਤੀ ਤੇ ਸੰਤੋਖੀ ਰੂਪ ਹੈ ਅਤੇ ਪ੍ਰਭੂ ਆਪ ਹੀ (ਜੀਵਾਂ ਦੇ ਅੰਦਰ ਵਸਦਾ ਹੋਣ ਕਰਕੇ ਜਤ, ਸਤ ਤੇ ਸੰਤੋਖ ਦੇ) ਕਾਰਜ ਕਮਾਉਣ ਵਾਲਾ ਹੈ।੧।ਜਿਸ ਪ੍ਰਭੂ ਨੇ ਜਗਤ ਰਚਿਆ ਹੈ, ਉਹ (ਇਸ ਨੂੰ) ਪੈਦਾ ਕਰ ਕਰਕੇ ਦੇਖਦਾ ਹੈ ਭਾਵ ਸੰਭਾਲ ਕਰਦਾ ਹੈ।ਸੱਚੇ ਪ੍ਰਭੂ ਦੇ ਲਿਖੇ ਲੇਖ ਨੂੰ ਕੋਈ ਨਹੀਂ ਮੇਟ ਸਕਦਾ।(ਉਹ ਆਪ ਹੀ ਸਭ ਕੁਝ) ਕਰਦਾ ਹੈ ਅਤੇ ਆਪ ਹੀ (ਜੀਵਾਂ ਪਾਸੋਂ) ਕਰਾਉਂਦਾ ਹੈ ਅਤੇ ਆਪ ਹੀ (ਨਾਮ ਜਪਣ ਵਾਲੇ ਗੁਰਮੁਖਾਂ ਨੂੰ) ਵਡਿਆਈ ਦੇਂਦਾ ਹੈ।੨।ਪੰਜ (ਕਾਮ ਕ੍ਰੋਧ ਆਦਿਕ) ਚੋਰ ਚੰਚਲ ਮਨੁੱਖ ਦੇ ਚਿੱਤ ਨੂੰ ਚਲਾਏਮਾਨ ਕਰਦੇ (ਡੁਲਾਉਂਦੇ) ਹਨ।(ਇਨ੍ਹਾਂ ਪੰਜਾਂ ਦੇ ਵਸ ਵਿਚ ਆਏ ਮਨੁੱਖ) ਪਰਾਏ ਘਰਾਂ ਨੂੰ ਤੱਕਦੇ ਹਨ, (ਪਰ ਅਪਣੇ ਅਸਲੀ) ਘਰ ਨੂੰ ਨਹੀਂ ਢੂੰਢਦੇ (ਜਿੱਥੇ ਜਾ ਕੇ ਰਹਿਣਾ ਹੈ)।ਸਰੀਰ ਰੂਪ ਨਗਰ ਢਹਿੰਦਾ ਜਾਂਦਾ ਹੈ, (ਇਸ ਨੇ) ਢਹਿ ਕੇ ਮਿੱਟੀ ਦੀ ਢੇਰੀ ਹੋ ਜਾਣਾ ਹੈ, (ਗੁਰੂ ਦੇ) ਸ਼ਬਦ ਤੋਂ ਬਿਨਾ (ਮਨੁੱਖ ਦੀ) ਇੱਜਤ ਚਲੇ ਜਾਂਦੀ ਹੈ।੩।(ਜਿਹੜਾ ਮਨੁੱਖ) ਗੁਰੂ ਤੋਂ ਸਮਝ ਪ੍ਰਾਪਤ ਕਰ ਲੈਂਦਾ ਹੈ, (ਉਸ ਨੂੰ) ਤਿੰਨੇ ਭਵਨ ਦਿਸਣ ਲਗ ਪੈਂਦੇ ਹਨ।(ਕਿਉਂਕਿ ਉਹ) ਮਨ ਦੀਆਂ ਵਾਸਨਾਂਵਾਂ ਨੂੰ ਮਾਰ ਕੇ ਮਨ ਨਾਲ ਯੁੱਧ ਕਰਦਾ ਹੈ।ਹੇ ਪ੍ਰਭੂ ! ਜੋ ਮਨੁੱਖ ਤੈਨੂੰ ਸਿਮਰਦੇ ਹਨ, ਉਹ ਤੇਰੇ ਵਰਗੇ ਹੀ ਹੋ ਜਾਂਦੇ ਹਨ, (ਕਿਉਂਕਿ ਤੂੰ) ਨਿਰਭਉ ਹਰੀ ਉਨ੍ਹਾਂ ਦਾ ਬਚਪਨ ਤੋਂ ਹੀ ਮਿਤ੍ਰ ਹੈਂ।੪।(ਹੇ ਪ੍ਰਭੂ ! ਤੂੰ) ਆਪ ਹੀ ਸੁਰਗ, ਮਾਤ ਲੋਕ ਤੇ ਪਤਾਲ ਰੂਪ ਹੈਂ।ਤੂੰ ਆਪ ਹੀ ਪ੍ਰਕਾਸ਼ ਰੂਪ ਅਤੇ ਸਭ ਤੋਂ ਵੱਡਾ ਹੈ।(ਕਿਤੇ ਆਪ) ਲੰਮੀਆਂ ਜਟਾਂ ਵਾਲਾ ਅਤੇ ਭਿਆਨਕ ਸਰੂਪ ਵਾਲਾ ਹੈਂ, (ਪਰ ਅਸਲ ਵਿਚ ਤੇਰਾ) ਕੋਈ ਰੂਪ ਰੇਖ ਨਹੀਂ ਹੈ।੫।ਚਾਰ ਵੇਦਾਂ ਅਤੇ ਪੱਛਮੀ ਕਤੇਬਾਂ ਨੇ ਵੀ ਪ੍ਰਭੂ ਦਾ ਭੇਤ ਨਹੀਂ ਜਾਣਿਆ।ਉਸ ਪ੍ਰਭੂ ਦੀ ਨਾ ਮਾਂ ਹੈ ਅਤੇ ਨਾ ਉਸ ਦਾ ਪਿਤਾ, ਪੁਤ੍ਰ ਤੇ ਭਰਾ ਹੈ।ਪ੍ਰਭੂ ਸਾਰੇ ਪਹਾੜ ਪੈਦਾ ਕਰਕੇ (ਪਰਲੋ ਵੇਲੇ) ਨਾਸ਼ ਕਰ ਦੇਂਦਾ ਹੈ, ਨਾ ਜਾਣੇ ਜਾਣ ਵਾਲੇ ਪ੍ਰਭੂ ਨੂੰ ਪੂਰਨ ਤੌਰ ਤੇ ਜਾਣਿਆ ਨਹੀਂ ਜਾ ਸਕਦਾ।੬।

ਪਦਾਰਥ = ਆਪੇ–ਆਪ ਹੀ।ਧਉਲੁ–ਧਰਮ ਰੂਪ ਧਉਲਾ ਬਲਦ।ਜਤੀ–ਕਾਮ ਵਾਸ਼ਨਾ ਨੂੰ ਕਾਬੂ ਕਰਨ ਵਾਲਾ।ਸਤੀ–ਦਾਨੀ।ਕਾਰ–

ਕੰਮ। ਕਮਾਈ-ਕਮਾਉਣ ਵਾਲਾ।੧। ਜਿਸ ਕਰਣਾ-ਜਿਸ ਪ੍ਰਭੂ ਨੇ ਜਗਤ ਰਚਿਆ ਹੈ। ਸੋ-ਉਹ। ਕਰਿ ਕਰਿ-ਪੈਦਾ ਕਰ ਕਰਕੇ। ਵੇਖੈ -ਦੇਖਦਾ (ਸੰਭਾਲ ਕਰਦਾ) ਹੈ। ਸਾਚੇ-ਸੱਚੇ ਪ੍ਰਭੂ ਦੇ। ਲੇਖੈ-ਲਿਖੇ ਲੇਖ (ਹੁਕਮ) ਨੂੰ। ਦੇ-ਦੇਂਦਾ ਹੈ।੨। ਪੰਚ ਚੋਰ-ਪੰਜ ਕਾਮਾਦਿਕ ਚੋਰ। ਚਿਤੁ-ਮਨ ਨੂੰ। ਚਾਲਹਿ-ਚਲਾਏਮਾਨ ਕਰਦੇ ਹਨ। ਪਰ ਘਰ-ਪਰਾਏ ਘਰਾਂ ਨੂੰ। ਜੋਹਹਿ-ਤੱਕਦੇ ਹਨ। ਘਰੁ-ਅਪਣਾ ਅਸਲੀ ਘਰ (ਹਰੀ ਦੀ ਹਜੂਰੀ)। ਕਾਇਆ-ਸਰੀਰ। ਪਤਿ ਜਾਈ-ਇੱਜਤ ਚਲੇ ਜਾਂਦੀ ਹੈ।੩। ਤੇ-ਤੋਂ। ਬੂਝੈ-ਸਮਝ ਪ੍ਰਾਪਤ ਕਰ ਲੈਂਦਾ ਹੈ। ਤ੍ਰਿਭਵਣੁ-ਤਿੰਨ ਭਵਨ (ਮਾਤ ਲੋਕ, ਪਤਾਲ ਤੇ ਪ੍ਰਲੋਕ)। ਸੁਝੈ-ਦਿਸ ਪੈਂਦੇ ਹਨ। ਮਨਸਾ-ਮਨ ਦੀਆਂ ਵਾਸ਼ਨਾਵਾਂ। ਮਾਰਿ-ਮਾਰ ਕੇ। ਮਨੈ ਸਿਉ-ਮਨ ਨਾਲ। ਲੂਝੈ-ਲੜਦਾ ਹੈ। ਤੁਧੁ ਸੇਵਹਿ-ਤੈਨੂੰ ਸਿਮਰਦੇ ਹਨ। ਸੇ-ਉਹ। ਤੁਧ ਹੀ ਜੇਹੇ-ਤੇਰੇ ਵਰਗੇ ਹੀ ਹੋ ਜਾਂਦੇ ਹਨ। ਬਾਲ ਸਖਾਈ-ਬਚਪਨ ਤੋਂ ਹੀ ਮਿਤ੍ਰ ਹੈਂ।੪। ਮਛੁ-ਮਾਤ ਲੋਕ। ਪਇਆਲਾ-ਪਤਾਲ। ਬਾਲਾ (ਫਾ.)-ਵੱਡਾ; ਸਦਾ ਜਵਾਨ। ਬਿਕਟ-ਨਾ ਕੱਟੀਆਂ ਹੋਈਆਂ ਭਾਵ ਲੰਬੀਆਂ; ਬੁਰੀ ਸ਼ਕਲ ਵਾਲਾ। ਬਿਕਰਾਲ-ਭਿਆਨਕ; ਡਰਾਉਣੀ। ਰੇਖਿਆ-ਚਿੰਨ੍ਹ; ਅਕਾਰ। ਕਾਈ-ਕੋਈ।੫। ਕਤੇਬੀ-ਪੱਛਮੀ ਧਰਮ ਦੀਆਂ ਕਿਤਾਬਾਂ ਨੇ। ਸੁਤ-ਪੁਤ੍ਰ। ਭ੍ਰਾਤਾ-ਭਰਾ। ਸਗਲੇ-ਸਾਰੇ। ਸੈਲ-ਪਹਾੜ। ਸਮਾਏ-ਨਾਸ਼ ਕਰ ਦੇਂਦਾ ਹੈ। ਅਲਖੁ (ਅਲੱਖ ਪੜ੍ਹੋ)-ਨਾ ਜਾਣੇ ਜਾਣ ਵਾਲਾ। ਨ ਲਖਣਾ ਜਾਈ-ਜਾਣਿਆ ਨਹੀਂ ਜਾਂਦਾ।੬।

ਕਰਿ ਕਰਿ ਥਾਕੀ ਮੀਤ ਘਨੇਰੇ ॥ ਕੋਇ ਨ ਕਾਟੈ ਅਵਗੁਣ ਮੇਰੇ ॥ ਸੁਰਿ ਨਰ ਨਾਥੁ ਸਾਹਿਬੁ ਸਭਨਾ ਸਿਰਿ, ਭਾਇ ਮਿਲੈ ਭਉ ਜਾਈ ਹੇ ॥੭॥ ਭੂਲੇ ਚੂਕੇ ਮਾਰਗਿ ਪਾਵਹਿ ॥ ਆਪਿ ਭੁਲਾਇ ਤੂ ਹੈ ਸਮਝਾਵਹਿ ॥ ਬਿਨੁ ਨਾਵੈ ਮੈ ਅਵਰੁ ਨ ਦੀਸੈ, ਨਾਵਹੁ ਗਤਿ ਮਿਤਿ ਪਾਈ ਹੇ ॥੮॥ (ਹੇ ਭਾਈ!) ਮੈਂ ਅਨੇਕਾਂ (ਦੇਵੀ ਦੇਵਤਿਆਂ ਨੂੰ) ਮਿਤ੍ਰ ਬਣਾ ਬਣਾ ਕੇ ਥਕ ਗਈ ਹਾਂ। (ਪਰ) ਕੋਈ ਵੀ ਮਿਤ੍ਰ ਮੇਰੇ ਅਉਗਣ ਨਹੀਂ ਕੱਟ ਸਕਿਆ। ਪ੍ਰਭੂ ਸਾਰੇ ਮਨੁੱਖਾਂ ਤੇ ਦੇਵਤਿਆਂ ਦਾ ਮਾਲਕ ਹੈ, ਸਭ ਜੀਵਾਂ ਦੇ ਸਿਰ ਉਤੇ ਮਾਲਕ ਹੈ, (ਜਿਹੜਾ ਮਨੁੱਖ ਉਸ ਨੂੰ) ਪ੍ਰੇਮ (ਜਾਂ ਭਾਵਨਾ) ਨਾਲ ਮਿਲਦਾ ਹੈ, (ਉਸ ਦਾ ਹਰ ਤਰ੍ਹਾਂ ਦਾ) ਡਰ ਦੂਰ ਹੋ ਜਾਂਦਾ ਹੈ।੭। ਹੇ ਪ੍ਰਭੂ! ਤੂੰ ਭੁੱਲੇ ਭਟਕਿਆਂ ਨੂੰ ਸਿੱਧੇ ਰਸਤੇ ਪਾਉਂਦਾ ਹੈਂ। ਤੂੰ (ਜੀਵਾਂ ਦੇ ਕੀਤੇ ਕਰਮਾਂ ਦੇ ਕਾਰਣ ਉਨ੍ਹਾਂ ਨੂੰ) ਆਪ ਹੀ ਭੁਲਾਉਂਦਾ ਹੈਂ ਤੇ ਆਪ ਹੀ (ਬਖਸ਼ਿਸ਼ ਕਰਕੇ ਉਨ੍ਹਾਂ ਨੂੰ) ਸਮਝਾਉਂਦਾ ਹੈਂ। ਨਾਮ ਤੋਂ ਬਿਨਾ (ਮੁਕਤੀ ਦੇਣ ਵਾਲਾ) ਮੈਨੂੰ ਹੋਰ ਕੋਈ ਨਹੀਂ ਦਿਸਦਾ, (ਜਿਸ ਮਨੁੱਖ ਨੇ) ਮੁਕਤੀ ਤੇ ਮਰਿਆਦਾ ਪ੍ਰਾਪਤ ਕੀਤੀ ਹੈ, (ਉਸ ਨੇ) ਨਾਮ ਤੋਂ ਹੀ ਪ੍ਰਾਪਤ ਕੀਤੀ ਹੈ।੮।

ਅੰਗ ੧੦੨੨ = ਗੰਗਾ ਜਮੁਨਾ ਕੇਲ ਕੇਦਾਰਾ ॥ ਕਾਸੀ ਕਾਂਤੀ ਪੁਰੀ ਦੁਆਰਾ ॥ ਗੰਗਾ ਸਾਗਰੁ ਬੇਣੀ ਸੰਗਮੁ ,ਅਠਸਠਿ ਅੰਕਿ ਸਮਾਈ ਹੇ ॥੯॥ ਆਪੇ ਸਿਧ ਸਾਧਿਕੁ ਵੀਚਾਰੀ ॥ ਆਪੇ ਰਾਜਨੁ ਪੰਚਾਕਾਰੀ ॥ ਤਖਤਿ ਬਹੈ ਅਦਲੀ ਪ੍ਰਭੁ ਆਪੇ, ਭਰਮੁ ਭੇਦੁ ਭਉ ਜਾਈ ਹੇ ॥੧੦॥ ਆਪੇ ਕਾਜੀ ਆਪੇ ਮੁਲਾ ॥ ਆਪਿ ਅਭੁਲੁ ਨ ਕਬਹੂ ਭੁਲਾ ॥ ਆਪੇ ਮਿਹਰ ਦਇਆ ਪਤਿ ਦਾਤਾ, ਨਾ ਕਿਸੈ ਕੋ ਬੈਰਾਈ ਹੇ ॥੧੧॥ ਗੰਗਾ, ਜਮਨਾ, ਕ੍ਰਿਸ਼ਨ ਜੀ ਦੇ ਖੇਲਣ ਦੀ ਜਗ੍ਹਾ ਬਿੰਦ੍ਰਾਬਨ ਅਤੇ ਕਿਦਾਰ ਨਾਥ। ਕਾਂਸ਼ੀ, ਕਾਂਜੀ ਵਰਮ ਅਤੇ ਦੁਆਰਕਾ ਪੁਰੀ। ਗੰਗਾ ਸਾਗਰ ਅਤੇ ਤ੍ਰਿਬੇਣੀ ਦਾ ਸੰਗਮ (ਪ੍ਰਯਾਗਰਾਜ ਆਦਿ) ਅਠਾਹਠ ਤੀਰਥ ਤੇਰੇ ਸਰੂਪ ਵਿਚ ਸਮਾਏ ਹੋਏ ਹਨ।੯। ਪ੍ਰਭੂ ਆਪ ਹੀ ਸਿੱਧ ਸਰੂਪ ਹੈ, ਆਪ ਹੀ ਸਾਧਨਾ ਕਰਨ ਵਾਲਾ ਹੈ ਅਤੇ ਆਪ ਹੀ ਵਿਚਾਰਵਾਨ ਹੈ। ਆਪ ਹੀ ਰਾਜਾ ਰੂਪ ਹੈ ਅਤੇ ਆਪ ਹੀ ਪੰਚਾਇਤ (ਜਾਂ ਪੰਜ ਤੱਤ) ਬਣਾਉਣ ਵਾਲਾ ਹੈ। ਪ੍ਰਭੂ ਆਪ ਹੀ ਨਿਆਂਕਾਰੀ ਹੋ ਕੇ ਤਖਤ ਉਤੇ ਬੈਠਦਾ ਹੈ, (ਜਿਸ ਮਨੁੱਖ ਨੇ ਉਸ ਨੂੰ ਨਿਆਂਕਾਰੀ ਜਾਣ ਲਿਆ, ਉਸ ਦਾ) ਭਰਮ, ਜੀਵ ਤੇ ਈਸ਼ਰ ਦਾ ਭੇਦ ਅਤੇ (ਹਰ ਤਰ੍ਹਾਂ ਦਾ) ਡਰ ਦੂਰ ਹੋ ਜਾਂਦਾ ਹੈ।੧੦। ਪ੍ਰਭੂ ਆਪ ਹੀ ਕਾਜੀ ਰੂਪ ਹੈ ਆਪ ਹੀ ਮੁੱਲਾਂ ਰੂਪ ਹੈ। ਆਪ ਉਹ ਭੁੱਲ ਰਹਿਤ ਹੈ, ਉਹ ਕਦੇ ਭੁਲਦਾ ਨਹੀਂ। ਆਪ ਹੀ ਮੇਹਰ ਤੇ ਦਇਆ ਕਰਨ ਵਾਲਾ ਹੈ ਅਤੇ ਇੱਜਤ ਦੇਣ ਵਾਲਾ ਹੈ, ਉਹ ਕਿਸੇ ਦਾ ਵੈਰੀ ਨਹੀ ਹੈ।੧੧।

ਪਦਾਰਥ = ਕਰਿ ਕਰਿ-ਬਣਾ ਬਣਾ ਕੇ। ਮੀਤ-ਮਿਤ੍ਰ। ਘਨੇਰੇ-ਅਨੇਕਾਂ। ਸੁਰਿ-ਦੇਵਤੇ। ਨਰ-ਮਨੁੱਖ। ਨਾਥੁ-ਮਾਲਕ। ਸਿਰਿ-ਸਿਰ ਉਤੇ। ਭਾਇ-ਪ੍ਰੇਮ ਨਾਲ। ਭਉ-ਡਰ।੭। ਭੂਲੇ ਚੂਕੇ-ਭੁੱਲ ਭਟਕਿਆਂ ਨੂੰ। ਮਾਰਗਿ-ਸਿੱਧੇ ਰਸਤੇ ਤੇ। ਭੁਲਾਇ-ਭੁਲਾਉਂਦਾ ਹੈ। ਮੈ-ਮੈਨੂੰ। ਅਵਰੁ-ਹੋਰ ਕੋਈ। ਨਾਵਹੁ-ਨਾਮ ਤੋਂ ਹੀ। ਗਤਿ ਮਿਤਿ-ਮੁਕਤੀ ਤੇ ਮਰਿਆਦਾ; ਮੁਕਤੀ ਦਾ ਗਿਆਨ।੮। ਕੇਲ-ਕ੍ਰਿਸ਼ਨ ਜੀ ਦੇ ਖੇਲਣ ਦੀ ਥਾਂ (ਬਿੰਦ੍ਰਾਬਨ)। ਕੇਦਾਰਾ-ਹਿਮਾਲਾ ਪਰਬਤ ਤੇ ਕੇਦਾਰ ਨਾਥ ਤੀਰਥ (ਜਿੱਥੇ ਸ਼ਿਵ ਜੀ ਦਾ ਮੰਦਰ ਹੈ)। ਕਾਂਤੀ-ਕਾਂਚੀ ਵਰਮ (ਹਿੰਦੂਆਂ ਦਾ ਪ੍ਰਸਿੱਧ ਤੀਰਥ, ਜੋ ਤਾਮਿਲਨਾਡ ਵਿਚ ਹੈ)। ਪੁਰੀ ਦੁਆਰਾ-ਦੁਆਰਕਾ ਪੁਰੀ। ਗੰਗਾ ਸਾਗਰੁ-ਬੰਗਾਲ ਖਾੜੀ ਵਿਚ ਪ੍ਰਸਿੱਧ ਤੀਰਥ, ਜਿੱਥੇ ਗੰਗਾ ਸਮੁੰਦਰ ਵਿਚ ਪੈਂਦੀ ਹੈ। ਬੇਣੀ ਸੰਗਮੁ-ਤ੍ਰਿਬੇਣੀ (ਪ੍ਰਯਾਗਰਾਜ ਤੀਰਥ, ਜਿੱਥੇ ਗੰਗਾ ਜਮਨਾ ਤੇ ਸਰਸ੍ਵਤੀ ਨਦੀਆਂ ਦਾ) ਮੇਲ ਹੈ। ਅਠਸਠਿ-ਅਠਾਹਠ ਤੀਰਥ। ਅੰਕਿ-ਸਰੂਪ ਵਿਚ। ਸਮਾਈ-ਟਿਕੇ ਹੋਏ ਹਨ।੯। ਸਿਧ-ਕਮਾਈ ਕਰਕੇ ਪੂਰਨ ਹੋਏ ਜੋਗੀ। ਸਾਧਿਕੁ-ਜੋਗ ਸਾਧਨਾ ਕਰਨ ਵਾਲਾ ਜੋਗੀ। ਵੀਚਾਰੀ-ਵਿਚਾਰਵਾਨ। ਰਾਜਨੁ-ਰਾਜਾ। ਪੰਚਾਕਾਰੀ-ਪੰਚਾਇਤ

ਬਣਾਉਣ ਵਾਲਾ; ਵਜੀਰ ਮੰਡਲੀ। ਬਹੈ-ਬੈਠਦਾ ਹੈ। ਅਦਲੀ-ਨਿਆਂਕਾਰੀ। ਭੇਦੁ-ਜੀਵ ਤੇ ਹਰੀ ਵਿਚਕਾਰ ਵਿੱਥ।੧੦। ਕਾਜੀ-ਨਿਆਂ ਕਰਨ ਵਾਲਾ ਜੱਜ। ਮੁਲਾ (ਅ.)-ਵਿਦਵਾਨ; ਮਸੀਤ ਵਿਚ ਬੱਚਿਆਂ ਨੂੰ ਕੁਰਾਨ ਪੜ੍ਹਾਉਨ ਤੇ ਬਾਂਗ ਦੇਣ ਵਾਲਾ। ਅਭੁਲੁ-ਨਾ ਭੁੱਲਣ ਵਾਲਾ। ਕਬਹੂ-ਕਦੇ ਵੀ। ਨ ਭੁਲਾ-ਭੁਲਦਾ ਨਹੀਂ। ਪਤਿ-ਇੱਜਤ। ਬੈਰਾਈ-ਵੈਰੀ।੧੧।

ਜਿਸੁ ਬਖਸੇ ਤਿਸੁ ਦੇ ਵਡਿਆਈ ॥ ਸਭਸੈ ਦਾਤਾ ਤਿਲੁ ਨ ਤਮਾਈ ॥ ਭਰਪੁਰਿ ਧਾਰਿ ਰਹਿਆ ਨਿਹਕੇਵਲੁ ,ਗੁਪਤੁ ਪਰ੍ਗਟੁ ਸਭ ਠਾਈ ਹੇ ॥੧੨॥ ਕਿਆ ਸਾਲਾਹੀ ਅਗਮ ਅਪਾਰੈ ॥ ਸਾਚੇ ਸਿਰਜਣਹਾਰ ਮੁਰਾਰੈ ॥ ਜਿਸ ਨੋ ਨਦਰਿ ਕਰੇ ਤਿਸੁ ਮੇਲੇ, ਮੇਲਿ ਮਿਲੈ ਮੇਲਾਈ ਹੇ ॥੧੩॥ ਬ੍ਰਹਮਾ ਬਿਸਨੁ ਮਹੇਸੁ ਦੁਆਰੈ ॥ ਊਭੇ ਸੇਵਹਿ ਅਲਖ ਅਪਾਰੈ ॥ ਹੋਰ ਕੇਤੀ ਦਰਿ ਦਿਸੈ ਬਿਲਲਾਦੀ, ਮੈ ਗਣਤ ਨ ਆਵੈ ਕਾਈ ਹੇ ॥੧੪॥ ਸਾਚੀ ਕੀਰਤਿ ਸਾਚੀ ਬਾਣੀ ॥ ਹੋਰ ਨ ਦੀਸੈ ਬੇਦ ਪੁਰਾਣੀ ॥ ਪੂੰਜੀ ਸਾਚੁ ਸਚੇ ਗੁਣ ਗਾਵਾ, ਮੈ ਧਰ ਹੋਰ ਨ ਕਾਈ ਹੇ ॥੧੫॥ ਜੁਗੁ ਜੁਗੁ ਸਾਚਾ ਹੈ ਭੀ ਹੋਸੀ ॥ ਕਉਣ ਨ ਮੂਆ ਕਉਣ ਨ ਮਰਸੀ ॥ ਨਾਨਕੁ ਨੀਚੁ ਕਹੈ ਬੇਨੰਤੀ, ਦਰਿ ਦੇਖਹੁ ਲਿਵ ਲਾਈ ਹੇ ॥੧੬॥੨॥ (ਹੇ ਭਾਈ! ਪ੍ਰਭੂ) ਜਿਸ ਮਨੁੱਖ ਦੇ ਅਉਗਣ ਬਖਸ਼ਦਾ ਹੈ, ਉਸ ਨੂੰ ਨਾਮ ਦੀ ਵਡਿਆਈ ਦੇਂਦਾ ਹੈ। (ਉਹ) ਸਾਰੇ ਜੀਵਾਂ ਦਾ ਦਾਤਾ ਹੈ, (ਪਰ ਉਸ ਨੂੰ ਕਿਸੇ ਜੀਵ ਪਾਸੋਂ) ਤਿਲ ਜਿੰਨਾ ਵੀ ਲਾਲਚ ਨਹੀਂ। ਪ੍ਰਭੂ ਸਭ ਥਾਵਾਂ ਤੇ ਵਿਆਪਕ ਹੋ ਕੇ ਸਭ ਜੀਵਾਂ ਨੂੰ ਆਸਰਾ ਦੇ ਰਿਹਾ ਹੈ, (ਸਾਰੇ ਜੀਵਾਂ ਵਿਚ ਵਸਦਾ ਹੋਣ ਦੇ ਬਾਵਜੂਦ ਵੀ ਉਹ) ਪਵਿਤ੍ਰ ਹਸਤੀ ਹੈ, ਉਹ ਗੁਪਤ ਤੇ ਪ੍ਰਗਟ ਸਭ ਥਾਵਾਂ ਵਿਚ ਮੌਜੂਦ ਹੈ।੧੨। ਮਨ ਬੁੱਧੀ ਦੀ ਪਹੁੰਚ ਤੋਂ ਪਰੇ ਅਤੇ ਬੇਅੰਤ ਪ੍ਰਭੂ ਦੀ ਮੈਂ ਕੀ ਸਿਫਤ ਸਲਾਹ ਸਕਦਾ ਹਾਂ (ਕਿਉਂਕਿ ਉਸ ਦੀ ਸਿਫਤ ਸਲਾਹ ਬੇਅੰਤ ਹੈ)? ਉਹ ਸੱਚਾ ਪ੍ਰਭੂ ਸਭ ਜੀਵਾਂ ਨੂੰ ਪੈਦਾ ਕਰਨ ਵਾਲਾ ਅਤੇ ਹੰਕਾਰ ਰੂਪ ਦੈਂਤ ਨੂੰ ਮਾਰਨ ਵਾਲਾ ਹੈ। ਜਿਸ ਮਨੁੱਖ ਉਤੇ ਉਹ ਮੇਹਰ ਦੀ ਨਜਰ ਕਰਦਾ ਹੈ, ਉਸ ਨੂੰ (ਅਪਣੇ ਨਾਲ) ਮਿਲਾ ਲੈਂਦਾ ਹੈ, ਜੋ ਮਨੁੱਖ ਸੰਗਤ ਦੇ ਮੇਲ ਵਿਚ ਮਿਲੇ ਹਨ, (ਉਨ੍ਹਾਂ ਨੂੰ ਅਪਣੇ ਨਾਲ) ਮਿਲਾਈ ਰਖਦਾ ਹੈ।੧੩। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ (ਆਦਿ ਸਾਰੇ ਦੇਵਤੇ) ਪ੍ਰਭੂ ਦੇ ਦਰ ਉਤੇ ਖੜ੍ਹੇ ਹੋਏ ਅਲੱਖ ਤੇ ਬੇਅੰਤ ਪ੍ਰਭੂ ਦੀ ਸੇਵਾ ਕਰਦੇ ਹਨ। ਹੋਰ ਕਿੰਨੀ ਹੀ ਦੁਨੀਆਂ ਪ੍ਰਭੂ ਦੇ ਦਰ ਉਤੇ ਬਿਲਕਦੀ (ਬੇਨਤੀਆਂ ਕਰਦੀ) ਦਿਸਦੀ ਹੈ, ਮੈਨੂੰ ਉਨ੍ਹਾਂ (ਬਿਲਕਦੇ ਲੋਕਾਂ) ਦੀ ਕੋਈ ਗਿਣਤੀ ਨਹੀਂ ਆਉਂਦੀ।੧੪। (ਹੇ ਭਾਈ!) ਪ੍ਰਭੂ ਦੀ ਸਿਫਤ ਸਲਾਹ ਸੱਚੀ ਹੈ ਅਤੇ (ਉਸ ਦੀ) ਬਾਣੀ ਵੀ ਸੱਚੀ ਹੈ। ਹੋਰ ਵੇਦਾਂ ਪੁਰਾਣਾਂ ਵਿਚ ਸੱਚੀ ਬਾਣੀ ਨਹੀਂ ਦਿਸਦੀ। (ਹੇ ਪ੍ਰਭੂ! ਮੈਨੂੰ) ਸੱਚ ਰੂਪ ਪੂੰਜੀ ਬਖਸ਼, ਤਾਂ ਜੋ ਮੈਂ ਤੇਰੇ ਗੁਣ ਗਾਉਂਦਾ ਰਹਾਂ, ਮੈਨੂੰ (ਤੇਰੇ ਬਿਨਾ) ਹੋਰ ਕੋਈ ਆਸਰਾ ਨਹੀਂ ਦਿਸਦਾ। ੧੫। (ਹੇ ਭਾਈ!) ਪ੍ਰਭੂ ਹਰੇਕ ਜੁਗ ਤੋਂ ਸੱਚਾ ਹੈ, (ਉਹ) ਹੁਣ ਵੀ ਸੱਚਾ ਹੈ, ਪਿੱਛੇ ਵੀ ਸੱਚਾ ਸੀ ਅਤੇ ਅਗੋਂ ਵੀ ਸੱਚਾ ਹੀ ਹੋਵੇਗਾ। (ਪ੍ਰਭੂ ਤੋਂ ਬਿਨਾ) ਕੌਣ ਨਹੀਂ ਮਰਿਆ ਅਤੇ ਅਗੋਂ ਕੌਣ ਨਹੀਂ ਮਰੇਗਾ? ਨਿਮਾਣਾ ਨਾਨਕ ਬੇਨਤੀ ਕਰਦਾ ਹੈ ਕਿ ਹੇ ਪ੍ਰਭੂ! ਮੈਂ ਤੇਰੇ ਦਰ ਤੇ ਲਿਵ ਲਾਈ ਖੜਾ ਹਾਂ, (ਕ੍ਰਿਪਾ ਕਰਕੇ ਤੂੰ) ਮੇਰੇ ਵੱਲ ਦੇਖ (ਮੈਨੂੰ ਦਰਸ਼ਨ ਦੇਹ)।੧੬।੨।

ਪਦਾਰਥ = ਦੇ-ਦੇਂਦਾ ਹੈ। ਸਭਸੈ-ਸਾਰੇ ਜੀਵਾਂ ਦਾ। ਤਿਲੁ-ਤਿਲ ਜਿੰਨਾ ਵੀ। ਤਮਾਈ-ਲਾਲਚ। ਭਰਪੁਰਿ-ਨੱਕੋ ਨੱਕ ਭਰਿਆ ਹੋਇਆ ;ਵਿਆਪਕ। ਧਾਰਿ ਰਹਿਆ-ਆਸਰਾ ਦੇ ਰਿਹਾ ਹੈ। ਨਿਹਕੇਵਲੁ-ਸ਼ੁੱਧ ਸਰੂਪ। ਠਾਈ-ਥਾਂਵਾਂ ਵਿਚ।੧੨। ਅਗਮ-ਮਨ ਤੇ ਬੁੱਧੀ ਦੀ ਪਹੁੰਚ ਤੋਂ ਪਰੇ। ਅਪਾਰੈ-ਬੇਅੰਤ ਪ੍ਰਭੂ ਦੀ। ਸਿਰਜਣਹਾਰ-ਪੈਦਾ ਕਰਨ ਵਾਲਾ। ਮੁਰਾਰੈ-ਮੁਰ (ਹੰਕਾਰ) ਦੈਂਤ ਨੂੰ ਮਾਰਨ ਵਾਲਾ ਪ੍ਰਭੂ। ਨਦਰਿ-ਮੇਹਰ ਦੀ ਨਜਰ। ਮੇਲਿ-ਸਤਸੰਗਤ ਦੇ ਮੇਲ ਵਿਚ।੧੩। ਮਹੇਸੁ-ਸ਼ਿਵ ਜੀ। ਦੁਆਰੈ-ਦਰ ਉਤੇ। ਊਭੇ-ਖੜ੍ਹੇ ਹੋਏ। ਸੇਵਹਿ-ਸੇਵਾ ਕਰਦੇ ਹਨ। ਅਲਖ (ਅਲੱਖ ਪੜ੍ਹੋ)-ਪੂਰੀ ਤਰ੍ਹਾਂ ਨਾ ਜਾਣਿਆ ਜਾਣ ਵਾਲਾ। ਅਪਾਰੈ-ਬੇਅੰਤ ਪ੍ਰਭੂ ਦੇ। ਕੇਤੀ-ਕਿਤਨੀ ਹੀ। ਦਰਿ -ਦਰ ਉਤੇ। ਬਿਲਲਾਦੀ-ਬਿਲਕਦੀ; ਰੋਂਦੀ; ਪੁਕਾਰਦੀ। ਮੈ-ਮੈਨੂੰ; ਮੇਰੇ ਪਾਸੋਂ। ਗਣਤ-ਗਿਣਤੀ। ਕਾਈ-ਕੋਈ।੧੪। ਕੀਰਤਿ-ਸਿਫਤ ਸਲਾਹ। ਗਾਵਾ-ਗਾਉਂਦਾ ਰਹਾਂ। ਧਰ-ਆਸਰਾ।੧੫। ਜੁਗੁ ਜੁਗੁ-ਹਰੇਕ ਜੁਗ ਤੋਂ। ਹੈ ਭੀ-ਹੁਣ ਵੀ ਹੈ। ਹੋਸੀ-ਅੱਗੇ ਨੂੰ ਵੀ ਹੋਵੇਗਾ। ਨ ਮਰਸੀ-ਨਹੀਂ ਮਰੇਗਾ। ਨੀਚੁ-ਨਿਮਾਣਾ। ਦਰਿ-ਦਰ ਉਤੇ। ਲਿਵ ਲਾਈ-ਧਿਆਨ ਲਾ ਕੇ।੧੬।੨।

ਮਾਰੂ ਮਹਲਾ ੧ ॥ ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥ ਘਰਿ ਵਰੁ ਸਹਜੁ ਨ ਜਾਣੈ ਛੋਹਰਿ, ਬਿਨੁ ਪਿਰ ਨੀਦ ਨ ਪਾਈ ਹੇ ॥੧॥ ਅੰਤਰਿ ਅਗਨਿ ਜਲੈ ਭੜਕਾਰੇ ॥ ਮਨਮੁਖੁ ਤਕੇ ਕੁੰਡਾ ਚਾਰੇ ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ, ਸਾਚੇ ਹਾਥਿ ਵਡਾਈ ਹੇ ॥੨॥ ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥ ਗਿਆਨ ਖੜਗੁ ਲੈ ਮਨ ਸਿਉ ਲੂਝੈ, ਮਨਸਾ ਮਨਹਿ ਸਮਾਈ ਹੇ ॥੩॥ ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਅਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ, ਤੂ ਕਰਤਾ ਸਭ ਠਾਈ ਹੇ ॥੪॥ ਤੁਝ ਹੀ ਕੀਆ ਜੰਮਣ ਮਰਣਾ ॥ ਗੁਰ ਤੇ ਸਮਝ ਪੜੀ ਕਿਆ ਡਰਣਾ ॥ ਤੂ ਦਇਆਲੁ ਦਇਆ ਕਰਿ ਦੇਖਹਿ, ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥ ਨਿਜ ਘਰਿ ਬੈਸਿ ਰਹੇ ਭਉ ਖਾਇਆ ॥ ਧਾਵਤ ਰਾਖੇ ਠਾਕਿ ਰਹਾਇਆ

॥ ਕਮਲ ਬਿਗਾਸ ਹਰੇ ਸਰ ਸੁਭਰ, ਆਤਮ ਰਾਮੁ ਸਖਾਈ ਹੇ ॥੬॥ ਦ੍ਵੈਤ ਭਾਵ ਅਤੇ ਖੋਟੀ ਬੁੱਧੀ ਦੇ ਕਾਰਨ (ਜੀਵ ਰੂਪ ਇਸਤ੍ਰੀ) ਅੱਖਾਂ ਤੋਂ ਅੰਨ੍ਹੀ ਤੇ ਕੰਨਾਂ ਤੋਂ ਬੋਲੀ ਹੈ (ਗਿਆਨ, ਵਿਚਾਰ ਤੇ ਸ਼ਰਧਾ ਤੋਂ ਹੀਣ ਹੈ। ਨਾ ਅੱਖਾਂ ਨਾਲ ਪ੍ਰਭੂ ਨੂੰ ਦੇਖ ਸਕਦੀ ਹੇ ਅਤੇ ਨਾ ਕੰਨਾਂ ਨਾਲ ਪ੍ਰਭੂ ਦਾ ਜਸ ਸੁਣ ਸਕਦੀ ਹੈ। ਉਸ ਨੇ) ਕਾਮ ਕ੍ਰੋਧ ਦੀ ਨਾਸ਼ਵਾਨ ਕੱਚੀ ਚੋਲੀ ਪਹਿਨੀ ਹੋਈ ਹੈ (ਕਾਮਾਦਿਕ ਵਿਕਾਰਾਂ ਵਾਲਾ ਜਰਜਰਾ ਸਰੀਰ ਹੈ)। ਅਣਜਾਣ ਇਸਤ੍ਰੀ ਜਾਣਦੀ ਨਹੀਂ ਅਤੇ ਨਾ ਹੀ (ਉਸ ਨੂੰ) ਗਿਆਨ ਹੈ ਕਿ (ਉਸ ਦਾ) ਪਤੀ ਪ੍ਰਮੇਸਰ ਹਿਰਦੇ ਘਰ ਵਿਚ ਹੀ ਵਸਦਾ ਹੈ, ਪਤੀ ਪ੍ਰਮੇਸਰ ਤੋਂ ਬਿਨਾ ਉਸ ਨੂੰ ਸੁਖ ਦੀ ਨੀਂਦ ਪ੍ਰਾਪਤ ਨਹੀਂ ਹੁੰਦੀ।੧।(ਉਸ ਦੇ) ਹਿਰਦੇ ਅੰਦਰ ਤ੍ਰਿਸ਼ਨਾ ਦੀ ਅੱਗ ਭੜ ਭੜ ਕਰਕੇ (ਬਹੁਤ ਤੇਜ) ਬਲਦੀ ਹੈ। ਮਨਮੁਖ ਮਾਇਆ ਹਾਸਲ ਕਰਨ ਵਾਸਤੇ ਚਾਰੇ ਪਾਸੇ ਤੱਕਦਾ ਰਹਿੰਦਾ ਹੈ।(ਪਰ) ਸਤਿਗੁਰੂ ਦੀ ਸੇਵਾ ਕੀਤੇ ਬਿਨਾ ਕਿਵੇ ਸੁਖ ਪਾਇਆ ਜਾ ਸਕਦਾ ਹੈ? (ਨਹੀਂ ਪਾਇਆ ਜਾ ਸਕਦਾ, ਇਹ) ਵਡਿਆਈ ਸੱਚੇ ਪ੍ਰਭੂ ਦੇ ਹੱਥ ਵਿਚ ਹੈ (ਸੁੱਖ ਵਾਹਿਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ)।੨।(ਸੁਖ ਤਾਂ ਮਿਲਦਾ ਹੈ, ਜੇ ਮਨੁੱਖ) ਕਾਮ, ਕ੍ਰੋਧ ਤੇ ਹੰਕਾਰ ਨੂੰ ਦੂਰ ਕਰ ਦੇਵੇ। ਅਤੇ ਗੁਰੂ ਦੇ ਸ਼ਬਦ ਵਿਚ ਜੁੜ ਕੇ (ਇਨ੍ਹਾਂ) ਪੰਜ ਚੋਰਾਂ ਨੂੰ ਮਾਰ ਦੇਵੇ।(ਸਤਿਗੁਰੂ ਪਾਸੋਂ) ਗਿਆਨ ਦੀ ਕ੍ਰਿਪਾਨ ਲੈ ਕੇ ਮਨ ਨਾਲ ਲੜਦਾ ਰਹੇ, (ਇਸ ਤਰ੍ਹਾਂ) ਮਨ ਦੀਆਂ ਵਾਸ਼ਨਾਵਾਂ ਮਨ ਵਿਚ ਹੀ ਮੁੱਕ ਜਾਂਦੀਆਂ ਹਨ (ਵਾਸ਼ਨਾਵਾਂ ਉਠਦੀਆਂ ਨਹੀਂ)।੩। ਹੇ ਬੇਅੰਤ ਪ੍ਰਭੂ! ਤੂੰ ਮਾਂ ਦੇ ਲਹੂ ਅਤੇ ਪਿਤਾ ਦੇ ਬਿੰਦ ਨੂੰ ਮਿਲਾ ਕੇ।(ਜੀਵ ਦਾ) ਬਹੁਤ ਸੋਹਣੀ ਸ਼ਕਲ ਦਾ ਸਰੀਰ ਬਣਾ ਦਿਤਾ ਹੈ।(ਜੀਵ ਦੇ ਅੰਦਰ) ਜੋਤ ਅਤੇ ਪਦਾਰਥਾਂ ਦੀ ਜਿਤਨੀ ਦਾਤ ਹੈ, ਸਭ ਤੇਰੀ ਬਖਸ਼ੀ ਹੋਈ ਹੈ, ਤੂੰ ਸਭ ਨੂੰ ਪੈਦਾ ਕਰਨ ਵਾਲਾ ਸਭ ਥਾਵਾਂ ਤੇ ਮੌਜੂਦ ਹੈਂ।੪। ਹੇ ਪ੍ਰਭੂ! ਜੀਵਾਂ ਦਾ ਜੰਮਣਾ ਤੇ ਮਰਨਾ ਤੂੰ ਹੀ ਬਣਾਇਆ ਹੈ। ਗੁਰੂ ਤੋਂ (ਜਦੋਂ ਇਸ ਅਸਲੀਅਤ ਦੀ) ਸਮਝ ਪੈ ਗਈ, (ਤਾਂ ਹੁਣ ਮੌਤ ਤੋਂ) ਡਰਨਾ ਕਿਉਂ ਹੈ? ਤੂੰ ਦਇਆ ਦਾ ਘਰ ਹੈਂ, (ਜਿਸ ਜੀਵ ਵੱਲ) ਦਇਆ ਕਰਕੇ ਦੇਖਦਾ ਹੈਂ, (ਉਸ ਦੇ) ਸਰੀਰ ਵਿਚੋਂ (ਜੰਮਣ ਮਰਨ ਦਾ) ਦੁਖ ਤੇ ਦਰਦ ਦੂਰ ਹੋ ਜਾਂਦਾ ਹੈ।੫।(ਗੁਰੂ ਦੀ ਸ਼ਰਣ ਵਿਚ ਜਿਹੜੇ ਮਨੁੱਖ) ਨਿਜ ਸਰੂਪ ਵਿਚ ਬੈਠੇ ਰਹਿੰਦੇ ਹਨ, (ਉਨ੍ਹਾਂ ਨੇ ਮੌਤ ਦਾ) ਡਰ ਖਾ (ਮਿਟਾ) ਲਿਆ ਹੈ।(ਉਨ੍ਹਾਂ ਨੇ ਭਟਕਦੇ) ਦੌੜਦੇ ਮਨ ਨੂੰ ਰੋਕ ਰੱਖਿਆ ਹੈ ਅਤੇ ਰੋਕ ਕੇ ਹਰੀ ਦੇ ਚਰਨਾਂ ਵਿਚ ਟਿਕਾਇਆ ਹੈ।(ਉਨ੍ਹਾਂ ਦੇ) ਹਿਰਦੇ ਕਮਲ ਖਿੜੇ ਹੋਏ ਤੇ ਹਰੇ ਭਰੇ ਹਨ ਅਤੇ ਇੰਦ੍ਰੇ ਰੂਪ ਸਰੋਵਰ (ਨਾਮ ਰੂਪ ਅੰਮ੍ਰਿਤ ਜਲ ਨਾਲ) ਨੱਕੋ ਨੱਕ ਭਰੇ ਰਹਿੰਦੇ ਹਨ (ਉਨ੍ਹਾਂ ਨੂੰ ਪੂਰਨ ਅਨੰਦ ਮਿਲ ਗਿਆ ਹੈ) ਅਤੇ ਸਰਬ ਵਿਆਪਕ ਪ੍ਰਭੂ (ਉਨ੍ਹਾਂ ਦਾ) ਮਿਤ੍ਰ ਬਣ ਗਿਆ ਹੈ।੬।

ਪਦਾਰਥ = ਦੂਜੀ–ਦ੍ਵੈਤ ਭਾਵ। ਦੁਰਮਤਿ–ਖੋਟੀ ਬੁੱਧੀ। ਬੋਲੀ–ਜਿਸ ਨੂੰ ਕੰਨਾਂ ਤੋਂ ਸੁਣਦਾ ਨਹੀਂ। ਕਚੀ ਚੋਲੀ–ਨਾਸ਼ਵੰਤ ਸਰੀਰ। ਘਰਿ–ਹਿਰਦੇ ਘਰ ਵਿਚ। ਵਰੁ–ਪਤੀ ਪ੍ਰਭੂ। ਸਹਜੁ–ਗਿਆਨ। ਛੋਹਰਿ–ਅਣਜਾਣ (ਅਗਿਆਨ ਦਸ਼ਾ ਵਾਲੀ) ਲੜਕੀ। ਨੀਦ–ਸੁਖ ਦੀ ਨੀਂਦ। ਨ ਪਾਈ–ਪ੍ਰਾਪਤ ਨਹੀਂ ਹੁੰਦੀ।੧। ਅੰਤਰਿ–ਹਿਰਦੇ ਅੰਦਰ। ਅਗਨਿ–ਤ੍ਰਿਸ਼ਨਾ ਦੀ ਅੱਗ। ਭੜਕਾਰੇ–ਭੱਠ ਵਾਂਙ ਤੇਜ ਅੱਗ; ਭੜ ਭੜ ਕਰਕੇ। ਤਕੇ–ਤੱਕਦਾ ਹੈ। ਕੁੰਡਾ ਚਾਰੇ–ਚਾਰੇ ਪਾਸੇ। ਸਾਚੇ ਹਾਥਿ–ਸੱਚੇ ਪ੍ਰਭੂ ਦੇ ਹੱਥ ਵਿਚ।੨। ਨਿਵਾਰੇ–ਦੂਰ ਕਰ ਦੇਵੇ। ਤਸਕਰ ਪੰਚ –ਪੰਜ ਕਾਮਾਦਿਕ ਚੋਰ। ਸਬਦਿ–ਸ਼ਬਦ ਵਿਚ ਜੁੜ ਕੇ। ਸੰਘਾਰੇ–ਮਾਰ ਦੇਵੇ। ਖੜਗੁ–ਕ੍ਰਿਪਾਨ। ਲੂਝੈ–ਲੜਦਾ ਰਹੇ। ਮਨਸਾ–ਮਨ ਦੀਆਂ ਵਾਸ਼ਨਾਵਾਂ; ਮਨ ਦੇ ਫੁਰਨੇ। ਮਨਹਿ–ਮਨ ਵਿਚ ਹੀ। ਸਮਾਈ–ਮੁੱਕ ਜਾਂਦੇ ਹਨ।੩। ਰਕਤ–ਲਹੂ। ਬਿਦੁ–ਵੀਰਜ। ਧਾਰਾ–ਟਿਕਾ ਕੇ। ਮੂਰਤਿ–ਸਰੀਰ। ਸੂਰਤਿ–ਸ਼ਕਲ। ਕਰਿ–ਬਣਾ ਦਿਤਾ। ਅਪਾਰਾ–ਹੇ ਬੇਅੰਤ ਪ੍ਰਭੂ!। ਜੇਤੀ–ਜਿਤਨੀ ਵੀ। ਕਰਤਾ–ਪੈਦਾ ਕਰਨ ਵਾਲਾ। ਠਾਈ–ਥਾਂਵਾਂ ਤੇ।੪। ਕੀਆ–ਬਣਾਇਆ। ਤੇ–ਤੋਂ। ਪੜੀ–ਪੈ ਗਈ। ਕਿਆ–ਕੀ; ਕਿਉਂ। ਸਰੀਰਹੁ–ਸਰੀਰ ਵਿਚੋਂ।੫। ਨਿਜ ਘਰਿ–ਅਪਣੇ ਅਸਲੀ ਘਰ (ਹਰੀ ਦੀ ਹਜੂਰੀ) ਵਿਚ। ਬੈਸਿ ਰਹੇ–ਬੈਠੇ (ਟਿਕੇ) ਰਹਿੰਦੇ ਹਨ। ਖਾਇਆ–ਮੁਕਾ ਲਿਆ। ਧਾਵਤ ਰਾਖੇ–ਦੌੜਦੇ ਮਨ ਨੂੰ ਰੋਕ ਰੱਖਿਆ ਹੈ। ਠਾਕਿ ਰਹਾਇਆ–ਰੋਕ ਕੇ (ਨਿਜ ਘਰ ਵਿਚ) ਟਿਕਾਇਆ ਹੈ। ਕਮਲ–ਹਿਰਦਾ। ਬਿਗਾਸ–ਖਿੜ ਗਿਆ ਹੈ। ਸਰ–ਸਰੋਵਰ। ਸੁਭਰ–ਨੱਕੋ ਨੱਕ ਭਰੇ ਹੋਏ ਹਨ। ਆਤਮ ਰਾਮ–ਸਰਬ ਵਿਆਪਕ ਪ੍ਰਭੂ। ਸਖਾਈ–ਮਿਤ੍ਰ; ਸਹਾਈ।੬।

ਮਰਣੁ ਲਿਖਾਇ ਮੰਡਲ ਮਹਿ ਆਏ ॥ ਕਿਉ ਰਹੀਐ ਚਲਣਾ ਪਰਥਾਏ ॥ ਸਚਾ ਅਮਰੁ ਸਚੇ ਅਮਰਾਪੁਰਿ, ਸੋ ਸਚੁ ਮਿਲੈ ਵਡਾਈ ਹੇ ॥੭॥ ਆਪਿ ਉਪਾਇਆ ਜਗਤੁ ਸਬਾਇਆ ॥ ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥ (ਸਾਰੇ ਜੀਵ ਅਪਣੀ) ਮੌਤ ਲਿਖਾ ਕੇ ਸੰਸਾਰ ਮੰਡਲ ਵਿਚ ਆਏ ਹਨ {ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ੯੭੬}।(ਸੰਸਾਰ ਵਿਚ ਸਦਾ ਲਈ) ਕਿਵੇਂ ਰਿਹਾ ਜਾ ਸਕਦਾ ਹੈ? (ਸਭ ਨੂੰ) ਪ੍ਰਲੋਕ ਵਿਚ ਚਲਣਾ ਪੈਣਾ ਹੈ। ਪ੍ਰਭੂ ਦਾ (ਇਹ) ਸੱਚਾ ਹੁਕਮ ਹੈ, (ਜੋ ਮਨੁੱਖ ਹੁਕਮ ਮੰਨਦੇ ਹਨ), ਉਹ ਸੱਚੇ ਪ੍ਰਭੂ ਦੇ ਨਾਸ਼ ਰਹਿਤ ਦੇਸ਼ ਵਿਚ ਪੁਜ ਜਾਂਦੇ ਹਨ, (ਜਿੱਥੇ ਉਨ੍ਹਾਂ ਨੂੰ) ਉਹ ਸੱਚਾ ਪ੍ਰਭੂ ਮਿਲਦਾ ਹੈ, (ਇਹੋ ਉਨ੍ਹਾਂ ਦੀ) ਵਡਿਆਈ ਹੈ।੭। ਸਾਰਾ ਜਗਤ ਪ੍ਰਭੂ ਨੇ ਆਪ ਹੀ ਪੈਦਾ ਕੀਤਾ ਹੈ। ਜਿਸ ਪ੍ਰਭੂ ਨੇ (ਇਹ ਜਗਤ) ਸਿਰਜਿਆ ਹੈ, ਉਸ ਨੇ ਹੀ

(ਜਗਤ ਦੇ ਜੀਵਾਂ ਨੂੰ) ਧੰਧਿਆਂ ਵਿਚ ਲਾਇਆ ਹੋਇਆ ਹੈ।

ਅੰਗ ੧੦੨੩ = ਸਚੈ ਊਪਰਿ ਅਵਰ ਨ ਦੀਸੈ, ਸਾਚੇ ਕੀਮਤਿ ਪਾਈ ਹੇ ॥੮॥ ਐਥੈ ਗੋਇਲੜਾ ਦਿਨ ਚਾਰੇ ॥ ਖੇਲੁ ਤਮਾਸਾ ਧੁੰਧੂਕਾਰੇ ॥ ਬਾਜੀ ਖੇਲਿ ਗਏ ਬਾਜੀਗਰ, ਜਿਉ ਨਿਸਿ ਸੁਪਨਾ ਭਖਲਾਈ ਹੇ ॥੯॥ ਤਿਨ ਕਉ ਤਖਤਿ ਮਿਲੀ ਵਡਿਆਈ ॥ ਨਿਰਭਉ ਮਨਿ ਵਸਿਆ ਲਿਵ ਲਾਈ ॥ ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ, ਤ੍ਰਿਭਵਣ ਤਾੜੀ ਲਾਈ ਹੇ ॥੧੦॥ ਸਾਚੀ ਨਗਰੀ ਤਖਤੁ ਸਚਾਵਾ ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥ ਸਾਚੇ ਸਾਚੈ ਤਖਤਿ ਵਡਾਈ, ਹਉਮੈ ਗਣਤ ਗਵਾਈ ਹੇ ॥੧੧॥ ਸੱਚੇ ਪ੍ਰਭੂ ਦੇ ਉਪਰ (ਵੱਡੀ ਤਾਕਤ ਵਾਲਾ ਮੈਨੂੰ ਕੋਈ) ਨਹੀਂ ਦਿਸਦਾ, (ਜੀਵਾਂ ਦੇ ਚੰਗੇ ਮਾੜੇ ਕਰਮਾਂ ਦੀ) ਕੀਮਤ ਸੱਚਾ ਪ੍ਰਭੂ ਹੀ ਪਾਉਂਦਾ ਹੈ (ਜੀਵ ਦੇ ਕੀਤੇ ਕਰਮਾਂ ਅਨੁਸਾਰ ਨਿਆਂ ਕਰਦਾ ਹੈ)।੮।ਇੱਥੇ (ਜਗਤ ਵਿਚ ਜੀਵਾਂ ਦਾ) ਗੁਆਲੇ ਵਾਂਗ ਚਾਰ ਦਿਨਾਂ ਦਾ ਵਾਸਾ ਹੈ।(ਜਗਤ ਬਾਜੀ ਗਰ ਦੇ) ਤਮਾਸ਼ੇ ਦਾ ਖੇਲ ਹੈ ਅਤੇ (ਸਾਰਾ ਜਗਤ) ਹਨ੍ਹੇਰੇ ਵਿਚ ਹੀ ਫਸਿਆ ਪਿਆ ਹੈ।(ਜਿਵੇਂ ਬਾਜੀਗਰ) ਬਾਜੀ ਖੇਲ ਕੇ ਚਲੇ ਜਾਂਦੇ ਹਨ, (ਤਿਵੇਂ ਮਨੁੱਖ ਜੀਵਨ ਦੀ ਬਾਜੀ ਖੇਲ ਕੇ ਸੰਸਾਰ ਤੋਂ ਚਲੇ ਜਾਂਦੇ ਹਨ), ਜਿਵੇਂ ਰਾਤ ਵੇਲੇ ਸੁਪਨੇ ਵਿਚ (ਧਨ ਮਿਲ ਜਾਣ ਤੇ) ਮਨੁੱਖ ਬਰੜਾਉਂਦਾ ਹੈ (ਪਰ ਸੁਪਨਾ ਟੱਟਿਆਂ ਸਭ ਕੁੱਛ ਵਿਅਰਥ ਦਿਸਦਾ ਹੈ)।੯।ਉਨ੍ਹਾਂ ਗੁਰਮੁਖਾਂ ਨੂੰ ਤਖਤ ਤੇ ਬੈਠਣ ਦੀ ਵਡਿਆਈ ਮਿਲੀ ਹੈ।(ਜਿਨ੍ਹਾਂ ਨੇ ਪ੍ਰਭੂ ਦੇ ਨਾਮ ਵਿਚ) ਲਿਵ ਲਾਈ ਹੋਈ ਹੈ, (ਉਨ੍ਹਾਂ ਦੇ) ਮਨ ਵਿਚ ਉਹ ਨਿਰਭਉ ਪ੍ਰਭੂ ਵਸਿਆ ਹੈ।(ਜਿਸ ਨੇ) ਖੰਡਾਂ, ਬ੍ਰਹਮੰਡਾਂ, ਪਤਾਲਾਂ, ਪੁਰੀਆਂ ਤੇ ਤਿੰਨਾਂ ਲੋਕਾਂ ਵਿਚ ਤਾੜੀ ਲਾਈ ਹੋਈ ਹੈ ਭਾਵ ਜੋ ਸਰਬ ਵਿਆਪਕ ਹੈ।੧੦। (ਹੇ ਭਾਈ! ਉਸ ਮਨੁੱਖ ਦੀ) ਸਰੀਰ ਰੂਪ ਨਗਰੀ ਸੱਚੀ ਹੈ ਉਤੇ ਹਿਰਦਾ ਰੂਪ ਤਖਤ ਵੀ ਸੱਚਾ ਹੈ।(ਜਿਸ ਨੂੰ) ਗੁਰੂ ਦੁਆਰਾ ਸੱਚਾ ਪ੍ਰਭੂ ਮਿਲ ਜਾਂਦਾ ਹੈ, (ਉਸ ਨੇ ਸਦੀਵੀ) ਸੁਖ ਪਾਇਆ ਹੈ।(ਉਸ) ਸੱਚੇ ਪੁਰਖ ਨੂੰ ਸੱਚੇ ਪ੍ਰਭੂ ਦੇ ਤਖਤ ਉਤੇ ਵਡਿਆਈ ਮਿਲਦੀ ਹੈ ਅਤੇ (ਉਸ ਨੇ) ਹਉਮੈ ਵਿਚ ਕੀਤੇ ਕਰਮਾਂ ਦੀ ਗਿਣਤੀ ਮੁਕਾ ਦਿਤੀ ਹੈ।੧੧।

ਪਦਾਰਥ = ਮਰਣੁ-ਮੌਤ।ਮੰਡਲ ਮਹਿ-ਸੰਸਾਰ ਵਿਚ।ਪਰਥਾਏ-ਸਭ ਤੋਂ ਪਰੇ ਦੀ ਥਾਂ; ਪਰਾਏ ਥਾਂ (ਪ੍ਰਲੋਕ)।ਸਚਾ ਅਮਰੁ-ਅਟੱਲ ਹੁਕਮ।ਅਮਰਾਪੁਰਿ-ਨਾਸ਼ ਰਹਿਤ ਦੇਸ਼ (ਸੱਚਖੰਡ) ਵਿਚ।ਸੋ-ਉਹ।੭।ਉਪਾਇਆ-ਪੈਦਾ ਕੀਤਾ ਹੈ।ਸਬਾਇਆ-ਸਾਰਾ।ਜਿਨਿ-ਜਿਸ ਨੇ।ਸਿਰਿਆ-ਪੈਦਾ ਕੀਤਾ ਹੈ।ਤਿਨਿ-ਉਸ ਨੇ ਹੀ।ਧੰਧੈ-ਕੰਮਾਂ ਧੰਧਿਆਂ ਵਿਚ।ਊਪਰਿ-ਉਚਾ; ਵੱਡਾ।੮।ਗੋਇਲੜਾ-ਗਊਆਂ ਵਾਸਤੇ ਥੋੜੇ ਸਮੇਂ ਦੀ ਚਰਾਂਦ।ਦਿਨ ਚਾਰੇ-ਬਹੁਤ ਥੋੜੇ ਦਿਨ।ਧੁੰਧੂਕਾਰੇ-(ਅਗਿਆਨ ਦੇ) ਘੁੱਪ ਹਨ੍ਹੇਰੇ ਵਿਚ।ਨਿਸਿ-ਰਾਤ ਵੇਲੇ। ਸੁਪਨੈ-ਸੁਪਨੇ ਵਿਚ।ਭਖਲਾਈ-ਬਰੜਾਉਂਦਾ ਹੈ।੯।ਤਿਨ ਕਉ-ਉਨ੍ਹਾਂ ਨੂੰ।ਤਖਤਿ-ਤਖਤ ਉਤੇ।ਮਨਿ-ਮਨ ਵਿਚ।ਖੰਡੀ-ਧਰਤੀ ਦੇ ਨੌਂ ਖੰਡਾਂ ਵਿਚ।ਬ੍ਰਹਮੰਡੀ-ਬ੍ਰਹਮੰਡਾਂ ਵਿਚ।ਪਾਤਾਲੀ-ਪਤਾਲਾਂ ਵਿਚ।ਪੁਰੀਈ-(ਦੇਵਤਿਆਂ ਦੀਆਂ) ਪੁਰੀਆਂ ਵਿਚ।ਤ੍ਰਿਭਵਣਿ-ਤਿੰਨਾਂ ਲੋਕਾਂ ਵਿਚ।ਤਾੜੀ ਲਾਈ-ਸਮਾਧੀ ਲਾਈ ਹੋਈ ਹੈ (ਸਰਬ ਵਿਆਪਕ ਹੈ)।੧੦।ਨਗਰੀ-ਸਰੀਰ ਰੂਪ ਨਗਰ।ਤਖਤੁ-ਹਿਰਦਾ।ਸਚਾਵਾ-ਸੱਚਾ।ਗੁਰਮੁਖਿ-ਗੁਰੂ ਦੁਆਰਾ।ਗਣਤ-ਗਿਣਤੀ।ਗਵਾਈ-ਮੁਕਾ ਦਿਤੀ।੧੧।

ਗਣਤ ਗਣੀਐ ਸਹਸਾ ਜੀਐ ॥ ਕਿਉ ਸੁਖੁ ਪਾਵੈ ਦੂਐ ਤੀਐ ॥ ਨਿਰਮਲੁ ਏਕੁ ਨਿਰੰਜਨੁ ਦਾਤਾ, ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥ ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥ ਸਾਚਾ ਰਵਿ ਰਹਿਆ ਮਨੁ ਰਾਤਾ ॥ ਤਿਸ ਕੀ ਓਟ ਗਹੀ ਸੁਖੁ ਪਾਇਆ, ਮਨਿ ਤਨਿ ਮੈਲੁ ਨ ਕਾਈ ਹੇ ॥੧੩॥ ਜੀਭ ਰਸਾਇਣਿ ਸਾਚੈ ਰਾਤੀ ॥ ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥ ਸ੍ਰਵਣ ਸ੍ਰੋਤ ਰਜੇ ਗੁਰਬਾਣੀ, ਜੋਤੀ ਜੋਤਿ ਮਿਲਾਈ ਹੇ ॥੧੪॥ ਰਖਿ ਰਖਿ ਪੈਰ ਧਰੇ ਪਉ ਧਰਣਾ ॥ ਜਤ ਕਤ ਦੇਖਉ ਤੇਰੀ ਸਰਣਾ ॥ ਦੁਖੁ ਸੁਖੁ ਦੇਹਿ ਤੂ ਹੈ ਮਨਿ ਭਾਵਹਿ, ਤੁਝ ਹੀ ਸਿਉ ਬਣਿ ਆਈ ਹੇ ॥੧੫॥ ਅੰਤ ਕਾਲਿ ਕੋ ਬੇਲੀ ਨਾਹੀ ॥ ਗੁਰਮੁਖਿ ਜਾਤਾ ਤੁਧੁ ਸਾਲਾਹੀ ॥ ਨਾਨਕ ਨਾਮਿ ਰਤੇ ਬੈਰਾਗੀ, ਨਿਜ ਘਰਿ ਤਾੜੀ ਲਾਈ ਹੇ ॥੧੬॥੩॥ (ਹੇ ਭਾਈ! ਕਰਮਾਂ ਦੀ) ਗਿਣਤੀ ਗਿਣਨ ਨਾਲ ਮਨ ਅੰਦਰ ਸੰਸਾ ਬਣਿਆ ਰਹਿੰਦਾ ਹੈ।ਦ੍ਵੈਤ ਭਾਵ ਅਤੇ ਤਿੰਨਾਂ ਗੁਣਾਂ ਵਾਲੀ ਮਾਇਆ ਵਿਚ (ਮਨੁੱਖ) ਕਿਵੇਂ ਸੁੱਖ ਪਾ ਸਕਦਾ ਹੈ? (ਨਹੀਂ ਪਾ ਸਕਦਾ।ਜਿਸ ਮਨੁੱਖ ਨੇ) ਪੂਰੇ ਗੁਰੂ ਤੋਂ ਇੱਜਤ ਪ੍ਰਾਪਤ ਕੀਤੀ ਹੈ, (ਉਸ ਨੂੰ ਗਿਆਨ ਹੋ ਜਾਂਦਾ ਹੈ ਕਿ) ਮਾਇਆ ਤੋਂ ਰਹਿਤ ਇਕ ਪ੍ਰਭੂ ਹੀ ਪਵਿਤ੍ਰ ਹੈ ਅਤੇ ਸਾਰੇ ਜੀਵਾਂ ਦਾ ਦਾਤਾ ਹੈ।੧੨।ਹਰੇਕ ਜੁਗ ਵਿਚ ਕਿਸੇ ਵਿਰਲੇ ਮਨੁੱਖ ਨੇ ਹੀ ਗੁਰੂ ਦੀ ਸ਼ਰਣ ਵਿਚ ਪੈ ਕੇ ਪ੍ਰਭੂ ਨੂੰ ਜਾਣਿਆ ਹੈ।ਸੱਚਾ ਪ੍ਰਭੂ ਜੋ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ, (ਉਸ ਦੇ ਪ੍ਰੇਮ ਰੰਗ ਵਿਚ ਉਸ ਦਾ) ਮਨ ਰੰਗਿਆ ਗਿਆ ਹੈ।(ਉਸ ਮਨੁੱਖ ਨੇ) ਉਸ ਪ੍ਰਭੂ ਦੀ ਓਟ ਪਕੜੀ ਹੈ ਤੇ ਸੁਖ ਪਾਇਆ ਹੈ, (ਉਸ ਦੇ) ਮਨ ਤੇ ਸਰੀਰ ਵਿਚ ਵਿਕਾਰਾਂ ਦੀ ਕੋਈ ਮੈਲ ਨਹੀਂ ਰਹੀ। ੧੩।ਜਿਸ ਮਨੁੱਖ ਦੀ ਜੀਭ ਰਸਾਂ ਦੇ ਘਰ ਸੱਚੇ ਪ੍ਰਭੂ ਦੇ ਪ੍ਰੇਮ ਵਿਚ ਮਗਨ ਹੋਈ ਹੈ।(ਉਸ ਦਾ) ਸੰਗੀ ਹਰੀ ਪ੍ਰਭੂ ਬਣ ਗਿਆ ਹੈ, (ਜਿਸ ਕਰਕੇ ਉਸ ਨੂੰ ਕਿਸੇ ਕਿਸਮ ਦਾ) ਡਰ ਤੇ ਭਰਮ ਨਹੀਂ ਰਿਹਾ।(ਉਸ ਦੇ) ਕੰਨ ਗੁਰਬਾਣੀ ਦੀ ਧੁਨ ਸੁਣ ਕੇ ਰੱਜ ਗਏ ਹਨ

(ਕੂੜ ਕਬਾੜ ਦੀਆਂ ਗੱਲਾਂ ਨਹੀਂ ਸੁਣਦੇ, ਉਸ ਨੇ ਅਪਣੀ) ਆਤਮ ਜੋਤ ਹਰੀ ਦੀ ਜੋਤ ਨਾਲ ਮਿਲਾ ਲਈ ਹੈ।੧੪।(ਹੇ ਭਾਈ! ਕੁਸੰਗਤ ਜਾਂ ਵਿਸ਼ੇ ਵਿਕਾਰਾਂ ਵੱਲੋਂ) ਮੈਂ ਰੋਕ ਰੋਕ ਕੇ ਧਰਤੀ ਤੇ ਪੈਰ ਧਰੇ ਹਨ।(ਹੇ ਪ੍ਰਭੂ!) ਜਿੱਥੇ ਕਿੱਥੇ ਮੈਂ ਤੇਰੀ ਸ਼ਰਣ ਦੇਖਦਾ ਹਾਂ।(ਹੁਣ ਭਾਵੇਂ ਮੈਨੂੰ) ਤੂੰ ਦੁਖ ਦੇਵੇਂ, ਭਾਵੇਂ ਸੁਖ ਦੇਵੇਂ, ਤੂੰ ਮੇਰੇ ਮਨ ਵਿਚ ਚੰਗਾ ਲਗਦਾ ਹੈਂ (ਕਿਉਂਕਿ ਮੇਰੀ) ਤੇਰੇ ਨਾਲ ਹੀ ਪ੍ਰੀਤ ਬਣ ਆਈ ਹੇ।੧੫।(ਹੇ ਪ੍ਰਭੂ! ਜਿਨ੍ਹਾਂ ਪੁਰਖਾਂ ਨੇ) ਗੁਰੂ ਦੁਆਰਾ ਤੈਨੂੰ ਜਾਣਿਆ ਹੈ, (ਉਹ ਤੇਰੀ) ਸਿਫਤ ਸਲਾਹ ਕਰਦੇ ਹਨ।(ਉਹ ਜਾਣ ਲੈਂਦੇ ਹਨ ਕਿ ਤੇਰੇ ਬਿਨਾ ਮਨੁੱਖ ਦਾ) ਅੰਤ ਸਮੇਂ ਕੋਈ ਸਹਾਈ ਨਹੀਂ ਬਣਦਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਤੇਰੇ) ਨਾਮ ਵਿਚ ਰੰਗੇ ਰਹਿੰਦੇ ਹਨ, ਮੋਹ ਮਾਇਆ ਤੋਂ ਉਪਰਾਮ ਰਹਿੰਦੇ ਹਨ ਅਤੇ (ਉਹ) ਅਪਣੇ ਅਸਲੀ ਘਰ (ਪ੍ਰਭੂ ਦੇ ਚਰਨਾਂ ਵਿਚ) ਸਮਾਧੀ ਲਾਈ ਰਖਦੇ ਹਨ।੧੬।੩।

ਪਦਾਰਥ = ਗਣਤ–ਗਿਣਤੀ।ਗਣੀਐ–ਗਿਣਤ ਨਾਲ (ਕਿ ਫਲਾਣਾ ਕੰਮ ਮੈਂ ਕੀਤਾ ਹੈ)।ਸਹਸਾ–ਸੰਸਾ।ਜੀਐ–ਮਨ ਅੰਦਰ।ਦੂਐ–ਦੂਜੇ ਭਾਵ ਵਿਚ।ਤੀਐ–ਤਿੰਨਾਂ ਗੁਣਾਂ ਵਾਲੀ ਮਾਇਆ ਵਿਚ।ਨਿਰਮਲੁ–ਪਵਿਤ੍ਰ।ਨਿਰੰਜਨੁ–ਮਾਇਆ ਤੋਂ ਰਹਿਤ।ਤੇ–ਤੋਂ।ਪਤਿ–ਇੱਜਤ।ਪਾਈ–ਪ੍ਰਾਪਤ ਕੀਤੀ ਹੈ।੧੨।ਜੁਗਿ ਜੁਗਿ–ਹਰੇਕ ਜੁਗ ਵਿਚ।ਵਿਰਲੀ–ਵਿਰਲੇ ਮਨੁੱਖ ਨੇ।ਜਾਤਾ–ਜਾਣਿਆ ਹੈ।ਸਾਚਾ–ਸੱਚਾ ਪ੍ਰਭੂ।ਰਵਿ ਰਹਿਆ–ਸਭ ਜਗ੍ਹਾ ਵਿਆਪਕ ਹੋ ਰਿਹਾ ਹੈ।ਰਾਤਾ–ਰੰਗਿਆ ਗਿਆ ਹੈ।ਗਹੀ–ਪਕੜੀ ਹੈ।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਕਾਈ–ਕੋਈ।੧੩।ਰਸਾਇਣਿ–ਰਸਾਂ ਦਾ ਘਰ।ਸਾਚੈ–ਸੱਚੇ ਪ੍ਰਭੂ ਦੇ।ਰਾਤੀ–ਮਗਨ ਹੋਈ ਹੈ।ਸੰਗੀ–ਸਾਥੀ।ਭਉ–ਡਰ।ਭਰਾਤੀ–ਭਰਮ।ਸ੍ਰਵਣ–ਕੰਨ; ਸਰਵਣ ਕਰਕੇ।ਸ੍ਰੋਤ–ਧੁਨੀ; ਕੰਨ।ਰਜੇ–ਰੱਜ ਗਏ ਹਨ।ਜੋਤੀ–ਹਰੀ ਦੀ ਜੋਤ ਵਿਚ।ਜੋਤਿ–ਆਤਮ ਜੋਤ।੧੪।ਰਖਿ ਰਖਿ–ਰੋਕ ਰੋਕ ਕੇ।ਧਰੇ–ਰੱਖੇ ਹਨ।ਪਉ–ਪੈਰ।ਜਤ–ਜਿੱਥੇ।ਕਤ–ਕਿੱਥੇ।ਭਾਵਹਿ–ਚੰਗਾ ਲਗਦਾ ਹੈਂ।ਸਿਉ–ਨਾਲ।੧੫।ਅੰਤ ਕਾਲਿ–ਅਖੀਰ ਵੇਲੇ।ਕੋ–ਕੋਈ।ਬੇਲੀ–ਸਾਥੀ; ਸਹਾਈ।ਸਾਲਾਹੀ–ਸਿਫਤ ਸਲਾਹ ਕਰਦੇ ਹਨ।ਨਾਮਿ ਰਤੇ–ਨਾਮ ਵਿਚ ਰੰਗੇ ਹਨ।ਨਿਜ ਘਰਿ–ਅਸਲੀ ਘਰ (ਆਤਮ ਸਰੂਪ) ਵਿਚ।ਤਾੜੀ–ਸਮਾਧੀ।੧੬।੩।

ਵਿਆਖਿਆ = ਸਰਬ ਵਿਆਪੀ ਹਰੀ ਮਨੁੱਖ ਦੇ ਅੰਦਰ ਹੀ ਹੈ, ਪਰ ਕਾਮ ਕ੍ਰੋਧ ਦੀ ਅਗਨੀ ਹੋਣ ਕਰਕੇ, ਮਨੁੱਖ ਉਸ ਦੀ ਸੋਝੀ ਨਹੀਂ ਰਖਦਾ।ਗੁਰੂ ਦੇ ਸ਼ਬਦ ਰਾਹੀਂ ਜਦ ਅੰਦਰ ਦੇ ਚੋਰ ਮਰ ਜਾਂਦੇ ਹਨ, ਫਿਰ ਪਤਾ ਲਗਦਾ ਹੈ ਕਿ ਮਨੁੱਖ ਦੇ ਅੰਦਰ ਸਾਰੀ ਸੱਤਾ ਹਰੀ ਦੀ ਅਪਣੀ ਹੈ, ਜੋ ਹਰ ਥਾਂ ਵਿਆਪਕ ਹੈ।ਇਸ ਨਾਲ ਮਨੁੱਖ ਦਾ ਡਰ ਤੇ ਭਰਮ ਦੂਰ ਹੋ ਜਾਂਦਾ ਹੈ ਤੇ ਮਨ ਟਿਕਾਣੇ ਰਹਿੰਦਾ ਹੈ।ਉਸ ਨੂੰ ਫਿਰ ਮਰਨਾ ਦੁਖਦਾਈ ਮਲੂਮ ਨਹੀਂ ਹੁੰਦਾ, ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਮਰਨਾ ਕੁਦਰਤੀ ਹੈ ਅਤੇ ਇਥੇ ਜਿਉਣਾ ਵੀ ਗੋਇਲ ਵਾਸੇ ਵਾਂਗ ਹੈ।ਇਉਂ ਭਰਮ ਦੂਰ ਹੋ ਕੇ ਸੱਚ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨਾਲ ਮਨੁੱਖ ਰੱਜਿਆ ਰਹਿੰਦਾ ਹੈ।

ਮਾਰੂ ਮਹਲਾ ੧ ॥ ਆਦਿ ਜੁਗਾਦੀ ਅਪਰ ਅਪਾਰੇ ॥ ਆਦਿ ਨਿਰੰਜਨ ਖਸਮ ਹਮਾਰੇ ॥ ਸਾਚੇ ਜੋਗ ਜੁਗਤਿ ਵੀਚਾਰੀ, ਸਾਚੇ ਤਾੜੀ ਲਾਈ ਹੇ ॥੧॥ ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੈ ॥ ਸਚੁ ਨਾਮੁ ਸਚੀ ਵਡਿਆਈ, ਸਾਚੈ ਤਖਤਿ ਵਡਾਈ ਹੇ ॥੨॥ ਸਤਜੁਗਿ ਸਤੁ ਸੰਤੋਖੁ ਸਰੀਰਾ ॥ ਸਤਿ ਸਤਿ ਵਰਤੈ ਗਹਿਰ ਗੰਭੀਰਾ ॥ ਸਚਾ ਸਾਹਿਬੁ ਸਚੁ ਪਰਖੈ, ਸਾਚੈ ਹੁਕਮਿ ਚਲਾਈ ਹੇ ॥੩॥ ਸਤ ਸੰਤੋਖੀ ਸਤਿਗੁਰੁ ਪੂਰਾ ॥ ਗੁਰ ਕਾ ਸਬਦੁ ਮਨੇ ਸੋ ਸੂਰਾ ॥ ਸਾਚੀ ਦਰਗਹ ਸਾਚੁ ਨਿਵਾਸਾ, ਮਾਨੈ ਹੁਕਮੁ ਰਜਾਈ ਹੇ ॥੪॥ ਸਤਜੁਗਿ ਸਾਚੁ ਕਹੈ ਸਭੁ ਕੋਈ ॥ ਸਚਿ ਵਰਤੈ ਸਾਚਾ ਸੋਈ ॥ ਮਨਿ ਮੁਖਿ ਸਾਚੁ ਭਰਮ ਭਉ ਭੰਜਨੁ ,ਗੁਰਮੁਖਿ ਸਾਚੁ ਸਖਾਈ ਹੇ ॥੫॥ ਤ੍ਰੇਤੈ ਧਰਮ ਕਲਾ ਇਕ ਚੂਕੀ ॥ ਤੀਨਿ ਚਰਣ ਇਕ ਦੁਬਿਧਾ ਸੂਕੀ ॥ ਗੁਰਮੁਖਿ ਹੋਵੈ ਸੁ ਸਾਚੁ ਵਖਾਣੈ, ਮਨਮੁਖਿ ਪਚੈ ਅਵਾਈ ਹੇ ॥੬॥ ਹੇ ਆਦਿ ਕਾਲ ਤੋਂ ਮੌਜੂਦ ਪ੍ਰਭੂ! ਹੇ ਜਗਤ ਰਚਨਾ ਵੇਲੇ ਕਿਸੇ ਦੀ ਸਹਾਇਤਾ ਨਾ ਚਾਹੁਣ ਵਾਲੇ ਪ੍ਰਭੂ!।ਹੇ ਮੁੱਢ ਤੋਂ ਹੀ ਮਾਇਆ ਰਹਿਤ ਸਾਡੇ ਮਾਲਕ!।(ਜਗਤ ਵਿਚ) ਜਿਨ੍ਹਾਂ ਪੁਰਖਾਂ ਨੇ ਸੱਚੇ ਪ੍ਰਭੂ ਨਾਲ ਜੁੜਨ ਦੀ ਜੁਗਤੀ ਵਿਚਾਰੀ ਹੈ, (ਉਨ੍ਹਾਂ ਨੇ ਹੀ) ਸੱਚੇ ਪ੍ਰਭੂ ਵਿਚ ਸਮਾਧੀ ਲਈ ਹੈ।੧।(ਜਗਤ ਰਚਨ ਤੋਂ ਪਹਿਲਾਂ ਕਈ ਜੁਗ ਹਨ੍ਹੇਰਾ ਹੀ ਹਨ੍ਹੇਰਾ ਸੀ)।ਸਿਰਜਨਹਾਰ ਪ੍ਰਭੂ ਨੇ ਕਿਤਨੇ ਹੀ ਜੁਗ ਧੁੰਧੂਕਾਰ (ਹਨ੍ਹੇਰੇ) ਵਿਚ ਸੁੰਨ ਸਮਾਧੀ ਲਾਈ ਹੋਈ ਸੀ।(ਉਸ ਸਮੇਂ ਨਿਰਗੁਣ ਰੂਪ ਵਿਚ ਪ੍ਰਭੂ ਅਪਣੇ ਅੰਦਰ ਹੀ ਸਮਾਧੀ ਲਾਈ ਬੈਠਾ ਸੀ।ਫਿਰ ਉਹ ਨਿਰਗੁਣ ਤੋਂ ਸਰਗੁਣ ਰੂਪ ਵਿਚ ਪ੍ਰਗਟਿਆ, ਜਗਤ ਰਚਨਾ ਕੀਤੀ।ਜਗਤ ਵਿਚ ਉਸ ਦਾ) ਨਾਮ ਸੱਚਾ ਹੈ ਅਤੇ (ਉਸ ਦੀ) ਵਡਿਆਈ ਵੀ ਸੱਚੀ ਹੈ, ਸੱਚੇ ਤਖਤ ਉਤੇ ਬੈਠੇ ਪ੍ਰਭੂ ਦੀ ਵਡਿਆਈ (ਜਗਤ ਵਿਚ) ਫੈਲ ਰਹੀ ਹੈ।੨।(ਸਰਗੁਣ ਰੂਪ ਪ੍ਰਗਟ ਹੋਣ ਤੋਂ ਬਾਦ ਸਤਜੁਗ ਦਾ ਸਮਾਂ ਸ਼ੁਰੂ ਹੋਇਆ) ਸਤਜੁਗ ਵਿਚ ਮਨੁੱਖੀ ਸਰੀਰਾਂ ਵਿਚ ਸਤ ਸੰਤੋਖ (ਆਦਿ ਦੈਵੀ ਗੁਣ ਵਰਤਦੇ) ਸਨ।(ਉਹ ਜਾਣਦੇ ਸਨ ਕਿ) ਸੱਚਾ ਗਹਿਰ ਗੰਭੀਰ ਪ੍ਰਭੂ ਹਰ ਥਾਂ ਵਿਆਪਕ ਹੋ ਰਿਹਾ ਹੈ।ਸੱਚਾ ਮਾਲਕ ਪ੍ਰਭੂ (ਸਾਰੇ ਜੀਵਾਂ ਦੀ) ਸੱਚੀ ਪਰਖ ਕਰਦਾ ਹੈ, ਉਹ ਜਗਤ ਨੂੰ ਅਪਣੇ ਸੱਚੇ ਹੁਕਮ ਵਿਚ ਚਲਾ ਰਿਹਾ ਹੈ।੩।ਪੂਰਾ ਸਤਿਗੁਰੂ ਸਤ

ਤੇ ਸੰਤੋਖ ਆਦਿ ਦੈਵੀ ਗੁਣਾਂ ਦਾ ਮਾਲਕ ਹੈ।(ਜੋ ਮਨੁੱਖ) ਗੁਰੂ ਦਾ ਹੁਕਮ ਮੰਨਦਾ ਹੈ, ਉਹ (ਕਾਮਾਦਿਕ ਵੈਰੀਆਂ ਨੂੰ ਮਾਰਨ ਵਾਲਾ) ਸੂਰਮਾ ਹੈ।(ਜੋ ਮਨੁੱਖ) ਰਜ਼ਾ ਵਾਲੇ ਪ੍ਰਭੂ ਦਾ ਹੁਕਮ ਮੰਨਦਾ ਹੈ, (ਉਹ) ਸੱਚੀ ਦਰਗਾਹ ਵਿਚ ਸੱਚਾ ਨਿਵਾਸ ਪ੍ਰਾਪਤ ਕਰ ਲੈਂਦਾ ਹੈ।੪।ਸਤਿਜੁਗ ਵਿਚ ਸਭ ਕੋਈ (ਹਰੇਕ ਮਨੁੱਖ) ਸੱਚ ਬੋਲਦਾ ਸੀ।ਉਹ ਹੀ ਸੱਚਾ ਹੁੰਦਾ ਸੀ, ਜੋ ਸੱਚ ਵਿਚ ਵਰਤਦਾ ਸੀ।ਡਰ ਤੇ ਭਰਮ ਨੂੰ ਨਾਸ਼ ਕਰਨ ਵਾਲਾ ਸੱਚ (ਉਦੋਂ ਹਰੇਕ ਮਨੁੱਖ ਦੇ) ਮਨ ਵਿਚ ਤੇ ਮੂੰਹ ਵਿਚ ਸੱਚ ਵਸਦਾ ਸੀ, (ਇਹੋ ਜਿਹੇ) ਗੁਰਮੁਖਾਂ ਦਾ ਸੱਚ ਹੀ ਸਹਾਈ ਹੁੰਦਾ ਸੀ।੫।ਤ੍ਰੇਤੇ ਜੁਗ ਵਿਚ ਧਰਮ ਦੀ ਇਕ ਸ਼ਕਤੀ ਦੂਰ ਹੋ ਗਈ (ਧਰਮ ਰੂਪ ਧਉਲੇ ਬਲਦ ਦੇ ਚਾਰ ਪੈਰਾਂ ਵਿਚੋਂ ਇਕ ਪੈਰ ਟੁੱਟ ਗਿਆ)।ਧਰਮ ਦੇ ਤਿੰਨ ਪੈਰ ਰਹਿ ਗਏ, (ਲੋਕਾਂ ਵਿਚ) ਇਕ ਦੁਬਿਧਾ ਨੇ ਜੋਰ ਫੜ ਲਿਆ।ਜੋ ਗੁਰਮੁਖ ਹੁੰਦਾ ਹੈ, ਉਹ ਸੱਚਾ ਨਾਮ ਉਚਾਰਦਾ ਹੈ, (ਪਰ) ਮਨਮੁਖ ਬਿਅਰਥ ਗੱਲਾਂ ਵਿਚ ਸੜਦਾ ਹੈ।੬।

ਪਦਾਰਥ = ਆਦਿ ਜੁਗਾਦਿ–ਮੁੱਢ ਤੋਂ; ਆਦਿ ਕਾਲ ਤੋਂ।ਅਪਰ ਅਪਾਰੇ (ਅਪਰੰਪਰ)–ਬੇਅੰਤ ਤੋਂ ਬੇਅੰਤ; ਜਗਤ ਰਚਨਾ ਵੇਲੇ ਕਿਸੇ ਦੀ ਸਹਾਇਤਾ ਨਾ ਚਾਹੁਣ ਵਾਲਾ।ਆਦਿ–ਮੁੱਢ ਤੋਂ ਹੀ।ਨਿਰੰਜਨ–ਮਾਇਆ ਰਹਿਤ।ਖਸਮ–ਹੇ ਮਾਲਕ ਪ੍ਰਭੂ !।ਹਮਾਰੇ–ਸਾਡੇ।ਸਾਚੇ–ਹੇ ਸੱਚੇ ਪ੍ਰਭੂ !।ਜੋਗ ਜੁਗਤਿ–ਜੁੜਨ ਦੀ ਜੁਗਤੀ।ਤਾੜੀ–ਸਮਾਧੀ; ਧਿਆਨ।੧।ਕੇਤੜਿਆ ਜੁਗ–ਕਿਤਨੇ (ਅਨੇਕਾਂ) ਹੀ ਜੁਗ। ਧੁੰਧੂਕਾਰੈ–ਲਗਾਤਾਰ ਘੁੱਪ ਹਨ੍ਹੇਰੇ ਵਿਚ।ਸਿਰਜਨਹਾਰੈ–ਸਿਰਜਨਹਾਰ ਪ੍ਰਭੂ ਨੇ।ਤਖਤਿ–ਤਖਤ ਉਤੇ।੨।ਸਤਜੁਗਿ–ਸਤਜੁਗ ਵਿਚ। ਸਰੀਰਾ–ਮਨੁੱਖੀ ਸਰੀਰਾਂ ਵਿਚ।ਸਤਿ–ਸੱਚਾ ਪ੍ਰਭੂ।ਗਹਿਰ ਗੰਭੀਰ–ਅਥਾਹ ਡੂੰਘਾ।ਪਰਖੈ–ਪਰਖਦਾ ਹੈ।ਸਾਚੈ ਹੁਕਮਿ–ਸੱਚੇ ਹੁਕਮ ਵਿਚ।ਚਲਾਈ ਹੇ–ਚਲਾਉਂਦਾ ਹੈ।੩।ਸੰਤਖੀ–ਸੰਤਖ ਵਾਲਾ।ਸਬਦੁ–ਹੁਕਮ।ਮੰਨੇ–ਮੰਨਦਾ ਹੈ।ਸੋ–ਉਹ।ਸੂਰਾ–ਸੂਰਮਾ।ਮਾਨੈ–ਮੰਨਦਾ ਹੈ।ਰਜਾਈ–ਰਜ਼ਾ ਦੇ ਮਾਲਕ ਪ੍ਰਭੂ ਦਾ।੪।ਕਹੈ–ਬੋਲਦਾ ਸੀ।ਸਭੁ ਕੋਈ–ਹਰੇਕ ਮਨੁੱਖ।ਸਚਿ–ਸੱਚ ਵਿਚ।ਸੋਈ–ਉਹ ਹੀ। ਮਨਿ–ਮਨ ਵਿਚ।ਮੁਖਿ–ਮੂੰਹ ਵਿਚ।ਭੰਜਨੁ–ਨਾਸ਼ ਕਰਨ ਵਾਲਾ।ਸਖਾਈ–ਮਿਤ੍ਰ; ਸਹਾਇਕ।੫।ਤ੍ਰੇਤੈ–ਤ੍ਰੇਤੇ ਜੁਗ ਵਿਚ।ਧਰਮ ਕਲਾ – ਧਰਮ ਦੀ ਸ਼ਕਤੀ।ਚੂਕੀ–ਦੂਰ ਹੋ ਗਈ।ਚਰਣ–ਪੈਰ।ਸੂਕੀ–ਸ਼ੂੰਕਦੀ ਹੈ; ਜੋਰ ਫੜ ਲਿਆ; ਫੈਲ ਗਈ।ਸੁ–ਉਹ।ਸਾਚੁ–ਸੱਚਾ ਨਾਮ।ਵਖਾਣੈ–ਉਚਾਰਦਾ ਹੈ।ਪਚੈ ਅਵਾਈ ਹੇ–ਬਿਅਰਥ ਸੜਦਾ ਹੈ; ਆਵੇ ਵਿਚ ਅਪਣੇ ਆਪ ਵਿਚ ਸੜਦਾ ਹੈ।੬।

ਮਨਮੁਖਿ ਕਦੇ ਨ ਦਰਗਹ ਸੀਝੈ ॥ ਬਿਨੁ ਸਬਦੈ ਕਿਉ ਅੰਤਰੁ ਰੀਝੈ ॥ ਬਾਧੇ ਆਵਹਿ ਬਾਧੇ ਜਾਵਹਿ, ਸੋਝੀ ਬੂਝ ਨ ਕਾਈ ਹੇ ॥੭॥ (ਹੇ ਭਾਈ!) ਮਨਮੁਖ ਕਦੇ ਵੀ ਰੱਬੀ ਦਰਗਾਹ ਵਿਚ ਸਫਲ ਨਹੀਂ ਹੁੰਦਾ (ਉਸ ਨੂੰ ਮੁਕਤੀ ਨਹੀਂ ਮਿਲਦੀ।ਉਸ ਦਾ) ਹਿਰਦਾ ਗੁਰੂ ਦੇ ਸ਼ਬਦ ਤੋਂ ਬਿਨਾ ਕਿਵੇਂ ਪ੍ਰਸੰਨ ਹੋ ਸਕਦਾ ਹੈ? (ਮਨਮੁਖ ਕਰਮਾਂ ਜਾਂ ਵਾਸ਼ਨਾਂ ਦੇ) ਬੱਧੇ ਹੋਏ ਸੰਸਾਰ ਵਿਚ ਆਉਂਦੇ ਹਨ ਅਤੇ (ਕਰਮਾਂ ਦੇ) ਬੱਧੇ ਹੋਏ ਹੀ (ਪ੍ਰਲੋਕ ਨੂੰ) ਚਲੇ ਜਾਂਦੇ ਹਨ, (ਉਨ੍ਹਾਂ ਨੂੰ) ਭਲੇ ਬੁਰੇ ਦੀ ਕੋਈ ਸਮਝ ਨਹੀਂ।੭।

ਅੰਗ ੧੦੨੪ = ਦਇਆ ਦੁਆਪੁਰਿ ਅਧੀ ਹੋਈ ॥ ਗੁਰਮੁਖਿ ਵਿਰਲਾ ਚੀਨੈ ਕੋਈ ॥ ਦੁਇ ਪਗ ਧਰਮੁ ਧਰੇ ਧਰਣੀਧਰ, ਗੁਰਮੁਖਿ ਸਾਚੁ ਤਿਥਾਈ ਹੇ ॥੮॥ ਰਾਜੇ ਧਰਮੁ ਕਰਹਿ ਪਰਥਾਏ ॥ ਆਸਾ ਬੰਧੇ ਦਾਨੁ ਕਰਾਏ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ, ਥਾਕੇ ਕਰਮ ਕਮਾਈ ਹੇ ॥੯॥ ਕਰਮ ਧਰਮ ਕਰਿ ਮੁਕਤਿ ਮੰਗਾਹੀ ॥ ਮੁਕਤਿ ਪਦਾਰਥੁ ਸਬਦਿ ਸਲਾਹੀ ॥ ਬਿਨੁ ਗੁਰ ਸਬਦੈ ਮੁਕਤਿ ਨ ਹੋਈ, ਪਰਪੰਚੁ ਕਰਿ ਭਰਮਾਈ ਹੇ ॥੧੦॥ ਮਾਇਆ ਮਮਤਾ ਛੋਡੀ ਨ ਜਾਈ ॥ ਸੇ ਛੂਟੇ ਸਚੁ ਕਾਰ ਕਮਾਈ ॥ ਅਹਿਨਿਸਿ ਭਗਤਿ ਰਤੇ ਵੀਚਾਰੀ, ਠਾਕੁਰ ਸਿਉ ਬਣਿ ਆਈ ਹੇ ॥੧੧॥ ਦੁਆਪਰ ਜੁਗ ਵਿਚ ਦਇਆ (ਧਰਮ ਦੀ ਸ਼ਕਤੀ) ਅੱਧੀ ਰਹਿ ਗਈ ਸੀ।ਕੋਈ ਵਿਰਲਾ ਮਨੁੱਖ ਹੀ (ਪ੍ਰਭੂ ਨੂੰ) ਜਾਣਦਾ ਸੀ।ਧਰਤੀ ਨੂੰ ਆਸਰਾ ਦੇਣ ਵਾਲੇ ਧਰਮ ਰੂਪ ਧਉਲੇ ਬਲਦ ਨੇ ਦੋ ਪੈਰ ਟਿਕਾਏ ਹੋਏ ਸਨ (ਧਰਮ ਦੋ ਹਿੱਸੇ ਰਹਿ ਗਿਆ ਸੀ, ਦੁਆਪਰ ਵਿਚ ਵੀ) ਜਿੱਥੇ ਗੁਰਮੁਖ ਸਨ, ਉਥੇ ਸੱਚ ਸੀ; ਉਦੋਂ ਵੀ ਜਿੱਥੇ ਸੱਚ ਸੀ, ਉਥੇ ਗੁਰਮੁਖ ਮੌਜੂਦ ਸਨ।੮।(ਦੁਆਪੁਰ ਵਿਚ) ਰਾਜੇ ਕਾਮਨਾ ਦੀ ਪੂਰਤੀ ਵਾਸਤੇ ਧਰਮ ਕਮਾਉਂਦੇ ਸਨ।(ਉਹ ਸੁਰਗ ਦੀ) ਆਸਾ ਵਿਚ ਬੱਧੇ ਹੋਏ ਪੁੰਨ ਦਾਨ (ਆਦਿ ਕਰਮ) ਕਰਦੇ ਸਨ।(ਉਹ) ਧਰਮ ਕਰਮ ਕਮਾ ਕੇ ਥੱਕ ਗਏ ਸਨ, (ਉਨ੍ਹਾਂ ਨੂੰ) ਰਾਮ ਨਾਮ ਦੇ ਸਿਮਰਨ ਤੋਂ ਬਿਨਾ ਮੁਕਤੀ ਪ੍ਰਾਪਤ ਨਹੀਂ ਸੀ ਹੋਈ ੯।(ਦੁਆਪਰ ਜੁਗ ਵਿਚ ਰਾਜੇ) ਯੱਗ ਆਦਿ ਕਰਮ ਕਰਕੇ ਮੁਕਤੀ ਮੰਗਦੇ ਸਨ।(ਪਰ) ਮੁਕਤ ਪਦਾਰਥ ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਦੀ ਸਿਫਤ ਸਲਾਹ ਕਰਕੇ ਮਿਲਦਾ ਹੈ।(ਕਿਸੇ ਜੁਗ ਵਿਚ ਵੀ) ਗੁਰੂ ਦੇ ਸ਼ਬਦ ਤੋਂ ਬਿਨਾ (ਕਿਸੇ ਜੀਵ ਦੀ) ਮੁਕਤੀ ਨਹੀਂ ਹੁੰਦੀ, (ਕਰਮ ਕਾਂਡੀਆਂ ਨੇ) ਵਲ ਛਲ ਕਰਕੇ ਦੁਨੀਆਂ ਭਰਮ ਵਿਚ ਪਾਈ ਹੋਈ ਹੈ; ਜਗਤ ਰਚ ਕਰਕੇ ਪ੍ਰਭੂ ਨੇ ਸਾਰੀ ਸ੍ਰਿਸਟੀ ਭਰਮਾਈ ਹੋਈ ਹੈ।੧੦।(ਜੀਵਾਂ ਪਾਸੋਂ) ਮਾਇਆ ਦੀ ਮਮਤਾ ਛੋਡੀ ਨਹੀਂ ਜਾਂਦੀ।(ਮਾਇਆ ਦੀ ਮਮਤਾ ਤੋਂ) ਉਹ ਮਨੁੱਖ ਛੁੱਟੇ ਹਨ, (ਜਿਨ੍ਹਾਂ ਨੇ ਨਾਮ ਸਿਮਰਨ ਦੀ) ਸੱਚੀ ਕਾਰ ਕਮਾਈ ਹੈ।(ਉਹ) ਵਿਚਾਰਵਾਨ ਮਨੁੱਖ ਦਿਨ ਰਾਤ ਭਗਤੀ ਦੇ ਰੰਗ ਵਿਚ ਰੰਗੇ ਰਹਿੰਦੇ ਹਨ, (ਕਿਉਂਕਿ ਉਨ੍ਹਾਂ ਦੀ) ਪ੍ਰੀਤ ਮਾਲਕ ਨਾਲ ਬਣ ਆਈ ਹੈ।੧੧।

ਪਦਾਰਥ = ਮਨਮੁਖਿ–ਮਨਮੱਤ ਧਾਰਨ ਕਰਨ ਵਾਲਾ ਮਨੁੱਖ।ਨ ਸੀਝੈ–ਸਫਲ ਨਹੀਂ ਹੁੰਦਾ।ਅੰਤਰੁ–ਹਿਰਦੇ ਅੰਦਰ।ਰੀਝੈ–ਪ੍ਰਸੰਨ ਹੋਵੇ।ਬਾਧੈ–ਬੰਨ੍ਹੇ ਹੋਏ।ਸੋਝੀ–ਸਮਝ।ਕਾਈ–ਕੋਈ।੭।ਦੁਆਪੁਰਿ–ਦੁਆਪੁਰ ਜੁਗ ਵਿਚ।ਗੁਰਮੁਖਿ–ਗੁਰੂ ਦੀ ਸਰਣ ਵਿਚ ਪਿਆ ਮਨੁੱਖ।ਚੀਨੈ–ਜਾਣਦਾ ਸੀ।ਦੁਇ ਪਗ–ਦੋ ਪੈਰ।ਧਰੇ–ਰੱਖਦਾ ਸੀ; ਟਿਕਿਆ ਹੋਇਆ ਸੀ।ਧਰਣੀਧਰ–ਧਰਤੀ ਨੂੰ ਆਸਰਾ ਦੇਣ ਵਾਲਾ।ਤਿਥਾਈ ਹੇ–ਉਥੇ ਹੈ।੮।ਪਰਥਾਏ–(ਅਪਣੀ) ਕਾਮਨਾ ਵਾਸਤੇ; ਪ੍ਰਸਿੱਧੀ ਵਾਸਤੇ।ਬੰਧੇ–ਬੰਨ੍ਹੇ ਹੋਏ।ਕਮਾਈ–ਕਮਾ (ਕਰ) ਕੇ।੯।ਮੰਗਾਹੀ–ਮੰਗਦੇ ਸਨ।ਸਬਦੈ–ਸ਼ਬਦ ਦੁਆਰਾ।ਸਲਾਹੀ–ਸਿਫਤ ਸਲਾਹ ਕਰਕੇ।ਪਰਪੰਚ ਕਰਿ–ਸ੍ਰਿਸਟੀ ਰਚ ਕੇ।ਭਰਮਾਈ –ਭਰਮ ਵਿਚ ਪਾਈ ਹੋਈ ਹੈ।੧੦।ਸੇ–ਉਹ (ਮਨੁੱਖ)।ਸਚੁ ਕਾਰ–ਨਾਮ ਸਿਮਰਨ ਦੀ ਸੱਚੀ ਕਾਰ।ਅਹਿ–ਦਿਨ।ਨਿਸਿ–ਰਾਤ। ਭਗਤਿ ਰਤੇ–ਭਗਤੀ ਦੇ ਰੰਗ ਵਿਚ ਰੰਗੇ ਹਨ।ਵੀਚਾਰੀ–ਵਿਚਾਰਵਾਨ।ਠਾਕੁਰ ਸਿਉ–ਮਾਲਕ ਨਾਲ।੧੧।

ਗੁਰਮੁਖਿ ਸਾਚੁ ਤਿਥਾਈ ਹੇ = ਗੁਰੂ ਦੁਆਰਾ ਹੀ ਉਥੇ ਸੱਚ ਪ੍ਰਾਪਤ ਹੁੰਦਾ ਹੈ (ਸ਼ਬਦਾਰਥ)

ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ॥ ਹਠਿ ਨਿਗ੍ਰਹਿ ਅਪਤੀਜੁ ਨ ਭੀਜੈ, ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ ॥੧੨॥ ਕਲੀ ਕਾਲ ਮਹਿ ਇਕ ਕਲ ਰਾਖੀ ॥ ਬਿਨੁ ਗੁਰ ਪੂਰੇ ਕਿਨੈ ਨ ਭਾਖੀ ॥ ਮਨਮੁਖਿ ਕੂੜੁ ਵਰਤੈ ਵਰਤਾਰਾ, ਬਿਨੁ ਸਤਿਗੁਰ ਭਰਮੁ ਨ ਜਾਈ ਹੇ ॥੧੩॥ ਸਤਿਗੁਰੁ ਵੇਪਰਵਾਹੁ ਸਿਰੰਦਾ ॥ ਨਾ ਜਮ ਕਾਣਿ ਨ ਛੰਦਾ ਬੰਦਾ ॥ ਜੋ ਤਿਸੁ ਸੇਵੇ ਸੋ ਅਬਿਨਾਸੀ, ਨਾ ਤਿਸੁ ਕਾਲੁ ਸੰਤਾਈ ਹੇ ॥੧੪॥ ਗੁਰ ਮਹਿ ਆਪੁ ਰਖਿਆ ਕਰਤਾਰੇ ॥ ਗੁਰਮੁਖਿ ਕੋਟਿ ਅਸੰਖ ਉਧਾਰੇ ॥ ਸਰਬ ਜੀਆ ਜਗਜੀਵਨੁ ਦਾਤਾ, ਨਿਰਭਉ ਮੈਲੁ ਨ ਕਾਈ ਹੇ ॥੧੫॥ ਸਗਲੇ ਜਾਚਹਿ ਗੁਰ ਭੰਡਾਰੀ ॥ ਆਪਿ ਨਿਰੰਜਨੁ ਅਲਖ ਅਪਾਰੀ ॥ ਨਾਨਕੁ ਸਾਚੁ ਕਹੈ ਪ੍ਰਭ ਜਾਚੈ, ਮੈ ਦੀਜੈ ਸਾਚੁ ਰਜਾਈ ਹੇ ॥੧੬॥ (ਹੇ ਭਾਈ!) ਕਈ ਮਨੁੱਖ ਜਪ ਕਰਦੇ ਹਨ, ਕਈ ਤਪ ਕਰਦੇ ਹਨ ਅਤੇ ਕਈ ਤੀਰਥਾਂ ਤੇ ਜਾ ਕੇ ਨ੍ਹਾਉਂਦੇ ਹਨ।(ਹੇ ਪ੍ਰਭੂ! ਇਨ੍ਹਾਂ ਲੋਕਾਂ ਦੇ ਵਸ ਵਿਚ ਵੀ ਕੀ ਹੈ?) ਜਿਸ ਤਰ੍ਹਾਂ ਤੈਨੂੰ ਚੰਗਾ ਲਗਦਾ ਹੈ, ਤੂੰ ਉਸੇ ਤਰ੍ਹਾਂ (ਉਨ੍ਹਾਂ ਨੂੰ) ਚਲਾਉਂਦਾ ਹੈਂ।(ਹੇ ਭਾਈ!) ਹਠ ਨਾਲ ਇੰਦ੍ਰੀਆਂ ਨੂੰ ਰੋਕਣ ਦੇ ਜਤਨ ਤੋਂ ਸ਼ਰਧਾ ਹੀਣ ਮਨ ਖੁਸ਼ ਨਹੀਂ ਹੁੰਦਾ, ਗੁਰੂ ਪ੍ਰਮੇਸ਼ਰ ਤੋਂ ਬਿਨਾ (ਹਰੇਕ ਜੁਗ ਵਿਚ) ਕਿਸ ਨੇ ਇੱਜਤ ਪਾਈ ਹੈ? (ਕਿਸੇ ਨੂੰ ਇੱਜਤ ਨਹੀਂ ਮਿਲੀ)।੧੨।ਕਲਜੁਗ ਦੇ ਸਮੇਂ ਵਿਚ ਧਰਮ ਦੀ ਇਕ ਸ਼ਕਤੀ ਬਚ ਗਈ ਹੈ।ਪੂਰੇ ਗੁਰੂ ਤੋਂ ਬਿਨਾ (ਇਹ ਗੱਲ) ਕਿਸੇ ਨੇ ਨਹੀਂ ਦੱਸੀ (ਕਿ ਧਰਮ ਦੀ ਸ਼ਕਤੀ ਦੇ ਚਾਰ ਪੈਰ ਨਾਮ ਜਪ ਕੇ ਸਲਾਮਤ ਹੋ ਸਕਦੇ ਹਨ।ਮਨਮੁਖ ਕੂੜ ਨੂੰ ਹੀ ਵਰਤਦਾ ਹੈ, (ਇਹੋ ਉਸ ਦਾ ਹਰੇਕ ਜੁਗ ਵਿਚ) ਵਰਤਾਰਾ ਹੈ, ਸਤਿਗੁਰੂ ਤੋਂ ਬਿਨਾ (ਮਨਮੁਖ ਦੇ ਅੰਦਰੋਂ) ਭਰਮ ਜਾਂਦਾ ਨਹੀਂ।੧੩।(ਹੇ ਭਾਈ!) ਸਤਿਗੁਰੂ ਵੇਪ੍ਰਵਾਹ ਹੈ ਅਤੇ ਸਿਰਜਨਹਾਰ ਪ੍ਰਭੂ ਦਾ ਰੂਪ ਹੈ।(ਉਸ ਨੂੰ) ਨਾ ਜਮ ਦੀ ਮੁਥਾਜੀ ਹੈ ਅਤੇ ਨਾ ਕਿਸੇ ਬੰਦੇ ਦੀ ਮੁਥਾਜੀ ਹੈ।ਜੋ ਮਨੁਖ ਉਸ ਪ੍ਰਭੂ ਦੀ ਸੇਵਾ ਕਰਦਾ ਹੈ, ਉਹ ਨਾਸ਼ ਰਹਿਤ (ਅਮਰ) ਹੋ ਜਾਂਦਾ ਹੈ ਅਤੇ ਨਾ ਹੀ ਉਸ ਨੂੰ ਕਾਲ ਦੁੱਖ ਦੇਂਦਾ ਹੈ।੧੪। ਕਰਤਾਰ ਨੇ ਆਪਣੇ ਆਪ ਨੂੰ ਗੁਰੂ ਵਿਚ ਰੱਖਿਆ ਹੈ।(ਉਸ ਨੇ) ਗੁਰੂ ਰਾਹੀ ਕ੍ਰੋੜਾਂ, ਅਣਗਿਣਤ ਜੀਵ (ਭਵਜਲ ਤੋਂ) ਤਾਰ ਦਿਤੇ ਹਨ।ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ ਸਾਰੇ ਜੀਵਾਂ ਦਾ ਦਾਤਾ ਹੈ, (ਉਸ) ਨਿਰਭਉ ਪ੍ਰਭੂ ਵਿਚ (ਵਿਕਾਰਾਂ ਦੀ) ਕੋਈ ਮੈਲ ਨਹੀਂ ਹੈ।੧੫।(ਹੇ ਭਾਈ!) ਸਾਰੇ ਜੀਵ ਗੁਰੂ ਦੇ ਭੰਡਾਰੇ ਵਿਚੋਂ (ਪ੍ਰਭੂ ਦਾ ਨਾਮ) ਮੰਗਦੇ ਹਨ।ਪ੍ਰਭੂ ਆਪ ਮਾਇਆ ਤੋਂ ਰਹਿਤ ਹੈ, ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈ ਅਤੇ (ਪੂਰਨ ਤੌਰ ਤੇ) ਸਮਝ ਵਿਚ ਨਾ ਆਉਣ ਵਾਲਾ ਹੈ।ਹੇ ਰਜ਼ਾ ਦੇ ਮਾਲਕ ਪ੍ਰਭੂ! ਨਾਨਕ ਤੇਰਾ ਸੱਚ ਨਾਮ ਕਹਿੰਦਾ (ਜਪਦਾ) ਹੈ ਅਤੇ ਮੰਗਦਾ ਹੈ ਕਿ ਮੈਨੂੰ ਸੱਚੇ ਨਾਮ ਦੀ ਦਾਤ ਦੇਹ।੧੬।੪।

ਪਦਾਰਥ = ਇਕਿ–ਕਈ ਮਨੁੱਖ।ਨਾਵਹਿ–ਨ੍ਹਾਉਂਦੇ ਹਨ।ਤੁਧੁ–ਤੈਨੂੰ।ਭਾਵੈ–ਚੰਗਾ ਲਗਦਾ ਹੈ।ਤਿਵੈ–ਉਸੇ ਤਰ੍ਹਾਂ।ਹਠਿ–ਹਠ ਨਾਲ। ਨਿਗ੍ਰਹਿ–ਇੰਦ੍ਰੀਆਂ ਨੂੰ ਰੋਕਣ ਦੇ ਜਤਨ ਨਾਲ।ਅਪਤੀਜੁ–ਸ਼ਰਧਾ ਹੀਣ; ਵਿਸ਼ਵਾਸ ਰਹਿਤ।ਨ ਭੀਜੈ–ਖੁਸ਼ ਨਹੀਂ ਹੁੰਦਾ।੧੨।ਕਲੀ– ਕਲਜੁਗ ਦੇ।ਕਾਲ ਮਹਿ–ਸਮੇਂ ਵਿਚ।ਇਕ ਕਲ–ਧਰਮ ਦੀ ਇਕੋ ਸ਼ਕਤੀ।ਰਾਖੀ–ਬਚ ਗਈ; ਰਹਿ ਗਈ।ਕਿਨੈ–ਕਿਸੇ ਨੇ।ਨ ਭਾਖੀ–ਦੱਸੀ ਨਹੀਂ।ਮਨਮੁਖਿ–ਮਨਮਤੀਆ ਮਨੁੱਖ।ਕੂੜੁ–ਝੂਠ।੧੩।ਸਿਰੰਦਾ–ਸਿਰਜਨਹਾਰ ਪ੍ਰਭੂ।ਜਮ ਕਾਣਿ–ਜਮ ਦੀ ਮੁਥਾਜੀ; ਜਮਾਂ ਦਾ ਡਰ।ਛੰਦਾ–ਮੁਥਾਜੀ; ਦੀਨਤਾ।ਬੰਦਾ–ਬੰਦਿਆਂ ਦੀ।ਸੇਵੇ–ਸੇਵਾ ਕਰਦਾ ਹੈ।ਸੋ–ਉਹ।ਅਬਿਨਾਸੀ–ਨਾਸ਼ ਰਹਿਤ।ਕਾਲੁ– ਮੌਤ।ਨ ਸੰਤਾਈ–ਦੁੱਖ ਨਹੀਂ ਦੇਂਦੀ।੧੪।ਆਪੁ–ਆਪਣਾ ਆਪ।ਕਰਤਾਰੇ–ਕਰਤਾਰ ਨੇ।ਗੁਰਮੁਖਿ–ਗੁਰੂ ਰਾਹੀਂ।ਕੋਟਿ–ਕ੍ਰੋੜਾਂ ਹੀ। ਅਸੰਖ–ਅਣਗਿਣਤ।ਉਧਾਰੇ–ਤਾਰ ਦਿਤੇ ਹਨ।ਸਰਬ ਜੀਅ–ਸਾਰੇ ਜੀਵਾਂ ਦਾ।ਜਗ ਜੀਵਨੁ–ਜਗਤ ਨੂੰ ਜੀਵਨ ਦੇਣ ਵਾਲਾ।ਕਾਈ– ਕੋਈ।੧੫।ਸਗਲੇ–ਸਾਰੇ ਜੀਵ।ਜਾਚਹਿ–ਮੰਗਦੇ ਹਨ।ਗੁਰ ਭੰਡਾਰੀ–ਗੁਰੂ ਦੇ ਭੰਡਾਰ ਵਿਚੋਂ।ਨਿਰੰਜਨੁ–ਮਾਇਆ ਤੋਂ ਰਹਿਤ।ਅਲਖ –ਪੂਰਨ ਤੌਰ ਤੇ ਸਮਝ ਵਿਚ ਨਾ ਆਉਣ ਵਾਲਾ।ਅਪਾਰੀ–ਬੇਅੰਤ।ਮੈ–ਮੈਨੂੰ।ਰਜਾਈ–ਹੇ ਰਜ਼ਾ ਦੇ ਮਾਲਕ ਪ੍ਰਭੂ!।੧੬।੪।

ਮਾਰੂ ਮਹਲਾ ੧ ॥ ਸਾਚੈ ਮੇਲੇ ਸਬਦਿ ਮਿਲਾਏ ॥ ਜਾ ਤਿਸੁ ਭਾਣਾ ਸਹਜਿ ਸਮਾਏ ॥ ਤ੍ਰਿਭਵਣ ਜੋਤਿ ਧਰੀ ਪਰਮੇਸਰਿ, ਅਵਰੁ ਨ ਦੂਜਾ ਭਾਈ ਹੇ ॥੧॥ ਜਿਸ ਕੇ ਚਾਕਰ ਤਿਸ ਕੀ ਸੇਵਾ ॥ ਸਬਦਿ ਪਤੀਜੈ ਅਲਖ ਅਭੇਵਾ ॥ ਭਗਤਾ ਕਾ ਗੁਣਕਾਰੀ ਕਰਤਾ, ਬਖਸਿ ਲਏ ਵਡਿਆਈ ਹੇ ॥੨॥ ਦੇਦੇ ਤੋਟਿ ਨ ਆਵੈ ਸਾਚੇ ॥ ਲੈ ਲੈ ਮੁਕਰਿ ਪਉਦੇ ਕਾਚੇ ॥ ਮੂਲੁ ਨ ਬੂਝਹਿ ਸਾਚਿ ਨ ਰੀਝਹਿ, ਦੂਜੈ ਭਰਮਿ ਭੁਲਾਈ ਹੇ ॥੩॥ ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥ ਸਾਚੇ ਕੀ ਲਿਵ ਗੁਰਮਤਿ ਜਾਤੀ ॥ ਮਨਮੁਖ ਸੋਇ ਰਹੇ ਸੇ ਲੂਟੇ, ਗੁਰਮੁਖਿ ਸਾਬਤ ਭਾਈ ਹੇ ॥੪॥ ਕੂੜੇ ਆਵੈ ਕੂੜੇ ਜਾਵੈ ॥ ਕੂੜੇ ਰਾਤੀ ਕੂੜੁ ਕਮਾਵੈ ॥ ਸਬਦਿ ਮਿਲੇ ਸੇ ਦਰਗਹ ਪੈਧੇ, ਗੁਰਮੁਖਿ ਸੁਰਤਿ ਸਮਾਈ ਹੇ ॥੫॥ ਕੂੜਿ ਮੁਠੀ ਠਗੀ ਠਗਵਾੜੀ ॥ ਜਿਉ ਵਾੜੀ ਓਜਾੜਿ ਉਜਾੜੀ ॥ ਨਾਮ ਬਿਨਾ ਕਿਛੁ ਸਾਦਿ ਨ ਲਾਗੈ, ਹਰਿ ਬਿਸਰਿਐ ਦੁਖੁ ਪਾਈ ਹੇ ॥੬॥ ਸੱਚੇ ਵਾਹਿਗੁਰੂ ਨੇ (ਜਿਹੜੇ ਮਨੁੱਖ ਅਪਣੇ ਨਾਲ) ਮੇਲੇ ਹਨ, (ਉਨ੍ਹਾਂ ਨੂੰ ਪ੍ਰਭੂ ਨੇ) ਗੁਰੂ ਦੇ ਸ਼ਬਦ ਦੁਆਰਾ ਹੀ ਮਿਲਾਇਆ ਹੈ। ਜਦ ਉਸ ਪ੍ਰਭੂ ਨੂੰ ਚੰਗਾ ਲੱਗਾ ਤਾਂ (ਉਹ ਮਨੁੱਖ) ਸ਼ਾਂਤ ਤੇ ਅਡੋਲ ਅਵਸਥਾ ਵਿਚ ਲੀਨ ਹੋ ਗਏ ਹਨ। ਪ੍ਰਮੇਸਰ ਨੇ ਤਿੰਨਾਂ ਭਵਨਾਂ ਵਿਚ ਚਾਨਣਾ ਕਰਨ ਵਾਲੀ ਜੋਤ ਸਾਰੇ ਜੀਵਾਂ ਅੰਦਰ ਰੱਖੀ ਹੋਈ ਹੈ, ਹੇ ਭਾਈ! (ਉਸ ਵਰਗਾ) ਦੂਜਾ ਹੋਰ ਕੋਈ ਨਹੀਂ ਹੈ।੧।(ਜੋ ਸਿੱਖ) ਜਿਸ ਪ੍ਰਭੂ ਦੇ ਸੇਵਕ ਹਨ, (ਉਹ) ਉਸ ਪ੍ਰਭੂ ਦੀ ਸੇਵਾ ਭਗਤੀ ਹੀ ਕਰਦੇ ਹਨ।(ਅਤੇ ਉਹ ਗੁਰੂ ਦੇ) ਸ਼ਬਦ ਵਿਚ ਜੁੜਦੇ ਹਨ, (ਉਨ੍ਹਾਂ ਦੀ ਸੇਵਾ ਭਗਤੀ ਤੇ) ਲੱਖਤਾ ਤੋਂ ਰਹਿਤ ਅਤੇ ਭੇਦ ਤੋਂ ਰਹਿਤ ਪ੍ਰਭੂ ਪ੍ਰਸੰਨ ਹੁੰਦਾ ਹੈ। ਉਹ ਕਰਤਾ ਪੁਰਖ ਭਗਤਾਂ ਦਾ ਭਲਾ ਕਰਨ ਵਾਲਾ ਹੈ, (ਉਸ ਨੇ ਭਗਤਾਂ ਦੇ ਅਉਗਣ) ਬਖਸ਼ ਲਏ ਹਨ, (ਇਹ ਉਸ ਦੀ) ਵਡਿਆਈ ਹੈ।੨।(ਜੀਵਾਂ ਨੂੰ) ਦਾਤਾਂ ਦੇਂਦਿਆਂ ਸੱਚੇ ਪ੍ਰਭੂ ਦੇ ਭੰਡਾਰਿਆਂ ਕੋਈ ਤੋਟ ਨਹੀਂ ਆਉਂਦੀ।(ਪਰ) ਕੱਚੇ ਨਿਸ਼ਚੇ ਵਾਲੇ (ਮਨਮੁਖ ਬੰਦੇ ਉਸ ਤੋਂ) ਦਾਤਾਂ ਲੈ ਲੈ ਕੇ ਮੁਕਰ ਪੈਂਦੇ ਹਨ।(ਕਿਉਂਕਿ ਉਹ ਅਪਣੇ ਜੀਵਨ ਦੇ) ਮੂਲ ਪ੍ਰਭੂ ਨੂੰ ਨਹੀਂ ਸਮਝਦੇ, ਸੱਚ ਨਾਲ ਖੁਸ਼ ਨਹੀਂ ਹੁੰਦੇ, ਦ੍ਵੈਤ ਭਾਵ ਨੇ (ਉਨ੍ਹਾਂ ਦੀ ਬੁੱਧੀ) ਭਰਮ ਵਿਚ ਭੁਲਾਈ ਹੋਈ ਹੈ।੩।ਗੁਰਮੁਖ ਗਿਆਨ ਅਵਸਥਾ ਵਿਚ ਦਿਨ ਰਾਤ ਜਾਗਦੇ ਰਹਿੰਦੇ ਹਨ (ਤਾਂ ਕਿ ਕਾਮਾਦਿਕ ਉਨ੍ਹਾਂ ਦੇ ਦੈਵੀ ਗੁਣਾਂ ਨੂੰ ਲੁੱਟ ਨਾ ਲੈਣ। ਉਨ੍ਹਾਂ ਨੇ) ਸੱਚੇ ਪ੍ਰਭੂ ਨਾਲ ਲਿਵ ਜੋੜਨ ਦੀ ਵਿਧੀ ਗੁਰੂ ਦੀ ਸਿੱਖਿਆ ਦੁਆਰਾ ਜਾਣੀ ਹੈ। ਮਨਮੁਖ ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤੇ ਰਹਿੰਦੇ ਹਨ, ਉਹ ਕਾਮਾਦਿਕ ਚੋਰਾਂ ਨੇ ਲੁੱਟ ਲਏ ਹਨ, ਹੇ ਭਾਈ! ਗੁਰਮੁਖ ਸਹੀ ਸਲਾਮਤ ਹਨ (ਅਪਣੀ ਦੈਵੀ ਗੁਣਾਂ ਦੀ ਪੂੰਜੀ ਕਾਮਾਦਿਕਾਂ ਤੋਂ ਬਚਾਈ ਰਖਦੇ ਹਨ)।੪। ਝੂਠੇ ਮਨੁੱਖ (ਸੰਸਾਰ ਵਿਚ ਜਨਮ ਲੈ ਕੇ) ਆਉਂਦੇ ਹਨ ਅਤੇ ਝੂਠ ਵਿਚ ਹੀ (ਪ੍ਰਲੋਕ ਨੂੰ) ਚਲੇ ਜਾਂਦੇ ਹਨ।(ਉਨ੍ਹਾਂ ਦੀ ਬਿਰਤੀ) ਝੂਠ ਵਿਚ ਰੰਗੀ ਹੋਈ ਝੂਠ ਹੀ ਕਮਾਉਂਦੀ ਹੈ।(ਜੋ ਮਨੁੱਖ ਗੁਰੂ ਦੇ) ਸ਼ਬਦ ਵਿਚ ਜੁੜ ਕੇ ਪ੍ਰਭੂ ਨੂੰ ਮਿਲੇ ਹਨ, ਉਹ ਰੱਬੀ ਦਰਗਾਹ ਵਿਚ ਸਿਰੋਪਾ (ਮਾਣ) ਪ੍ਰਾਪਤ ਕਰਦੇ ਹਨ, (ਕਿਉਂਕਿ ਉਨ੍ਹਾਂ ਦੀ ਸੁਰਤ) ਗੁਰੂ ਦੁਆਰਾ ਪ੍ਰਭੂ ਵਿਚ ਸਮਾਈ ਰਹਿੰਦੀ ਹੈ।੫। ਝੂਠ ਦੁਆਰਾ ਲੁੱਟੀ ਹੋਈ ਜੀਵ ਇਸਤ੍ਰੀ ਕਾਮਾਦਿਕ ਠੱਗ ਮੰਡਲੀ ਨੇ ਠੱਗ ਲਈ ਹੈ। ਜਿਵੇਂ ਪਸ਼ੂ ਆਦਿ ਬਗੀਚਾ ਉਜਾੜ ਦੇਂਦੇ ਹਨ, ਤਿਵੇਂ ਸਰੀਰ ਵਾੜੀ ਉਜੜ ਗਈ ਹੈ (ਸ਼ਬਦਾਰਥ; ਗੁ. ਗ੍ਰੰ. ਕੋਸ਼)। ਨਾਮ ਤੋਂ ਬਿਨਾ ਕੁਛ (ਕੋਈ ਪਦਾਰਥ) ਵੀ ਸੁਆਦ ਨਹੀਂ ਲਗਦਾ, ਹਰੀ ਦਾ ਨਾਮ ਭੁੱਲ ਜਾਣ ਕਰਕੇ (ਉਹ ਜੀਵ ਇਸਤ੍ਰੀ) ਦੁੱਖ ਹੀ ਪਾਉਂਦੀ ਹੈ।੬।

ਪਦਾਰਥ = ਸਾਚੈ–ਸੱਚੇ ਪ੍ਰਭੂ ਨੇ। ਮੇਲੇ–ਮਿਲਾਏ ਹਨ। ਸਬਦਿ–ਸ਼ਬਦ ਦੁਆਰਾ। ਜਾ–ਜਦੋਂ। ਤਿਸੁ–ਉਸ ਪ੍ਰਭੂ ਨੂੰ। ਭਾਣਾ–ਚੰਗਾ ਲੱਗਾ। ਸਹਜਿ–ਸ਼ਾਤ ਅਤੇ ਅਡੋਲ ਅਵਸਥਾ। ਸਮਾਏ–ਲੀਨ ਹੋ ਗਏ। ਤ੍ਰਿਭਵਣ–ਤਿੰਨਾਂ ਭਵਨਾਂ ਵਿਚ। ਧਰੀ–ਰੱਖੀ ਹੈ। ਪਰਮੇਸਰਿ–ਪ੍ਰਮੇਸਰ ਨੇ। ਅਵਰੁ–ਹੋਰ ਕੋਈ। ਭਾਈ ਹੇ–ਹੇ ਭਾਈ!।੧। ਜਿਸ ਕੇ–ਜਿਸ ਪ੍ਰਭੂ ਦੇ। ਚਾਕਰ–ਸੇਵਕ। ਤਿਸ ਕੀ–ਉਸ ਦੀ। ਪਤੀਜੈ–ਪ੍ਰਸੰਨ ਹੁੰਦਾ ਹੈ। ਅਲਖ–ਪੂਰਨ ਤੌਰ ਤੇ ਨਾ ਜਾਣਿਆ ਜਾਣ ਵਾਲਾ ਪ੍ਰਭੂ। ਅਭੇਵਾ–ਭੇਦ ਰਹਿਤ। ਗੁਣਕਾਰੀ–ਭਲਾ ਕਰਨ ਵਾਲਾ; ਗੁਣ ਦੇਣ ਵਾਲਾ। ਕਰਤਾ–ਕਰਤਾ ਪੁਰਖ।੨। ਦੇਦੇ–ਦੇਂਦਿਆਂ। ਸਾਚੇ–ਸੱਚੇ ਪ੍ਰਭੂ ਦੇ (ਭੰਡਾਰਿਆਂ ਵਿਚ)। ਤੋਟਿ–ਘਾਟਾ; ਕਮੀ। ਲੈ ਲੈ–ਲੈ ਲੈ ਕੇ। ਕਾਚੇ–ਸ਼ਰਧਾ ਹੀਣ ਮਨੁੱਖ; ਵਿਸ਼ਵਾਸ ਹੀਣ। ਮੂਲੁ–ਮੁੱਢ ਪ੍ਰਭੂ ਨੂੰ। ਨ ਬੂਝਹਿ–ਨਹੀਂ ਸਮਝਦੇ। ਸਾਚਿ–ਸੱਚ ਨਾਲ। ਨ ਰੀਝਹਿ–ਖੁਸ਼ ਨਹੀਂ ਹੁੰਦੇ। ਦੂਜੈ–ਦ੍ਵੈਤ ਭਾਵ ਵਿਚ।੩। ਜਾਗਿ ਰਹੇ–ਜਾਗਦੇ ਰਹਿੰਦੇ ਹਨ। ਗੁਰਮਤਿ–ਗੁਰੂ ਦੀ ਸਿੱਖਿਆ ਰਾਹੀਂ। ਜਾਤੀ–ਜਾਣੀ ਹੈ। ਸੋਇ ਰਹੇ–ਸੁੱਤੇ ਰਹਿੰਦੇ ਹਨ। ਸੇ–ਉਹ। ਸਾਬਤੁ–ਸਹੀ ਸਲਾਮਤ।੪। ਕੂੜੇ–ਝੂਠੇ ਮਨੁੱਖ; ਝੂਠ ਵਿਚ। ਆਵੈ–ਜਨਮ ਲੈ ਕੇ ਆਉਂਦੇ ਹਨ। ਜਾਵੈ–ਮਰ ਕੇ ਚਲੇ ਜਾਂਦੇ ਹਨ। ਰਾਤੀ–ਰੰਗੀ ਹੋਈ। ਸੇ–ਉਹ। ਪੈਧੇ–ਸਿਰੋਪਾ ਹਾਸਲ ਕਰਦੇ ਹਨ। ਸਮਾਈ–ਲੀਨ ਹੈ।੫। ਕੂੜਿ–ਝੂਠ ਦੁਆਰਾ। ਮੁਠੀ–ਲੁੱਟੀ ਹੋਈ (ਜੀਵ ਇਸਤ੍ਰੀ)। ਠਗੀ–ਠੱਗ ਲਈ ਹੈ। ਠਗਵਾੜੀ–ਠੱਗਾਂ ਦੀ ਮੰਡਲੀ ਨੇ। ਵਾੜੀ–ਖੇਤੀ; ਬਗੀਚੀ। ਓਜਾੜਿ–ਉਜਾੜਨ ਵਾਲੇ (ਪਸ਼ੂ ਜਾਂ ਧਾੜਵੀ)। ਉਜਾੜੀ–ਉਜਾੜ ਦੇਂਦੇ ਹਨ। ਸਾਦਿ–ਸੁਆਦ। ਹਰਿ ਬਿਸਰਿਐ–ਹਰੀ ਦਾ ਨਾਮ ਭੁੱਲ ਜਾਣ ਕਰਕੇ। ਪਾਈ–ਪਾਉਂਦੀ ਹੈ।੬।

ਭੋਜਨੁ ਸਾਚੁ ਮਿਲੈ ਆਘਾਈ ॥ ਨਾਮ ਰਤਨੁ ਸਾਚੀ ਵਡਿਆਈ ॥ ਚੀਨੈ ਆਪੁ ਪਛਾਣੈ ਸੋਈ, ਜੋਤੀ ਜੋਤਿ ਮਿਲਾਈ ਹੇ ॥੭॥ (ਜਿਸ ਮਨੁੱਖ ਨੂੰ) ਸੱਚਾ ਨਾਮ ਰੂਪ ਭੋਜਨ ਮਿਲਦਾ ਹੈ, (ਉਹ) ਰੱਜ ਜਾਂਦਾ ਹੈ। ਪ੍ਰਭੂ ਦਾ ਨਾਮ ਅਮੋਲਕ ਰਤਨ ਹੈ, (ਜੋ ਮਨੁੱਖ ਨੂੰ) ਸੱਚੀ ਵਡਿਆਈ ਦੇਂਦਾ ਹੈ। (ਜੋ ਮਨੁੱਖ) ਅਪਣੇ ਆਪ ਨੂੰ ਜਾਣ ਲੈਂਦਾ ਹੈ, ਉਹ ਹੀ ਹਰੀ ਨੂੰ ਪਛਾਣਦਾ ਹੈ, (ਉਸ ਦੀ) ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲ ਜਾਂਦੀ ਹੈ।੭।

ਅੰਗ ੧੦੨੫ = ਨਾਵਹੁ ਭੁਲੀ ਚੋਟਾ ਖਾਏ ॥ ਬਹੁਤੁ ਸਿਆਣਪ ਭਰਮੁ ਨ ਜਾਏ ॥ ਪਚਿ ਪਚਿ ਮੁਏ ਅਚੇਤ ਨ ਚੇਤਹਿ, ਅਜਗਰਿ ਭਾਰਿ ਲਦਾਈ ਹੇ ॥੮॥ ਬਿਨੁ ਬਾਦ ਬਿਰੋਧਹਿ ਕੋਈ ਨਾਹੀ ॥ ਮੈ ਦਿਖਾਲਿਹੁ ਤਿਸੁ ਸਾਲਾਹੀ ॥ ਮਨੁ ਤਨੁ ਅਰਪਿ ਮਿਲੈ ਜਗਜੀਵਨੁ ,ਹਰਿ ਸਿਉ ਬਣਤ ਬਣਾਈ ਹੇ ॥੯॥ ਪ੍ਰਭ ਕੀ ਗਤਿ ਮਿਤਿ ਕੋਈ ਨ ਪਾਵੈ ॥ ਜੇ ਕੋ ਵਡਾ ਕਹਾਇ ਵਡਾਈ ਖਾਵੈ ॥ ਸਾਚੇ ਸਾਹਿਬ ਤੋਟਿ ਨ ਦਾਤੀ, ਸਗਲੀ ਤਿਨਹਿ ਉਪਾਈ ਹੇ ॥੧੦॥ ਵਡੀ ਵਡਿਆਈ ਵੇਪਰਵਾਹੇ ॥ ਆਪਿ ਉਪਾਏ ਦਾਨੁ ਸਮਾਹੇ ॥ ਆਪਿ ਦਇਆਲੁ ਦੂਰਿ ਨਹੀ ਦਾਤਾ, ਮਿਲਿਆ ਸਹਜਿ ਰਜਾਈ ਹੇ ॥੧੧॥ ਹਰੀ ਦੇ ਨਾਮ ਤੋਂ ਭੁਲੀ ਜੀਵ ਇਸਤ੍ਰੀ ਜਮਾਂ ਦੀਆਂ ਚੋਟਾਂ ਖਾਂਦੀ ਹੈ। (ਵਿਹਾਰਾਂ ਵਿਚ ਭਾਵੇਂ ਉਹ) ਬਹੁਤ ਸਿਆਣਪ ਰੱਖਦੀ ਹੈ, (ਪਰ ਸਿਆਣਪ ਨਾਲ ਉਸ ਦਾ) ਭਰਮ ਦੂਰ ਨਹੀਂ ਹੁੰਦਾ। ਜੋ ਬੇਸਮਝ ਮਨੁੱਖ ਹਰੀ ਦਾ ਨਾਮ ਨਹੀਂ ਸਿਮਰਦੇ, ਉਹ ਪਾਪਾਂ ਦੇ ਵੱਡੇ ਭਾਰ ਨਾਲ ਲੱਦੇ ਰਹਿੰਦੇ ਹਨ ਅਤੇ ਸੜ ਸੜ ਕੇ ਮਰਦੇ ਹਨ (ਬਹੁਤ ਦੁਖੀ ਹੁੰਦੇ ਹਨ)।੮। (ਦੁਨੀਆਂ ਵਿਚ) ਝਗੜਿਆਂ ਅਤੇ ਵੈਰ ਵਿਰੋਧ ਤੋਂ ਖਾਲੀ ਕੋਈ ਮਨੁੱਖ ਨਹੀਂ ਹੈ। (ਜੇ ਕੋਈ ਮਨੁੱਖ ਹੈ? ਤਾਂ) ਮੈਨੂੰ ਦਿਖਾ ਦਿਓ, ਮੈਂ ਉਸ ਦੀ ਸਿਫਤ ਕਰਾਂਗਾ। (ਹੇ ਭਾਈ!) ਮਨ ਤੇ ਤਨ ਭੇਟਾ ਕਰਨ ਨਾਲ ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ ਮਿਲਦਾ ਹੈ ਅਤੇ ਹਰੀ ਨਾਲ ਸਬੰਧ ਬਣਦਾ ਹੈ।੯। ਪ੍ਰਭੂ ਦੀ ਅਵਸਥਾ ਦਾ ਕੋਈ ਵੀ ਮਨੁੱਖ ਅੰਦਾਜਾ ਨਹੀਂ ਪਾ ਸਕਦਾ। ਜੇ ਕੋਈ ਮਨੁੱਖ (ਅਪਣੇ ਆਪ ਨੂੰ) ਵੱਡਾ ਕਹਾਉਂਦਾ ਹੈ, (ਉਸ ਨੂੰ ਉਸ ਦਾ) ਵਡੱਪਣ ਖਾ ਜਾਂਦਾ (ਗਰਕ ਕਰ ਦੇਂਦਾ) ਹੈ। ਸੱਚੇ ਮਾਲਕ ਪਾਸ ਦਾਤਾਂ ਵਿਚ ਕੋਈ ਘਾਟ ਨਹੀਂ ਆਉਂਦੀ, ਸਾਰੀ ਸ੍ਰਿਸਟੀ ਉਸ ਨੇ ਹੀ ਪੈਦਾ ਕੀਤੀ ਹੈ (ਪੈਦਾ ਕਰਕੇ ਸਭ ਨੂੰ ਪਾਲਦਾ ਹੈ)।੧੦। ਵੇਪ੍ਰਵਾਹ ਪ੍ਰਭੂ ਦੀ ਵਡਿਆਈ ਵੱਡੀ ਹੈ। (ਸਾਰੇ ਜੀਵ ਉਸ ਨੇ) ਆਪ ਹੀ ਪੈਦਾ ਕੀਤੇ ਹਨ ਅਤੇ (ਉਹ ਆਪ ਸਾਰੇ ਜੀਵਾਂ ਨੂੰ) ਦਾਨ ਪਹੁੰਚਾ ਰਿਹਾ ਹੈ। ਰਜ਼ਾ ਵਾਲਾ ਪ੍ਰਭੂ ਜਿਸ ਮਨੁੱਖ ਨੂੰ ਮਿਲਿਆ ਹੈ, ਸੁਤੇ ਸਿੱਧ ਹੀ ਮਿਲਿਆ ਹੈ, (ਕਿਉਂਕਿ ਉਹ ਸਾਥੋਂ) ਦੂਰ ਨਹੀਂ, ਉਹ ਆਪ ਦਇਆ ਦਾ ਘਰ ਹੈ ,(ਸਾਰੇ ਜੀਵਾਂ ਨੂੰ) ਦਾਤਾਂ ਦੇਣ ਵਾਲਾ ਹੈ।੧੧।

ਪਦਾਰਥ = ਸਾਚੁ–ਸੱਚਾ ਨਾਮ। ਆਘਾਈ–ਰੱਜ ਜਾਂਦਾ ਹੈ। ਚੀਨੈ–ਜਾਣਦਾ ਹੈ। ਸੋਈ–ਉਹ। ਜੋਤੀ–ਪ੍ਰਭੂ ਦੀ ਜੋਤ ਵਿਚ। ਜੋਤਿ–ਆਤਮ ਜੋਤ।੭। ਨਾਵਹੁ–ਨਾਮ ਤੋਂ। ਨ ਜਾਏ–ਦੂਰ ਨਹੀਂ ਹੁੰਦਾ। ਚੋਟਾ–(ਜਮਾਂ ਦੀਆਂ) ਸੱਟਾਂ। ਪਚਿ ਪਚਿ–ਸੜ ਸੜ ਕੇ। ਮੁਏ–ਮਰਦੇ ਹਨ। ਅਚੇਤ–ਬੇਸਮਝ ਮਨੁੱਖ। ਨ ਚੇਤਹਿ–ਸਿਮਰਦੇ ਨਹੀਂ। ਅਜਗਰਿ ਭਾਰਿ–ਬਹੁਤ ਵੱਡੇ ਭਾਰ ਨਾਲ। ਲਦਾਈ ਹੇ–ਲੱਦੇ ਰਹਿੰਦੇ ਹਨ।੮। ਬਾਦ–ਝਗੜੇ। ਬਿਰੋਧਹਿ–ਵਿਰੋਧ। ਮੈ–ਮੈਨੂੰ। ਦਿਖਾਲਿਹੁ–ਦਿਖਾਓ। ਸਾਲਾਹੀ–ਸਿਫਤ ਕਰਾਂਗਾ। ਤਨੁ–ਸਰੀਰ। ਅਰਪਿ–ਭੇਟਾ ਕਰਨ ਨਾਲ। ਜਗਜੀਵਨੁ–ਜਗਤ ਨੂੰ ਜੀਵਨ ਦੇਣ ਵਾਲਾ। ਸਿਉ–ਨਾਲ। ਬਣਤ ਬਣਾਈ ਹੇ–ਸਬੰਧ ਬਣਦਾ ਹੈ।੯। ਗਤਿ–ਅਵਸਥਾ। ਮਿਤਿ–ਅੰਦਾਜਾ। ਕੋ–ਕੋਈ (ਮਨੁੱਖ)। ਵਡਾਈ–ਵਡੱਪਣ; ਮਾਣ। ਖਾਵੈ–ਖਾ ਜਾਂਦਾ ਹੈ। ਤੋਟਿ–ਘਾਟਾ। ਦਾਤੀ–ਦਾਤਾਂ ਵਿਚ। ਤਿਨਹਿ–ਉਸ ਨੇ ਹੀ। ਉਪਾਈ ਹੇ–ਪੈਦਾ ਕੀਤੀ ਹੈ।੧੦। ਸਮਾਹੇ–ਪਹੁੰਚਾਉਂਦਾ ਹੈ। ਸਹਜਿ–ਸੁਤੇ ਸਿੱਧ ਹੀ। ਰਜਾਈ–ਰਜ਼ਾ ਵਾਲਾ।੧੧।

ਇਕਿ ਸੋਗੀ ਇਕਿ ਰੋਗਿ ਵਿਆਪੇ ॥ ਜੋ ਕਿਛੁ ਕਰੇ ਸੁ ਆਪੇ ਆਪੇ ॥ ਭਗਤਿ ਭਾਉ ਗੁਰ ਕੀ ਮਤਿ ਪੂਰੀ, ਅਨਹਦਿ ਸਬਦਿ ਲਖਾਈ ਹੇ ॥੧੨॥ ਇਕਿ ਨਾਗੇ ਭੂਖੇ ਭਵਹਿ ਭਵਾਏ ॥ ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ॥ ਗਤਿ ਅਵਗਤਿ ਕੀ ਸਾਰ ਨ ਜਾਣੈ, ਬੂਝੈ ਸਬਦੁ ਕਮਾਈ ਹੇ ॥੧੩॥ ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ ॥ ਇਕਿ ਅਗਨਿ ਜਲਾਵਹਿ ਦੇਹ ਖਪਾਵਹਿ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ, ਕਿਤੁ ਬਿਧਿ ਪਾਰਿ ਲੰਘਾਈ ਹੇ ॥੧੪॥ ਗੁਰਮਤਿ ਛੋਡਹਿ ਉਝੜਿ ਜਾਈ ॥ ਮਨਮੁਖਿ ਰਾਮੁ ਨ ਜਪੈ ਅਵਾਈ ॥ ਪਚਿ ਪਚਿ ਬੂਡਹਿ ਕੂੜੁ ਕਮਾਵਹਿ, ਕੂੜਿ ਕਾਲੁ ਬੈਰਾਈ ਹੇ ॥੧੫॥ ਹੁਕਮੇ ਆਵੈ ਹੁਕਮੇ ਜਾਵੈ ॥ ਬੂਝੈ ਹੁਕਮੁ ਸੋ ਸਾਚਿ ਸਮਾਵੈ ॥ ਨਾਨਕ ਸਾਚੁ ਮਿਲੈ ਮਨਿ ਭਾਵੈ, ਗੁਰਮੁਖਿ ਕਾਰ ਕਮਾਈ ਹੇ ॥੧੬॥੫॥ (ਹੇ ਭਾਈ!) ਕਈ ਜੀਵ ਸੋਗ ਵਿਚ ਗ੍ਰਸੇ ਹੋਏ ਹਨ ਅਤੇ ਕਈ ਰੋਗ ਵਿਚ ਫਸੇ ਹੋਏ ਹਨ। ਜੋ ਕੁਛ ਕਰਦਾ ਹੈ, ਉਹ ਪ੍ਰਭੂ ਆਪ ਹੀ ਆਪ ਕਰਦਾ ਹੈ। (ਜੋ ਮਨੁੱਖ) ਗੁਰੂ ਦੀ ਪੂਰੀ ਮੱਤ ਲੈ ਕੇ ਪ੍ਰੇਮਾ ਭਗਤੀ ਕਰਦਾ ਹੈ, (ਪ੍ਰਭੂ ਉਸ ਨੂੰ ਗੁਰੂ ਦੇ) ਇਕ ਰਸ ਸ਼ਬਦ ਦੁਆਰਾ ਆਪਣੇ ਆਪ ਦੀ ਜਾਣਕਾਰੀ ਕਰਾ ਦੇਂਦਾ ਹੈ।੧੨। ਅਨੇਕਾਂ ਮਨੁੱਖ ਪਿਛਲੇ ਜਨਮਾਂ ਦੇ ਕਰਮਾਂ ਦੇ ਭਵਾਏ ਹੋਏ ਨੰਗੇ ਤੇ ਭੁੱਖੇ ਫਿਰਦੇ ਹਨ। ਅਨੇਕਾਂ ਮਨੁੱਖ ਹਠ ਕਰਕੇ ਮਰ ਜਾਂਦੇ ਹਨ, (ਪਰ ਫਿਰ ਵੀ) ਪ੍ਰਭੂ ਦੀ ਕੀਮਤ ਨਹੀਂ ਪਾ ਸਕਦੇ। (ਅਜੇਹਾ ਮਨੁੱਖ) ਚੰਗੇ ਮੰਦੇ ਦੀ ਸਾਰ ਨਹੀਂ ਜਾਣਦਾ, ਪ੍ਰਭੂ ਨੂੰ (ਉਹ ਹੀ

ਮਨੁੱਖ) ਜਾਣਦਾ ਹੈ, ਜੋ ਗੁਰੂ ਦੇ ਸ਼ਬਦ ਨੂੰ ਕਮਾਉਂਦਾ ਹੈ।੧੩।ਕਈ ਮਨੁੱਖ ਤੀਰਥਾਂ ਤੇ ਨ੍ਹਾਉਂਦੇ ਹਨ ਤੇ (ਕਈ ਦੂਧਾਧਾਰੀ ਮਨੁੱਖ) ਅੰਨ ਨਹੀਂ ਖਾਂਦੇ।ਕਈ ਅੱਗ ਜਲਾਉਂਦੇ (ਧੂਣੀਆਂ ਤਪਾਉਂਦੇ) ਹਨ ਅਤੇ ਦੇਹ ਨੂੰ (ਤਪ ਦਾ) ਕਸ਼ਟ ਦੇਂਦੇ ਹਨ।ਪਰ) ਪ੍ਰਭੂ ਦੇ ਨਾਮ ਤੋਂ ਬਿਨਾ ਮੁਕਤੀ ਪ੍ਰਾਪਤ ਨਹੀਂ ਹੁੰਦੀ, (ਮਨੁੱਖ) ਕਿਸ ਤਰੀਕੇ ਨਾਲ ਭਵਜਲ ਤੋਂ ਪਾਰ ਲੰਘ ਸਕਦਾ ਹੈ? (ਪਾਰ ਨਹੀਂ ਹੋ ਸਕਦਾ)।੧੪।ਕਈ ਮਨੁੱਖ ਗੁਰਮਤ ਦਾ ਰਸਤਾ ਛਡ ਦੇਂਦੇ ਹਨ ਅਤੇ ਉਜਾੜ ਵਿਚ ਚਲੇ ਜਾਂਦੇ ਹਨ; ਕੁਰਾਹੇ ਪੈ ਜਾਂਦੇ ਹਨ।ਮਨਮੁਖ ਕੱਬੇ ਹਨ, ਪ੍ਰਭੂ ਨੂੰ ਨਹੀਂ ਜਪਦੇ।(ਉਹ) ਕੂੜ ਕਮਾਉਂਦੇ ਹਨ ਅਤੇ ਖਪ ਖਪ ਕੇ ਭਵਜਲ ਵਿਚ ਡੁਬ ਜਾਂਦੇ ਹਨ, ਕੂੜ ਦੇ ਕਾਰਨ ਕਾਲ (ਉਨ੍ਹਾਂ ਦਾ) ਵੈਰੀ ਬਣ ਜਾਂਦਾ ਹੈ।੧੫।(ਹਰੇਕ ਜੀਵ ਸੰਸਾਰ ਵਿਚ) ਪ੍ਰਭੂ ਦੇ ਹੁਕਮ ਨਾਲ ਜਨਮ ਲੈ ਕੇ ਆਉਂਦਾ ਹੈ ਅਤੇ (ਉਸ ਦੇ) ਹੁਕਮ ਨਾਲ ਹੀ (ਸੰਸਾਰ ਵਿਚੋਂ) ਚਲੇ ਜਾਂਦਾ ਹੈ।(ਜੋ ਮਨੁੱਖ) ਪ੍ਰਭੂ ਦੇ ਹੁਕਮ ਨੂੰ ਸਮਝ ਲੈਂਦਾ ਹੈ, ਉਹ ਸੱਚੇ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ) ਗੁਰੂ ਦੁਆਰਾ ਨਾਮ ਜਪਣ ਦੀ ਕਾਰ ਕਮਾਈ ਹੈ ਅਤੇ (ਜਿਸ ਦੇ) ਮਨ ਵਿਚ ਪ੍ਰਭੂ ਪਿਆਰਾ ਲਗਦਾ ਹੈ, (ਉਸ ਨੂੰ) ਸੱਚਾ ਪ੍ਰਭੂ ਮਿਲਦਾ ਹੈ।੧੬।੫।

ਪਦਾਰਥ = ਇਕਿ–ਅਨੇਕਾਂ ਜੀਵ।ਸੋਗੀ–ਸੋਗ ਵਿਚ ਗ੍ਰਸੇ ਹੋਏ।ਰੋਗਿ ਵਿਆਪੇ–ਰੋਗ ਵਿਚ ਫਸੇ ਹੋਏ ਹਨ।ਭਗਤਿ ਭਾਉ–ਪ੍ਰੇਮਾ ਭਗਤੀ।ਮਤਿ–ਸਿੱਖਿਆ।ਅਨਹਦਿ ਸਬਦਿ–ਇਕ ਰਸ ਸ਼ਬਦ ਦੁਆਰਾ।ਲਖਾਈ ਹੇ–ਜਾਣਕਾਰੀ ਕਰਾ ਦੇਂਦਾ ਹੈ।੧੨।ਨਾਗੇ–ਨੰਗੇ।ਭਵਹਿ–ਭੌਂਦੇ ਫਿਰਦੇ ਹਨ।ਭਵਾਏ–ਭਟਕਾਏ ਹੋਏ।ਗਤਿ ਅਵਗਤਿ–ਚੰਗੇ ਮੰਦੇ ਦੀ।ਸਾਰ–ਕਦਰ; ਅਸਲੀਅਤ।ਕਮਾਈ–ਕਮਾਉਂਦਾ ਹੈ।੧੩।ਤੀਰਥਿ–ਤੀਰਥਾਂ ਉਤੇ।ਦੇਹ–ਸਰੀਰ।ਖਪਾਵਹਿ–ਕਸ਼ਟ ਦੇਂਦੇ ਹਨ।ਕਿਤ ਬਿਧਿ–ਕਿਸ ਤਰੀਕੇ ਨਾਲ।੧੪।ਗੁਰਮਤਿ–ਗੁਰੂ ਦਾ ਰਸਤਾ।ਉਝੜਿ–ਔਝੜਾਂ ਵਿਚ; ਕੁਰਾਹੇ।ਮਨਮੁਖਿ–ਮਨਮਤੀਆ ਮਨੁੱਖ।ਅਵਾਈ–ਅਵੈੜੇ; ਆਪ ਮੁਹਾਰਾ; ਬਦਨਸੀਬ; ਕੱਬੇ।ਪਚਿ ਪਚਿ–ਖਪ ਕੇ; ਖੁਆਰ ਹੋ ਕੇ।ਬੂਡਹਿ–ਡੁਬ ਜਾਂਦੇ ਹਨ।ਕਾਲੁ–ਮੌਤ।ਬੈਰਾਈ–ਵੈਰੀ।੧੫।ਆਵੈ–ਜਨਮਦਾ ਹੈ।ਜਾਵੈ–(ਪ੍ਰਲੋਕ ਨੂੰ) ਚਲੇ ਜਾਂਦਾ ਹੈ।ਸੋ–ਉਹ।ਸਾਚਿ–ਸੱਚੇ ਪ੍ਰਭੂ ਵਿਚ।ਸਮਾਵੈ–ਲੀਨ ਹੋ ਜਾਂਦਾ ਹੈ।ਸਾਚੁ–ਸੱਚਾ ਪ੍ਰਭੂ।ਮਨਿ ਭਾਵੈ–ਮਨ ਵਿਚ ਪਿਆਰਾ ਲਗਦਾ ਹੈ।ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪੈ ਕੇ।ਕਾਰ–ਸਿਮਰਨ ਦੀ ਕਾਰ।੧੬।੫।

ਮਾਰੂ ਮਹਲਾ ੧ ॥ ਆਪੇ ਕਰਤਾ ਪੁਰਖੁ ਬਿਧਾਤਾ ॥ ਜਿਨਿ ਆਪੇ ਆਪਿ ਉਪਾਇ ਪਛਾਤਾ ॥ ਆਪੇ ਸਤਿਗੁਰੁ ਆਪੇ ਸੇਵਕੁ ,ਆਪੇ ਸ੍ਰਿਸਟਿ ਉਪਾਈ ਹੇ ॥੧॥ ਆਪੇ ਨੇੜੈ ਨਾਹੀ ਦੂਰੇ ॥ ਬੂਝਹਿ ਗੁਰਮੁਖਿ ਸੇ ਜਨ ਪੂਰੇ ॥ ਤਿਨ ਕੀ ਸੰਗਤਿ ਅਹਿਨਿਸਿ ਲਾਹਾ, ਗੁਰ ਸੰਗਤਿ ਏਹ ਵਡਾਈ ਹੇ ॥੨॥ ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ ॥ ਹਰਿ ਗੁਣ ਗਾਵਹਿ ਰਸਨ ਰਸੇਰੇ ॥ ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ,ਜਿਨ ਨਾਹੀ ਚਿੰਤ ਪਰਾਈ ਹੇ ॥੩॥ ਓਇ ਜਾਗਤ ਰਹਹਿ ਨ ਸੂਤੇ ਦੀਸਹਿ ॥ ਸੰਗਤਿ ਕੁਲ ਤਾਰੇ ਸਾਚੁ ਪਰੀਸਹਿ ॥ ਕਲਿਮਲ ਮੈਲੁ ਨਾਹੀ ਤੇ ਨਿਰਮਲ, ਓਇ ਰਹਹਿ ਭਗਤਿ ਲਿਵ ਲਾਈ ਹੇ ॥੪॥ ਬੂਝਹੁ ਹਰਿ ਜਨ ਸਤਿਗੁਰ ਬਾਣੀ ॥ ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ ॥ ਆਜੁ ਕਾਲਿ ਮਰਿ ਜਾਈਐ ਪ੍ਰਾਣੀ, ਹਰਿ ਜਪੁ ਜਪਿ ਰਿਦੈ ਧਿਆਈ ਹੇ ॥੫॥ ਛੋਡਹੁ ਪ੍ਰਾਣੀ ਕੂੜ ਕਬਾੜਾ ॥ ਕੂੜੁ ਮਾਰੇ ਕਾਲੁ ਉਛਾਹਾੜਾ ॥ ਸਾਕਤ ਕੂੜਿ ਪਚਹਿ ਮਨਿ ਹਉਮੈ, ਦੁਹੁ ਮਾਰਗਿ ਪਚੈ ਪਚਾਈ ਹੇ ॥੬॥ (ਹੇ ਭਾਈ!) ਸਰਬ ਵਿਆਪਕ ਕਰਤਾਰ ਆਪ ਹੀ ਸ੍ਰਿਸਟੀ ਦੀ ਰਚਨਾ ਕਰਨ ਵਾਲਾ ਹੈ।ਜਿਸ ਪ੍ਰਭੂ ਨੇ ਆਪ ਹੀ ਜੀਵਾਂ ਨੂੰ ਪੈਦਾ ਕਰਕੇ ਆਪ ਹੀ (ਉਨ੍ਹਾਂ ਦੇ) ਕਰਮਾਂ ਨੂੰ ਪਛਾਣਿਆ ਹੈ।ਪ੍ਰਭੂ ਆਪ ਹੀ ਸਤਿਗੁਰੂ ਰੂਪ ਹੈ, ਆਪ ਹੀ ਸੇਵਕ ਰੂਪ ਹੈ, (ਉਸ ਨੇ) ਆਪ ਹੀ ਸ੍ਰਿਸਟੀ ਪੈਦਾ ਕੀਤੀ ਹੈ।੧।(ਹੇ ਭਾਈ!) ਪ੍ਰਭੂ ਆਪ ਹੀ ਸਾਰੇ ਜੀਵਾਂ ਦੇ ਨੇੜੇ ਹੈ, (ਉਹ ਜੀਵਾਂ ਤੋਂ) ਦੂਰ ਨਹੀਂ।(ਜਿਹੜੇ ਮਨੁੱਖ ਇਸ ਗੱਲ ਨੂੰ) ਗੁਰੂ ਦੁਆਰਾ ਸਮਝ ਲੈਂਦੇ ਹਨ, ਉਹ ਪੂਰਨ ਗੁਣਵਾਨ ਪੁਰਖ ਹਨ।ਉਨ੍ਹਾਂ ਦੀ ਸੰਗਤ ਕਰਨ ਨਾਲ ਦਿਨ ਰਾਤ ਲਾਭ ਪ੍ਰਾਪਤ ਹੁੰਦਾ ਹੈ, ਇਹ ਵਡਿਆਈ ਗੁਰੂ ਦੀ ਸੰਗਤ ਕਰਨ ਨਾਲ ਮਿਲਦੀ ਹੈ (ਹਰ ਕੋਈ ਸਾਬਾਸ਼ ਦੇਂਦਾ ਹੈ)।੨।ਹੇ ਪ੍ਰਭੂ! ਹਰੇਕ ਜੁਗ ਵਿਚ ਤੇਰੇ ਭਲੇ ਸੰਤ ਮੌਜੂਦ ਹੁੰਦੇ ਹਨ।ਜੋ ਜੀਭ ਦੁਆਰਾ ਅਨੰਦ ਨਾਲ ਗੁਣ ਗਾਉਂਦੇ ਹਨ।ਜਿਨ੍ਹਾਂ (ਸੰਤਾਂ) ਨੂੰ ਪਰਾਈ ਚਿੰਤਾ ਨਹੀਂ ਹੈ, (ਉਹ ਤੇਰੀ) ਉਸਤਤੀ ਕਰਦੇ ਹਨ ਅਤੇ (ਅਪਣੇ ਅੰਦਰੋਂ) ਦੁੱਖ ਤੇ ਦਲਿੱਦਰ ਦੂਰ ਕਰ ਲੈਂਦੇ ਹਨ।੩।ਉਹ ਗਿਆਨ ਅਵਸਥਾ ਵਿਚ ਜਾਗਦੇ ਰਹਿੰਦੇ ਹਨ, (ਕਦੇ ਮੋਹ ਮਾਇਆ ਦੀ ਨੀਂਦ ਵਿਚ) ਸੁਤੇ ਹੋਏ ਨਹੀਂ ਦਿਸਦੇ।(ਉਹ) ਸੰਗਤ ਅਤੇ ਕੁਲਾਂ ਨੂੰ ਤਾਰ ਦੇਂਦੇ ਹਨ; ਉਨ੍ਹਾਂ ਦੀ ਸੰਗਤ ਕੁਲਾਂ ਨੂੰ ਤਾਰ ਦੇਂਦੀ ਹੈ, (ਉਹ ਅਪਣੇ ਸੰਗੀਆਂ ਵਿਚ) ਸੱਚਾ ਨਾਮ ਰੂਪ ਭੋਜਨ ਵਰਤਾਉਂਦੇ ਹਨ।(ਉਨ੍ਹਾਂ ਦੇ ਮਨ ਵਿਚ) ਪਾਪਾਂ ਦੀ ਮੈਲ ਨਹੀਂ ਲਗਦੀ, ਉਹ ਪਵਿਤ੍ਰ ਹਨ ਅਤੇ ਉਹ ਸੇਵਾ ਭਗਤੀ ਵਿਚ ਲਿਵ ਲਾਈ ਰਖਦੇ ਹਨ।੪।ਹੇ ਹਰੀ ਜਨੋ! ਸਤਿਗੁਰੂ ਦੀ ਬਾਣੀ ਨੂੰ ਸਮਝੋ।ਇਹ ਦੇਹ ਪੁਰਾਣੀ ਹੋ ਜਾਣ ਵਾਲੀ ਹੈ, (ਇਸ ਵਿਚ) ਜਵਾਨੀ ਤੇ ਸੁਆਸ ਸਦਾ ਰਹਿਣ ਵਾਲੇ ਨਹੀਂ ਹਨ।ਹੇ ਪ੍ਰਾਣੀ! ਅੱਜ ਜਾਂ ਕਲ੍ਹ ਮਰ ਜਾਣਾ ਹੈ, ਹਿਰਦੇ ਵਿਚ ਧਿਆਨ ਕਰਕੇ ਹਰੀ ਦੇ ਨਾਮ ਦਾ ਜਾਪ ਜਪਿਆ ਕਰ।੫।ਹੇ

ਪ੍ਰਾਣੀਓ! ਝੂਠ ਦੀਆਂ ਟੁੱਟੀਆਂ ਫੁੱਟੀਆਂ ਗੱਲਾਂ ਛਡ ਦਿਓ। ਝੂਠੇ ਮਨੁੱਖ ਨੂੰ ਕਾਲ ਉਛਲ ਕੇ (ਉਤਸ਼ਾਹ ਨਾਲ) ਮਾਰਦਾ ਹੈ। ਸਾਕਤ ਲੋਕਾਂ ਦੇ ਮਨ ਵਿਚ ਹਉਮੈ ਹੋਣ ਕਰਕੇ (ਉਹ) ਝੂਠ ਵਿਚ ਸੜਦੇ ਹਨ, (ਉਹ) ਦ੍ਵੈਤ ਦੇ ਰਸਤੇ ਤੇ ਚਲ ਕੇ (ਆਪ) ਸੜਦੇ ਹਨ ਤੇ ਹੋਰਨਾਂ ਨੂੰ ਸਾੜਦੇ ਹਨ; ਆਪ ਬਰਬਾਦ ਹੁੰਦੇ ਹਨ ਅਤੇ ਦੂਜਿਆਂ ਨੂੰ ਵੀ ਬਰਬਾਦ ਕਰਦੇ ਹਨ।੬।

ਪਦਾਰਥ = ਕਰਤਾ–ਕਰਤਾਰ। ਪੁਰਖੁ–ਸਰਬ ਵਿਆਪਕ। ਬਿਧਾਤਾ–ਰਚਨਹਾਰ; ਫਲ ਪ੍ਰਦਾਤਾ (ਸੰ.ਸ.; ਫ.ਸ.; ਗੁ.ਗ੍ਰੰ.ਕੋਸ਼)। ਜਿਨਿ –ਜਿਸ (ਪ੍ਰਭੂ) ਨੇ। ਉਪਾਇ–ਪੈਦਾ ਕਰਕੇ। ਪਛਾਤਾ–ਪਛਾਣਿਆ (ਕਰਮਾਂ ਨੂੰ)। ਉਪਾਈ ਹੇ–ਪੈਦਾ ਕੀਤੀ ਹੈ।੧। ਬੂਝਹਿ–ਸਮਝ ਲੈਂਦੇ ਹਨ। ਗੁਰਮੁਖਿ–ਗੁਰੂ ਦੀ ਸ਼ਰਣ ਪੈ ਕੇ। ਸੇ ਜਨ–ਉਹ ਪੁਰਖ। ਪੂਰੇ–ਪੂਰਨ ਗੁਣਵਾਨ। ਤਿਨ ਕੀ–ਉਨ੍ਹਾਂ ਦੀ। ਅਹਿ–ਦਿਨ। ਨਿਸਿ–ਰਾਤ। ਲਾਹਾ–ਲਾਭ।੨। ਜੁਗਿ ਜੁਗਿ–ਹਰੇਕ ਜੁਗ ਵਿਚ। ਭਲੇ–ਚੰਗੇ; ਨੇਕ। ਪ੍ਰਭ–ਹੇ ਪ੍ਰਭੂ!। ਰਸਨ ਰਸੇਰੇ–ਜੀਭ ਦੁਆਰਾ ਅਨੰਦ ਨਾਲ। ਪਰਹਰਿ–ਦੂਰ ਕਰ ਲੈਂਦੇ ਹਨ। ਦਾਲਦੁ–ਗਰੀਬੀ; ਕੰਗਾਲੀ। ਜਿਨ–ਜਿਨ੍ਹਾਂ ਨੂੰ।੩। ਓਇ–ਉਹ (ਬਹੁ ਵਚਨ)। ਨ ਦੀਸਹਿ–ਨਹੀਂ ਦਿਸਦੇ। ਸਾਚੁ–ਸੱਚਾ ਨਾਮ (ਰੂਪ ਭੋਜਨ)। ਕੁਲ–ਖਾਨਦਾਨ; ਵੰਸ਼। ਤਾਰੇ–ਤਾਰ ਦੇਂਦੇ ਹਨ। ਪਰੀਸਹਿ–ਪਰੋਸਦੇ ਹਨ; ਵੰਡਦੇ ਹਨ। ਕਲਿਮਲ–ਪਾਪ। ਤੇ–ਉਹ (ਬਹੁ ਵਚਨ)। ਨਿਰਮਲ–ਪਵਿਤ੍ਰ।੪। ਬੂਝਹੁ–ਸਮਝੋ; ਵਿਚਾਰੋ। ਹਰਿ ਜਨ–ਹੇ ਹਰੀ ਦੇ ਜਨੋਂ!। ਸਾਸੁ –ਸੁਆਸ। ਦੇਹ–ਸਰੀਰ। ਪੁਰਾਣੀ–ਪੁਰਾਣੀ ਹੋ ਜਾਣ ਵਾਲੀ ਹੈ। ਕਾਲਿ–ਕਲ੍ਹ। ਪ੍ਰਾਣੀ–ਹੇ ਪ੍ਰਾਣ ਧਾਰੀ ਮਨੁੱਖ!। ਰਿਦੈ ਧਿਆਈ–ਹਿਰਦੇ ਵਿਚ ਧਿਆਨ ਕਰਕੇ।੫। ਕਾਲੁ–ਮੌਤ। ਉਛਾਹਾੜਾ–ਉਤਸ਼ਾਹ ਨਾਲ; ਦਿਲੇਰੀ ਨਾਲ। ਕੂੜ ਕਬਾੜਾ–ਕੂੜਾ ਕਰਕਟ; ਝੂਠ ਦੀਆਂ ਟੁੱਟੀਆਂ ਫੁੱਟੀਆਂ ਗੱਲਾਂ; ਬਿਅਰਥ ਰੁਝੇਵੇਂ ਜਾਂ ਗੱਲਾਂ। ਸਾਕਤ–ਧਰਮ ਤੋਂ ਗਿਰਿਆ ਮਨੁੱਖ। ਪਚਹਿ–ਸੜਦੇ ਹਨ। ਮਨਿ–ਮਨ ਵਿਚ। ਦੂਹ ਮਾਰਗਿ–ਦ੍ਵੈਤ ਦੇ ਰਸਤੇ ਉਤੇ। ਪਚੈ ਪਚਾਈ ਹੇ–ਆਪ ਸੜਦੇ ਹਨ ਤੇ ਹੋਰਨਾਂ ਨੂੰ ਸਾੜਦੇ ਹਨ।੬।

ਅੰਗ ੧੦੨੬ = ਛੋਡਿਹੁ ਨਿੰਦਾ ਤਾਤਿ ਪਰਾਈ ॥ ਪੜਿ ਪੜਿ ਦਝਹਿ ਸਾਤਿ ਨ ਆਈ ॥ ਮਿਲਿ ਸਤਸੰਗਤਿ ਨਾਮੁ ਸਲਾਹਹੁ , ਆਤਮ ਰਾਮੁ ਸਖਾਈ ਹੇ ॥੭॥ ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥ ਸਤਿਗੁਰ ਸਰਣਿ ਪਰਹੁ ਤਾ ਉਬਰਹੁ ,ਇਉ ਤਰੀਐ ਭਵਜਲੁ ਭਾਈ ਹੇ ॥੮॥ ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ ॥ ਤਿਥੈ ਅਵਰੁ ਨ ਕੋਈ ਜੀਉ ਇਕੇਲਾ ॥ ਭੜ ਭੜ ਅਗਨਿ ਸਾਗਰੁ ਦੇ ਲਹਰੀ, ਪੜਿ ਦਝਹਿ ਮਨਮੁਖ ਤਾਈ ਹੇ ॥੯॥ ਗੁਰ ਪਹਿ ਮੁਕਤਿ ਦਾਨੁ ਦੇ ਭਾਣੈ ॥ ਜਿਨਿ ਪਾਇਆ ਸੋਈ ਬਿਧਿ ਜਾਣੈ ॥ ਜਿਨ ਪਾਇਆ ਤਿਨ ਪੂਛਹੁ ਭਾਈ, ਸੁਖੁ ਸਤਿਗੁਰ ਸੇਵ ਕਮਾਈ ਹੇ ॥੧੦॥ ਗੁਰ ਬਿਨੁ ਉਰਝਿ ਮਰਹਿ ਬੇਕਾਰਾ ॥ ਜਮੁ ਸਿਰਿ ਮਾਰੇ ਕਰੇ ਖੁਆਰਾ ॥ ਬਾਧੇ ਮੁਕਤਿ ਨਾਹੀ ਨਰ ਨਿੰਦਕ, ਡੂਬਹਿ ਨਿੰਦ ਪਰਾਈ ਹੇ ॥੧੧॥ (ਹੇ ਭਾਈ!) ਪਰਾਈ ਨਿੰਦਿਆ ਕਰਨੀ ਤੇ ਪਰਾਈ ਈਰਖਾ ਛਡ ਦਿਓ। (ਜਿਹੜੇ ਮਨੁੱਖ ਨਿੰਦਾ ਤੇ ਈਰਖਾ ਦੀ ਅੱਗ ਵਿਚ) ਪੈ ਪੈ ਕੇ ਸੜਦੇ ਹਨ, (ਉਨ੍ਹਾਂ ਨੂੰ ਕਦੇ) ਸ਼ਾਂਤੀ ਨਹੀਂ ਆਈ। ਸਤਸੰਗਤਿ ਵਿਚ ਮਿਲ ਕੇ ਪ੍ਰਭੂ ਦੇ ਨਾਮ ਨੂੰ ਸਲਾਹੋ, ਪ੍ਰਮਾਤਮਾ (ਤੁਹਾਡਾ) ਸਹਾਈ ਹੋਵੇਗਾ; ਮਿਤ੍ਰ ਬਣ ਜਾਵੇਗਾ।੭। (ਹੇ ਭਾਈ!) ਕਾਮ, ਕ੍ਰੋਧ ਤੇ ਬੁਰਿਆਈ ਨੂੰ ਛਡ ਦਿਓ। ਹਉਮੈ ਦਾ ਜੋ ਵਿਹਾਰ ਹੈ, (ਇਸ ਵਿਚ) ਚਿੰਬੜੇ ਰਹਿਣਾ ਛਡ ਦਿਓ। (ਇਨ੍ਹਾਂ ਵਿਕਾਰਾਂ ਤੋਂ) ਤਦ ਹੀ ਬਚ ਸਕੋਗੇ, ਜੇ ਤੁਸੀਂ ਸਤਿਗੁਰੂ ਦੀ ਸ਼ਰਣ ਵਿਚ ਪੈ ਜਾਵੋਂਗੇ, ਹੇ ਭਾਈ! ਇਉਂ ਭਵਜਲ ਤੋਂ ਤਰ ਜਾਈਦਾ ਹੈ।੮। (ਹੇ ਭਾਈ!) ਅੱਗੇ ਪ੍ਰਲੋਕ ਦੇ ਰਸਤੇ ਵਿਚ ਅੱਗ ਦੀ ਬਹੁਤ ਗੰਦੀ ਵੈਤਰਣੀ ਨਦੀ ਹੈ ਅਤੇ ਅੱਗ ਵਰਗੀ ਜਹਿਰੀਲੀ ਧੁੱਪ ਹੈ (ਪਛਤਾਵਾ ਰੂਪ ਅੱਗ ਅਤੇ ਕੀਤੇ ਪਾਪ ਕਰਮਾਂ ਦਾ ਚੇਤਾ ਵਿਹੁਲੀ ਧੁੱਪ ਹੈ। ਗੁ.ਗ੍ਰੰ.ਕੋਸ਼)। ਉਥੇ ਹੋਰ ਕੋਈ ਸਹਾਈ ਨਹੀਂ ਹੁੰਦਾ, ਜੀਵਾਤਮਾ ਇਕੱਲਾ ਹੀ ਹੁੰਦਾ ਹੈ। (ਉਥੇ) ਅੱਗ ਦੇ ਸਮੁੰਦਰ ਦੀਆਂ ਲਹਿਰਾਂ ਦੇ ਭੜ ਭੜ ਕਰਦੇ ਭਾਂਬੜ ਮੱਚਦੇ ਹਨ, ਮਨਮੁਖ ਬੰਦੇ ਉਸ ਵਿਚ ਪੈ ਕੇ ਸੜਦੇ ਹਨ।੯। ਹੇ ਭਾਈ! ਮੁਕਤੀ ਗੁਰੂ ਦੇ ਪਾਸ ਹੈ, (ਉਹ ਅਪਣੀ) ਮਰਜੀ ਨਾਲ (ਮੁਕਤੀ ਦਾ) ਦਾਨ ਦੇਂਦਾ ਹੈ। ਜਿਸ ਮਨੁੱਖ ਨੇ ਗੁਰੂ ਨੂੰ ਪਾਇਆ ਹੈ, ਉਹ ਹੀ ਮੁਕਤੀ ਪ੍ਰਾਪਤੀ ਦੀ ਵਿਧੀ ਜਾਣਦਾ ਹੈ। ਹੇ ਭਾਈ! ਜਿਨ੍ਹਾਂ ਗੁਰਮੁਖਾਂ ਨੇ ਗੁਰੂ ਨੂੰ ਪਾਇਆ ਹੈ, ਉਨ੍ਹਾਂ ਤੋਂ ਪੁੱਛ ਲਵੋ, (ਉਹ ਦੱਸਣਗੇ ਕਿ) ਸੁਖ ਸਤਿਗੁਰੂ ਦੀ ਸੇਵਾ ਕਮਾਉਣ ਨਾਲ ਮਿਲਦਾ ਹੈ।੧੦। (ਹੇ ਭਾਈ!) ਗੁਰੂ ਤੋਂ ਬਿਨਾ ਮਨੁੱਖ ਵਿਸ਼ੇ ਵਿਕਾਰਾਂ ਵਿਚ ਫਸ ਕੇ ਮਰਦੇ ਹਨ। ਜਮ (ਉਨ੍ਹਾਂ ਦੇ) ਸਿਰ ਉਤੇ ਸੱਟਾਂ ਮਾਰਦਾ ਹੈ ਤੇ ਖੱਜਲ ਖੁਆਰ ਕਰਦਾ ਹੈ। ਨਿੰਦਕ ਮਨੁੱਖ (ਨਿੰਦਾ ਦੀ ਫਾਹੀ ਵਿਚ) ਬੱਧੇ ਹੋਏ ਹਨ, (ਉਹ) ਮੁਕਤ ਨਹੀਂ ਹੋ ਸਕਦੇ, (ਉਹ) ਪਰਾਈ ਨਿੰਦਿਆ (ਦੇ ਸਮੁੰਦਰ) ਵਿਚ ਡੁਬ ਜਾਂਦੇ ਹਨ।੧੧।

ਪਦਾਰਥ = ਤਾਤਿ–ਈਰਖਾ; ਸਾੜਾ। ਪੜਿ ਪੜਿ–ਪੈ ਪੈ ਕੇ। ਦਝਹਿ–ਸੜਦੇ ਹਨ। ਆਤਮ ਰਾਮੁ–ਸਾਰੇ ਜੀਵਾਂ ਵਿਚ ਰਮਿਆ ਹੋਇਆ ਵਾਹਿਗੁਰੂ। ਸਖਾਈ ਹੇ–ਸਹਾਇਤਾ ਕਰਨ ਵਾਲਾ ਹੈ; ਮਿਤ੍ਰ ਹੈ।੭। ਧੰਧੁ–ਵਿਹਾਰ। ਛੋਡੁ ਲੰਪਟਾਈ–ਚਿੰਬੜੇ ਰਹਿਣਾ ਛਡ ਦਿਓ। ਪਰਹੁ –ਪੈ ਜਾਓਗੇ। ਤਾ–ਤਾਂ; ਤਦ। ਉਬਰਹੁ–ਬਚ ਜਾਓਗੇ। ਭਵਜਲੁ–ਸੰਸਾਰ ਸਮੁੰਦਰ। ਭਾਈ ਹੇ–ਹੇ ਭਾਈ!।੮। ਆਗੈ–ਅੱਗੇ ਪ੍ਰਲੋਕ ਦੇ

ਰਸਤੇ ਵਿਚ। ਬਿਮਲ–ਮਹਾਂ ਮਲੀਨ। ਬਿਖੁ ਝੋਲਾ–ਅੱਗ ਵਰਗੀ ਜਹਿਰੀਲੀ ਧੁੱਪ; ਵਿਹੁਲੀ ਲਾਟਾਂ। ਤਿਥੈ–ਉਥੇ (ਜਮ ਮਾਰਗ ਵਿਚ)। ਅਵਰੁ–ਹੋਰ। ਜੀਉ–ਜੀਵਾਤਮਾ। ਭੜ ਭੜ–ਅੱਗ ਦੀਆਂ ਲਾਟਾਂ ਤੋਂ ਪੈਦਾ ਹੋਈ ਅਵਾਜ। ਦੇ ਲਹਰੀ–ਲਹਿਰਾਂ ਦੇ। ਤਾਈ–ਉਸ ਵਿਚ। ੯। ਪਹਿ–ਪਾਸ। ਦੇ–ਦੇਂਦਾ ਹੈ। ਭਾਣੈ–ਮਰਜੀ ਨਾਲ। ਜਿਨਿ–ਜਿਸ (ਮਨੁੱਖ) ਨੇ। ਸੋਈ–ਉਹ ਹੀ। ਬਿਧਿ–ਵਿਧੀ; ਤਰੀਕਾ। ਜਿਨ–ਜਿਨ੍ਹਾਂ ਨੇ। ਤਿਨ–ਉਨ੍ਹਾਂ ਤੋਂ। ੧੦। ਉਰਝਿ ਮਰਹਿ–ਫਸ ਕੇ ਮਰਦੇ ਹਨ। ਬੇਕਾਰਾ–ਵਿਕਾਰਾਂ ਵਿਚ। ਸਿਰਿ–ਸਿਰ ਉਤੇ। ਕਰੇ ਖੁਆਰਾ–ਖੱਜਲ ਖੁਆਰ ਕਰਦਾ ਹੈ। ਬਾਧੇ–ਬੰਨ੍ਹੇ ਹੋਏ ਹਨ। ਨਰ–ਮਨੁੱਖ। ਡੂਬਹਿ–ਡੁਬ ਜਾਂਦੇ ਹਨ। ੧੧।

ਬੋਲਹੁ ਸਾਚੁ ਪਛਾਣਹੁ ਅੰਦਰਿ ॥ ਦੂਰਿ ਨਾਹੀ ਦੇਖਹੁ ਕਰਿ ਨੰਦਰਿ ॥ ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ, ਇਉ ਭਵਜਲੁ ਪਾਰਿ ਲੰਘਾਈ ਹੇ ॥੧੨॥ ਦੇਹੀ ਅੰਦਰਿ ਨਾਮੁ ਨਿਵਾਸੀ ॥ ਆਪੇ ਕਰਤਾ ਹੈ ਅਬਿਨਾਸੀ ॥ ਨਾ ਜੀਉ ਮਰੈ ਨ ਮਾਰਿਆ ਜਾਈ, ਕਰਿ ਦੇਖੈ ਸਬਦਿ ਰਜਾਈ ਹੇ ॥੧੩॥ ਓਹੁ ਨਿਰਮਲੁ ਹੈ ਨਾਹੀ ਅੰਧਿਆਰਾ ॥ ਓਹੁ ਆਪੇ ਤਖਤਿ ਬਹੈ ਸਚਿਆਰਾ ॥ ਸਾਕਤ ਕੂੜੇ ਬੰਧਿ ਭਵਾਈਅਹਿ, ਮਰਿ ਜਨਮਹਿ ਆਈ ਜਾਈ ਹੇ ॥੧੪॥ ਗੁਰ ਕੇ ਸੇਵਕ ਸਤਿਗੁਰ ਪਿਆਰੇ ॥ ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥ ਤਤੁ ਲਹਹਿ ਅੰਤਰਗਤਿ ਜਾਣਹਿ, ਸਤਸੰਗਤਿ ਸਾਚੁ ਵਡਾਈ ਹੇ ॥੧੫॥ ਆਪਿ ਤਰੈ ਜਨੁ ਪਿਤਰਾ ਤਾਰੇ ॥ ਸੰਗਤਿ ਮੁਕਤਿ ਸੁ ਪਾਰਿ ਉਤਾਰੇ ॥ ਨਾਨਕ ਤਿਸ ਕਾ ਲਾਲਾ ਗੋਲਾ, ਜਿਨਿ ਗੁਰਮੁਖਿ ਹਰਿ ਲਿਵ ਲਾਈ ਹੇ ॥੧੬॥ (ਹੇ ਭਾਈ! ਪ੍ਰਭੂ ਦਾ) ਸੱਚਾ ਨਾਮ ਬੋਲੋ (ਜਪੋ ਅਤੇ ਪ੍ਰਭੂ ਨੂੰ ਅਪਣੇ) ਹਿਰਦੇ ਅੰਦਰ ਵਸਦਾ ਪਛਾਣੋ। ਅੰਤਰਮੁਖੀ ਨਜਰ ਕਰਕੇ ਦੇਖੋ, ਪ੍ਰਭੂ ਦੂਰ ਨਹੀਂ ਹੈ (ਹਿਰਦੇ ਅੰਦਰ ਹੀ ਹੈ)। ਗੁਰੂ ਦੀ ਸ਼ਰਣ ਵਿਚ ਪੈ ਕੇ ਨਾਮ ਰੂਪ ਬੇੜੀ ਉਤੇ ਸਵਾਰ ਹੋ ਕੇ (ਭਵਜਲ ਨੂੰ) ਤਰ ਜਾਓ, (ਫਿਰ ਤੁਹਾਨੂੰ ਕੋਈ) ਬਿਘਨ ਨਹੀਂ ਪਵੇਗਾ, ਇਸੇ ਤਰ੍ਹਾਂ (ਗੁਰੂ ਨਾਮ ਜਪਾ ਕੇ ਮਨੁੱਖ ਨੂੰ) ਭਵਜਲ ਤੋਂ ਪਾਰ ਲੰਘਾ ਦਿੰਦਾ ਹੈ। ੧੨। (ਹੇ ਭਾਈ!) ਪ੍ਰਭੂ ਦਾ ਨਾਮ ਦੇਹੀ ਦੇ ਅੰਦਰ ਨਿਵਾਸ ਕਰਦਾ ਹੈ। ਨਾਸ਼ ਰਹਿਤ ਕਰਤਾਰ ਆਪ ਹੀ (ਹਰੇਕ ਜੀਵ ਦੇ ਅੰਦਰ) ਵਿਆਪਕ ਹੈ। ਜੀਵਾਤਮਾ (ਉਸ ਦੀ ਅੰਸ਼ ਹੋਣ ਕਰਕੇ) ਨਾ ਮਰਦਾ ਹੈ, ਨਾ ਹੀ (ਕਿਸੇ ਤੋਂ) ਮਾਰਿਆ ਜਾ ਸਕਦਾ ਹੈ, ਰਜ਼ਾ ਦਾ ਮਾਲਕ ਪ੍ਰਭੂ ਅਪਣੇ ਹੁਕਮ ਰਾਹੀਂ ਜੀਵ ਪੈਦਾ ਕਰਕੇ (ਸਾਰੇ ਜੀਵਾਂ ਨੂੰ) ਦੇਖਦਾ (ਸੰਭਾਲ ਕਰਦਾ) ਹੈ। ੧੩। ਉਹ ਪ੍ਰਭੂ ਪਵਿਤ੍ਰ ਹੈ, (ਉਸ ਵਿਚ) ਹਨ੍ਹੇਰਾ ਨਹੀਂ ਹੈ। ਉਹ ਸਚਿਆਰ ਪ੍ਰਭੂ ਆਪ ਹੀ ਤਖਤ ਉਤੇ ਬੈਠਦਾ ਹੈ (ਉਸ ਦਾ ਤਖਤ ਅਚੱਲ ਹੈ, ਹੋਰ ਕੋਈ ਉਸ ਦੇ ਤਖਤ ਤੇ ਨਹੀਂ ਬੈਠਦਾ)। ਸਾਕਤ ਬੰਦੇ ਝੂਠੇ ਹਨ, (ਉਹ) ਬੰਨ੍ਹ ਕੇ ਨਰਕਾਂ ਵਿਚ ਘੁਮਾਏ ਜਾਂਦੇ ਹਨ, (ਉਹ ਬਾਰ ਬਾਰ) ਮਰਦੇ ਜੰਮਦੇ ਸੰਸਾਰ ਵਿਚ ਆਉਂਦੇ ਜਾਂਦੇ ਰਹਿੰਦੇ ਹਨ। ੧੪। ਜੋ ਮਨੁੱਖ ਗੁਰੂ ਦੇ ਸੇਵਕ ਹਨ, (ਉਹ) ਸਤਿਗੁਰੂ (ਅਕਾਲ ਪੁਰਖ) ਦੇ ਪਿਆਰੇ ਹਨ। ਉਹ ਗੁਰੂ ਦੇ ਸ੍ਰੇਸ਼ਟ ਸ਼ਬਦ ਨੂੰ ਵਿਚਾਰ ਕੇ (ਅਪਣੇ) ਹਿਰਦੇ ਤਖਤ ਉਤੇ ਬੈਠਦੇ ਹਨ। (ਉਹ) ਤੱਤ ਸਰੂਪ ਪ੍ਰਭੂ ਨੂੰ ਲੱਭ ਲੈਂਦੇ ਹਨ, (ਉਹ) ਜਾਣਦੇ ਹਨ ਕਿ ਪ੍ਰਭੂ ਹਿਰਦੇ ਅੰਦਰ ਹੀ ਪ੍ਰਾਪਤ ਹੈ, (ਇਸੇ ਕਰਕੇ ਉਨ੍ਹਾਂ ਦੀ) ਸਤਸੰਗਤ ਵਿਚ ਸੱਚੀ ਵਡਿਆਈ ਹੁੰਦੀ ਹੈ। ੧੫। (ਪ੍ਰਭੂ ਦਾ) ਸੇਵਕ ਭਵਜਲ ਨੂੰ ਆਪ ਤਰ ਜਾਂਦਾ ਹੈ ਅਤੇ (ਉਹ ਅਪਣੇ) ਪਿਤਰਾਂ ਨੂੰ ਵੀ ਤਾਰ ਦੇਂਦਾ ਹੈ। (ਉਸ ਦੀ) ਸੰਗਤ ਕਰਨ ਵਾਲੇ ਮਨੁੱਖ ਵੀ ਮੁਕਤ ਹੋ ਜਾਂਦੇ ਹਨ, ਉਹ (ਸੇਵਕ ਸੰਗੀਆਂ ਨੂੰ ਭਵਜਲ ਤੋਂ) ਪਾਰ ਉਤਾਰ ਦੇਂਦਾ ਹੈ। ਜਿਸ ਮਨੁੱਖ ਨੇ ਗੁਰੂ ਦੁਆਰਾ ਪ੍ਰਭੂ ਨਾਲ ਲਿਵ ਲਾਈ ਹੈ, ਨਾਨਕ ਉਸ ਦੇ ਦਾਸਾਂ ਦਾ ਦਾਸ ਹੈ। ੧੬। ੬।

ਪਦਾਰਥ = ਬੋਲਹੁ–ਉਚਾਰੋ (ਜਪੋ)। ਅੰਦਰਿ–ਹਿਰਦੇ ਅੰਦਰ। ਨੰਦਰਿ–ਨਜਰ। ਗੁਰਮੁਖਿ–ਗੁਰੂ ਦੀ ਸ਼ਰਣ ਪੈ ਕੇ। ਤਰੁ–ਤਰ ਜਾਓ। ਤਾਰੀ–ਬੇੜੀ। ਭਵਜਲੁ–ਸੰਸਾਰ ਸਮੁੰਦਰ। ੧੨। ਦੇਹੀ–ਸਰੀਰ। ਨਿਵਾਸੀ–ਵਸਣ ਵਾਲਾ। ਕਰਤਾ–ਸਿਰਜਨਹਾਰ ਪ੍ਰਭੂ। ਅਬਿਨਾਸੀ–ਨਾਸ਼ ਰਹਿਤ। ਜੀਉ–ਜੀਵਾਤਮਾ। ਕਰਿ–ਪੈਦਾ ਕਰਕੇ। ਦੇਖੈ–ਸੰਭਾਲ ਕਰਦਾ ਹੈ। ਸਬਦਿ–ਹੁਕਮ ਰਾਹੀਂ। ਰਜਾਈ–ਰਜ਼ਾ ਦਾ ਮਾਲਕ ਪ੍ਰਭੂ। ੧੩। ਨਿਰਮਲੁ–ਪਵਿਤ੍ਰ। ਅੰਧਿਆਰਾ–ਹਨ੍ਹੇਰਾ। ਬਹੈ–ਬੈਠਦਾ ਹੈ। ਸਾਕਤ–ਰੱਬ ਨਾਲੋਂ ਟੁੱਟਿਆ ਮਨੁੱਖ। ਭਵਾਈਅਹਿ–ਘੁਮਾਏ ਜਾਂਦੇ ਹਨ। ਆਈ ਜਾਈ–ਆਉਂਦੇ ਜਾਂਦੇ ਹਨ। ੧੪। ਸੁ–ਸ੍ਰੇਸ਼ਟ। ਵਿਚਾਰੇ–ਵਿਚਾਰ ਕੇ। ਤਤੁ–ਪ੍ਰਭੂ। ਲਹਹਿ–ਲੱਭ ਲੈਂਦੇ ਹਨ। ਅੰਤਰ ਗਤਿ–ਹਿਰਦੇ ਅੰਦਰ ਹੀ ਪ੍ਰਾਪਤ ਹੈ। ੧੫। ਜਨੁ–ਸੇਵਕ। ਪਿਤਰਾ–ਮਰੇ ਹੋਏ ਬਾਪ ਦਾਦਾ ਆਦਿਕ ਬਜੁਰਗ। ਤਾਰੇ–ਪਾਰ ਲੰਘਾ ਦਿਤੇ। ਸੁ–ਉਹ। ਲਾਲਾ ਗੋਲਾ–ਦਾਸਾਂ ਦਾ ਦਾਸ; ਮੁੱਲ ਲੀਤਾ ਗੁਲਾਮ। ਜਿਨਿ–ਜਿਸ ਨੇ। ਲਿਵ ਲਾਈ–ਸੁਰਤ ਜੋੜੀ ਹੈ। ੧੬। ੬।

ਮਾਰੂ ਮਹਲਾ ੧ ॥ ਕੇਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ ਅਪਰ ਅਪਾਰੈ ॥ ਧੁੰਧੂਕਾਰਿ ਨਿਰਾਲਮੁ ਬੈਠਾ, ਨਾ ਤਦਿ ਧੰਧੁ ਪਸਾਰਾ ਹੇ ॥੧॥ ਜੁਗ ਛਤੀਹ ਤਿਨੈ ਵਰਤਾਏ ॥ ਜਿਉ ਤਿਸੁ ਭਾਣਾ ਤਿਵੈ ਚਲਾਏ ॥ ਤਿਸਹਿ ਸਰੀਕੁ ਨ ਦੀਸੈ ਕੋਈ, ਆਪੇ ਅਪਰ ਅਪਾਰਾ ਹੇ ॥੨॥ ਗੁਪਤੇ ਬੂਝਹੁ ਜੁਗ ਚਤੁਆਰੇ ॥ ਘਟਿ ਘਟਿ ਵਰਤੈ ਉਦਰ ਮਝਾਰੇ ॥ ਜੁਗੁ ਜੁਗੁ ਏਕਾ ਏਕੀ ਵਰਤੈ, ਕੋਈ ਬੂਝੈ ਗੁਰ ਵੀਚਾਰਾ ਹੇ ॥੩॥ ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥ ਪਉਣੁ ਪਾਣੀ ਅਗਨੀ ਮਿਲਿ ਜੀਆ ॥ ਆਪੇ ਚੋਜ ਕਰੇ ਰੰਗ ਮਹਲੀ, ਹੋਰ

ਮਾਇਆ ਮੋਹ ਪਸਾਰਾ ਹੇ ॥੪॥ (ਪ੍ਰਭੂ ਦੀ ਨਿਰਗੁਣ ਅਵਸਥਾ ਦਾ ਵਰਨਣ, ਜਦੋਂ ਜਗਤ ਰਚਨਾ ਨਹੀ ਸੀ। ਹੇ ਭਾਈ! ਜਦੋ) ਬੇਅੰਤ ਤੋਂ ਬੇਅੰਤ ਪ੍ਰਭੂ ਨੇ (ਅਪਣੇ ਆਪ ਵਿਚ) ਸਮਾਧੀ ਲਾਈ ਹੋਈ ਸੀ, ਤਾਂ ਕਿਤਨੇ ਹੀ ਜੁਗ ਘੁੱਪ ਹਨ੍ਹੇਰੇ ਵਿਚ ਬੀਤ ਗਏ ਸਨ। ਨਿਰਲੇਪ (ਜਗਤ ਉਤਪਤੀ ਤੋਂ ਰਹਿਤ) ਪ੍ਰਭੂ ਘੁੱਪ ਹਨ੍ਹੇਰੇ ਵਿਚ (ਸਮਾਧੀ ਲਾਈ) ਬੈਠਾ ਸੀ, ਉਦੋਂ ਨਾ ਧਨ ਦੀ ਕਮਾਈ ਦਾ ਕੰਮ ਕਾਜ ਸੀ ਤੇ ਨਾ ਹੀ ਜਗਤ ਦਾ ਪਸਾਰਾ ਸੀ।੧। ਉਸ ਪ੍ਰਭੂ ਨੇ ਛੱਤੀ ਜੁਗ (ਇਸੇ ਤਰ੍ਹਾਂ ਹਨ੍ਹੇਰੇ ਵਿਚ) ਵਰਤਾਈ ਰੱਖੇ। ਜਿਵੇਂ ਉਸ ਨੂੰ ਚੰਗਾ ਲੱਗਾ, ਤਿਵੇਂ ਉਹ (ਘੁੱਪ ਹਨ੍ਹੇਰੇ ਦਾ ਕੰਮ) ਚਲਾਈ ਗਿਆ। ਉਸ ਦਾ ਕੋਈ ਸਰੀਕ ਨਹੀਂ ਦਿਸਦਾ, ਉਹ ਆਪ ਹੀ ਆਪ (ਸੁਤੰਤਰ ਹਸਤੀ) ਹੈ, ਉਸ ਤੋਂ ਪਰੇ ਕੋਈ ਹਸਤੀ ਨਹੀਂ, ਉਹ ਪਾਰ ਰਹਿਤ (ਬੇਅੰਤ) ਹੈ।੨। (ਹੇ ਭਾਈ! ਇਹ ਗੱਲ) ਸਮਝ ਲਵੋ ਕਿ ਉਦੋਂ ਚਾਰੇ ਜੁਗ ਪ੍ਰਭੂ ਵਿਚ ਗੁਪਤ ਸਨ। (ਪ੍ਰਗਟ ਹੋ ਕੇ) ਪ੍ਰਭੂ ਹਰੇਕ ਜੀਵ ਦੇ ਸਰੀਰ ਵਿਚ ਵਰਤ ਰਿਹਾ ਹੈ, (ਪਰ ਜਗਤ ਦੀ ਹੋਂਦ ਤੋਂ ਪਹਿਲਾਂ ਸਾਰੇ ਜੀਵ ਉਸ ਦੇ) ਪੇਟ ਵਿਚ ਸਨ। ਹਰੇਕ ਜੁਗ ਵਿਚ ਇਕੋ ਇਕ ਪ੍ਰਮਾਤਮਾ ਵਰਤ ਰਿਹਾ ਹੈ, (ਪਰ ਇਹ ਗੱਲ) ਕੋਈ ਵਿਰਲਾ ਮਨੁੱਖ ਗੁਰੂ ਦੀ ਵਿਚਾਰ ਦੁਆਰਾ ਸਮਝਦਾ ਹੈ।੩। (ਉਸ ਪ੍ਰਭੂ ਦੇ ਹੁਕਮ ਵਿਚ) ਪਿਤਾ ਦੇ ਵੀਰਜ ਅਤੇ ਮਾਂ ਦੀ ਰਕਤ ਤੋਂ ਮਿਲ ਕੇ ਜੀਵ ਦਾ ਸਰੀਰ ਪੈਦਾ ਹੋਇਆ ਹੈ। ਹਵਾ ਪਾਣੀ ਤੇ ਅੱਗ (ਆਦਿਕ ਤੱਤਾਂ) ਨੇ ਮਿਲ ਕੇ ਜੀਵ ਰਚ ਦਿਤੇ। ਪ੍ਰਭੂ ਹਰੇਕ ਸਰੀਰ ਵਿਚ ਬੈਠਾ ਆਪ ਹੀ ਚੋਜ ਤਮਾਸ਼ੇ ਕਰ ਰਿਹਾ ਹੈ, ਹੋਰ ਉਸ ਨੇ ਮਾਇਆ ਦੇ ਮੋਹ ਦਾ ਪਸਾਰਾ ਪਸਰ ਦਿਤਾ ਹੈ।੪।

ਅੰਗ ੧੦੨੨ = ਗਰਭ ਕੁੰਡਲ ਮਹਿ ਉਰਧ ਧਿਆਨੀ ॥ ਆਪੇ ਜਾਣੈ ਅੰਤਰਜਾਮੀ ॥ ਸਾਸਿ ਸਾਸਿ ਸਚੁ ਨਾਮੁ ਸਮਾਲੇ, ਅੰਤਰਿ ਉਦਰ ਮਝਾਰਾ ਹੇ ॥੫॥ ਚਾਰਿ ਪਦਾਰਥ ਲੈ ਜਗਿ ਆਇਆ ॥ ਸਿਵ ਸਕਤੀ ਘਰਿ ਵਾਸਾ ਪਾਇਆ ॥ ਏਕੁ ਵਿਸਾਰੇ ਤਾ ਪਿੜ ਹਾਰੇ ,ਅੰਧੁਲੈ ਨਾਮੁ ਵਿਸਾਰਾ ਹੇ ॥੬॥ (ਹੇ ਭਾਈ!) ਜੀਵ ਮਾਂ ਦੇ ਪੇਟ ਵਿਚ ਉਲਟਾ ਲਟਕਦਾ ਹੋਇਆ ਹਰੀ ਦੇ ਧਿਆਨ ਵਿਚ ਟਿਕਿਆ ਮੰਨਿਆ ਜਾਂਦਾ ਹੈ। ਅੰਤਰਜਾਮੀ ਪ੍ਰਭੂ ਆਪ ਹੀ (ਮਾਂ ਦੇ ਗਰਭ ਵਿਚ ਜੀਵ ਦੇ ਅੰਦਰ ਦੀ ਹਾਲਤ) ਜਾਣਦਾ ਹੈ। ਮਾਂ ਦੇ ਪੇਟ ਅੰਦਰ (ਲਟਕਦਾ ਹੋਇਆ ਜੀਵ ਅਪਣੇ) ਹਿਰਦੇ ਵਿਚ ਸੁਆਸ ਸੁਆਸ ਪ੍ਰਭੂ ਦਾ ਸੱਚਾ ਨਾਮ ਸਿਮਰਦਾ ਰਹਿੰਦਾ ਹੈ।੫। (ਜੀਵ ਪ੍ਰਭੂ ਪਾਸੋਂ) ਚਾਰ ਪਦਾਰਥ ਲੈ ਕੇ ਜਗਤ ਵਿਚ ਆਇਆ ਹੈ। (ਇਥੇ ਆ ਕੇ ਜੀਵ ਨੇ) ਪ੍ਰਭੂ ਦੀ ਰਚੀ ਮਾਇਆ ਦੇ ਘਰ ਵਿਚ ਵਾਸਾ ਪਾ ਲਿਆ ਹੈ (ਇਸ ਦਾ ਮਨ ਮਾਇਆ ਦੇ ਮੋਹ ਵਿਚ ਫਸ ਗਿਆ ਹੈ)। ਅੰਨ੍ਹੇ ਜੀਵ ਨੇ ਪ੍ਰਭੂ ਦੇ ਨਾਮ ਨੂੰ ਭੁਲਾ ਦਿਤਾ ਹੈ, ਇਕ ਵਾਹਿਗੁਰੂ ਨੂੰ ਭੁਲਾ ਕੇ ਇਹ ਜੀਵਨ ਦੀ ਬਾਜੀ ਹਾਰ ਜਾਂਦਾ ਹੈ।੬।

ਪਦਾਰਥ = ਕੇਤੇ–ਕਿਤਨੇ (ਅਨੇਕਾਂ) ਹੀ। ਵਰਤੇ–ਬੀਤ ਗਏ। ਗੁਬਾਰੈ–ਘੁੱਪ ਹਨ੍ਹੇਰੇ ਵਿਚ। ਤਾੜੀ–ਸਮਾਧੀ। ਅਪਰ–ਜਿਸ ਤੋਂ ਪਰੇ ਹੋਰ ਕੋਈ ਹਸਤੀ ਨਹੀਂ। ਅਪਾਰੈ–ਬੇਅੰਤ ਪ੍ਰਭੂ ਨੇ। ਧੁੰਧੂਕਾਰਿ–ਘੁੱਪ ਹਨ੍ਹੇਰੇ ਵਿਚ। ਨਿਰਾਲਮੁ–ਨਿਰਲੇਪ। ਤਦਿ–ਉਦੋਂ। ਧੰਧੁ–ਕੰਮ ਕਾਜ; ਦੌੜ ਭੱਜ। ਪਸਾਰਾ–ਜਗਤ ਪਸਾਰਾ।੧। ਤਿਨੈ–ਉਸ (ਪ੍ਰਭੂ) ਨੇ। ਭਾਣਾ–ਚੰਗਾ ਲੱਗਾ। ਤਿਵੈ–ਤਿਵੇਂ। ਤਿਸਹਿ–ਉਸ (ਪ੍ਰਭੂ) ਦਾ। ਸਰੀਕ–ਬਰਾਬਰ ਦਾ; ਹਿੱਸੇਦਾਰ।੨। ਬੂਝਹੁ–ਸਮਝੋ। ਗੁਪਤੇ–ਗੁਪਤ ਰੂਪ ਵਿਚ। ਜੁਗ ਚਤੁਆਰੇ–ਚੌਹਾਂ ਜੁਗਾਂ ਵਿਚ। ਘਟਿ ਘਟਿ–ਹਰੇਕ ਜੀਵ ਦੇ ਸਰੀਰ ਵਿਚ। ਉਦਰ ਮਝਾਰੇ–ਪੇਟ ਵਿਚ। ਏਕਾ ਏਕੀ–ਇਕੋ ਇਕ ਪ੍ਰਭੂ।੩। ਬਿੰਦੁ–ਵੀਰਜ। ਰਕਤੁ–ਲਹੂ। ਪਿੰਡੁ–ਸਰੀਰ। ਸਰੀਆ–ਪੈਦਾ ਹੋਇਆ। ਜੀਆ–ਜੀਵ; ਚੇਤਨ ਸੱਤਾ। ਰੰਗ–ਤਮਾਸ਼ੇ। ਮਹਲੀ–ਸਰੀਰਾਂ ਵਿਚ; ਰੰਗ ਮਹਲੀ–ਸੰਸਾਰ ਰੂਪ ਰੰਗ ਅਖਾੜਾ। ਪਸਾਰਾ–ਖਿਲਾਰਾ।੪। ਗਰਭ ਕੁੰਡਲ ਮਹਿ–ਕੁੰਡਲਾਕਾਰ ਪੇਟ (ਬੱਚੇ ਦਾਨੀ) ਵਿਚ। ਉਰਧ–ਪੁੱਠਾ। ਧਿਆਨੀ–ਧਿਆਨ ਵਿਚ। ਸਾਸਿ ਸਾਸਿ–ਹਰੇਕ ਸਾਹ ਨਾਲ। ਸਮਾਲੇ–ਸਿਮਰਦਾ ਹੈ। ਅੰਤਰ ਉਦਰ–ਪੇਟ ਦੇ ਅੰਦਰ। ਮਝਾਰਾ–ਵਿਚ।੫। ਚਾਰਿ ਪਦਾਰਥ–ਧਰਮ, ਅਰਥ ,ਕਾਮ ਤੇ ਮੋਖ। ਜਗਿ–ਜਗਤ ਵਿਚ। ਸਿਵ–ਪ੍ਰਭੂ। ਸਕਤੀ–ਮਾਇਆ। ਏਕੁ ਵਿਸਾਰੇ–ਇਕ ਪ੍ਰਭੂ ਨੂੰ ਭੁਲਾ ਕੇ। ਪਿੜ–ਬਾਜੀ; ਖੇਡ। ਹਾਰੇ–ਹਾਰ ਜਾਂਦਾ ਹੈ। ਅੰਧੁਲੈ–ਅੰਨ੍ਹੇ (ਅਗਿਆਨੀ ਜੀਵ) ਨੇ।੬।

ਬਾਲਕੁ ਮਰੈ ਬਾਲਕ ਕੀ ਲੀਲਾ ॥ ਕਹਿ ਕਹਿ ਰੋਵਹਿ ਬਾਲੁ ਰੰਗੀਲਾ ॥ ਜਿਸ ਕਾ ਸਾ ਸੋ ਤਿਨ ਹੀ ਲੀਆ, ਭੂਲਾ ਰੋਵਣਹਾਰਾ ਹੇ ॥੭॥ ਭਰਿ ਜੋਬਨਿ ਮਰਿ ਜਾਹਿ ਕਿ ਕੀਜੈ ॥ ਮੇਰਾ ਮੇਰਾ ਕਰਿ ਰੋਵੀਜੈ ॥ ਮਾਇਆ ਕਾਰਣਿ ਰੋਇ ਵਿਗੂਚਹਿ, ਧ੍ਰਿਗੁ ਜੀਵਣੁ ਸੰਸਾਰਾ ਹੇ ॥੮॥ ਕਾਲੀ ਹੂ ਫੁਨਿ ਧਉਲੇ ਆਏ ॥ ਵਿਣੁ ਨਾਵੈ ਗਥੁ ਗਇਆ ਗਵਾਏ ॥ ਦੁਰਮਤਿ ਅੰਧੁਲਾ ਬਿਨਸਿ ਬਿਨਾਸੈ, ਮੂਠੇ ਰੋਇ ਪੂਕਾਰਾ ਹੇ ॥੯॥ ਆਪੁ ਵੀਚਾਰਿ ਨ ਰੋਵੈ ਕੋਈ ॥ ਸਤਿਗੁਰੁ ਮਿਲੈ ਤ ਸੋਝੀ ਹੋਈ ॥ ਬਿਨੁ ਗੁਰ ਬਜਰ ਕਪਾਟ ਨ ਖੂਲਹਿ, ਸਬਦਿ ਮਿਲੈ ਨਿਸਤਾਰਾ ਹੇ ॥੧੦॥ ਬਿਰਧਿ ਭਇਆ ਤਨੁ ਛੀਜੈ ਦੇਹੀ ॥ ਰਾਮੁ ਨ ਜਪਈ ਅੰਤਿ ਸਨੇਹੀ ॥ ਨਾਮੁ ਵਿਸਾਰਿ ਚਲੈ ਮੁਹਿ ਕਾਲੈ ,ਦਰਗਹ ਝੂਠੁ ਖੁਆਰਾ ਹੇ ॥੧੧॥ (ਮਾਇਆ ਦੇ ਮੋਹ ਦਾ ਪ੍ਰਭਾਵ ਇਹੋ ਜਿਹਾ ਹੈ ਕਿ ਜੇ ਕਿਸੇ ਦੇ ਘਰ ਵਿਚ ਕੋਈ) ਬੱਚਾ ਮਰ ਜਾਵੇ, ਤਾਂ (ਉਸ ਦੇ ਮਾਂ ਬਾਪ) ਬੱਚੇ ਦੀਆਂ ਖੇਡਾਂ ਯਾਦ ਕਰਦੇ ਹਨ। ਅਤੇ ਬੱਚੇ ਨੂੰ ਬੜਾ ਰੰਗੀਲਾ ਆਖ ਆਖ ਕੇ ਰੋਂਦੇ ਹਨ। (ਉਹ

ਨਹੀਂ ਜਾਣਦੇ ਕਿ) ਜਿਸ ਪ੍ਰਭੂ ਦਾ ਦਿਤਾ ਉਹ ਬੱਚਾ ਸੀ, ਉਸ ਪ੍ਰਭੂ ਨੇ ਹੀ ਲੈ ਲਿਆ ਹੈ, ਰੋਣ ਵਾਲਾ (ਇਸ ਭੇਦ ਨੂੰ) ਭੁੱਲਿਆ ਹੋਇਆ ਹੈ।੭।ਜੇ ਕੋਈ ਮਨੁੱਖ ਭਰ ਜੁਵਾਨੀ ਵਿਚ ਮਰ ਜਾਵੇ, ਤਾਂ ਕੀ ਕੀਤਾ ਜਾ ਸਕਦਾ ਹੈ? ਮੇਰਾ ਬੇਟਾ ਮੇਰਾ ਭਰਾ ਬੋਲ ਕਰਕੇ (ਉਸ ਮਰੇ ਮਨੁੱਖ ਲਈ) ਰੋਇਆ ਜਾਂਦਾ ਹੈ।(ਰੋਣ ਵਾਲੇ ਬੰਦੇ ਉਸ ਦੀ) ਮਾਇਆ ਵਾਸਤੇ ਰੋ ਰੋ ਕੇ ਦੁਖੀ ਹੁੰਦੇ ਹਨ, ਸੰਸਾਰ ਵਿਚ (ਇਹੋ ਜਿਹੇ ਲੋਕਾਂ ਦਾ) ਜੀਵਨ ਧ੍ਰਿਕਾਰ ਯੋਗ ਹੈ।੮।(ਹੇ ਭਾਈ!) ਕਾਲੇ ਵਾਲਾਂ ਤੋਂ ਫਿਰ ਚਿੱਟੇ ਵਾਲ ਆ ਗਏ ਹਨ (ਜਵਾਨੀ ਤੋਂ ਬੁਢੇਪਾ ਆ ਗਿਆ ਹੈ।ਫਿਰ ਵੀ) ਪ੍ਰਭੂ ਦੇ ਨਾਮ ਤੋਂ ਬਿਨਾ (ਮਨੁੱਖ) ਸਵਾਸਾਂ ਦੀ ਪੂੰਜੀ ਗਵਾ ਕੇ (ਪ੍ਰਲੋਕ ਨੂੰ) ਚਲਾ ਗਿਆ ਹੈ।ਖੋਟੀ ਮੱਤ ਕਰਕੇ ਅਗਿਆਨੀ ਮਨੁੱਖ ਬਰਬਾਦ ਹੁੰਦਾ ਹੈ ਤੇ ਹੋਰਨਾਂ ਨੂੰ ਵੀ ਬਰਬਾਦ ਕਰਦਾ ਹੈ, ਮਾਇਆ ਦਾ ਠੱਗਿਆ ਮਨੁੱਖ (ਸਾਰੀ ਉਮਰ) ਰੋ ਰੋ ਕੇ ਚਿਲਾਉਂਦਾ ਰਹਿੰਦਾ ਹੈ।੯।(ਜਿਹੜਾ) ਕੋਈ ਮਨੁੱਖ ਅਪਣੇ ਆਪ ਨੂੰ ਵਿਚਾਰਦਾ ਹੈ (ਕਿ ਮੌਤ ਤਾਂ ਇਕ ਸੱਚਾਈ ਹੈ), ਉਹ ਰੋਂਦਾ ਨਹੀਂ।(ਪਰ ਇਹ) ਸੋਝੀ ਤਾਂ ਹੁੰਦੀ ਹੈ, (ਜੇ ਮਨੁੱਖ ਨੂੰ) ਸਤਿਗੁਰੂ ਮਿਲ ਪਵੇ।(ਕਿਉਂਕਿ) ਅਗਿਆਨਤਾ ਦੇ ਕਰੜੇ ਕਪਾਟ ਗੁਰੂ ਤੋਂ ਬਿਨਾ ਖੁਲ੍ਹਦੇ ਨਹੀਂ, (ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਨੂੰ ਮਿਲਦਾ ਹੈ, (ਉਸ ਦਾ ਭਵਜਲ ਤੋਂ) ਪਾਰ ਉਤਾਰਾ ਹੁੰਦਾ ਹੈ।੧੦।(ਜਦੋਂ ਮਨੁੱਖ ਦਾ) ਸਰੀਰ ਬੁੱਢਾ ਹੁੰਦਾ ਹੈ, ਤਾਂ ਸਰੀਰ ਕਮਜੋਰ ਹੋ ਜਾਂਦਾ ਹੈ।(ਫਿਰ ਵੀ ਇਹ) ਪ੍ਰਭੂ ਨੂੰ ਨਹੀਂ ਜਪਦਾ, ਜੋ ਅੰਤ ਸਮੇਂ ਪਿਆਰਾ ਮਿਤ੍ਰ ਬਣਦਾ ਹੈ।ਪ੍ਰਭੂ ਦੇ ਨਾਮ ਨੂੰ ਭੁਲਾ ਕੇ ਮਨੁੱਖ ਕਾਲੇ ਮੂੰਹ (ਜਾਂ ਕਾਲੇ ਮੂੰਹ ਵਾਲੇ ਜਮਾਂ) ਨਾਲ ਪ੍ਰਲੋਕ ਨੂੰ ਜਾਂਦਾ ਹੈ, ਰੱਬੀ ਦਰਗਾਹ ਵਿਚ ਝੂਠ ਇਸ ਨੂੰ ਖੁਆਰ ਕਰਦਾ ਹੈ।੧੧।

ਪਦਾਰਥ = ਲੀਲਾ-ਖੇਡਾਂ।ਰੋਵਹਿ-ਰੋਂਦੇ ਹਨ।ਰੰਗੀਲਾ-ਸੁੰਦਰ; ਗੁਣਵਾਨ।ਸਾ-ਸੀ।ਸੋ-ਉਹ (ਬੱਚਾ) ਤਿਨ ਹੀ-ਉਸ ਨੇ ਹੀ।੭। ਭਰਿ ਜੋਬਨਿ-ਭਰ ਜੁਆਨੀ ਵਿਚ।ਕਿ ਕੀਜੈ-ਕੀ ਕੀਤਾ ਜਾ ਸਕਦਾ ਹੈ? ਰੋਵੀਜੈ-ਰੋਇਆ ਜਾਂਦਾ ਹੈ।ਕਾਰਣਿ-ਵਾਸਤੇ।ਰੋਇ-ਰੋ ਰੋ ਕੇ।ਵਿਗੂਚਹਿ-ਖੁਆਰ ਹੁੰਦੇ ਹਨ।ਧ੍ਰਿਗੁ-ਫਿਟਕਾਰ ਯੋਗ।੮।ਕਾਲੀ ਹੂ-ਕਾਲੇ ਵਾਲਾਂ ਤੋਂ।ਫੁਨਿ-ਫਿਰ; ਮੁੜ।ਧਉਲੇ-ਚਿੱਟੇ ਵਾਲ। ਗਥੁ-ਪੂੰਜੀ।ਗਵਾਏ-ਗਵਾ ਕੇ।ਦੁਰਮਤਿ-ਖੋਟੀ ਮੱਤ ਕਰਕੇ।ਅੰਧੁਲਾ-ਅੰਨ੍ਹਾ (ਅਗਿਆਨੀ ਮਨੁੱਖ)।ਬਿਨਸਿ-ਬਰਬਾਦ ਹੁੰਦਾ ਹੈ। ਬਿਨਾਸੈ-(ਦੂਜਿਆਂ ਨੂੰ ਵੀ) ਬਰਬਾਦ ਕਰਦਾ ਹੈ।ਮੂਠੇ-ਠੱਗਿਆ ਹੋਇਆ।ਪੂਕਾਰਾ ਹੇ-ਚਿਲਾਉਂਦਾ ਹੈ।੯।ਆਪੁ-ਅਪਣੇ ਆਪ ਨੂੰ ।ਤ-ਤਾਂ; ਤਦ।ਬਜਰ ਕਪਾਟ-ਅਗਿਆਨਤਾ ਦੇ ਕਰੜੇ ਦਰਵਾਜੇ।ਨਿਸਤਾਰਾ-ਪਾਰ ਉਤਾਰਾ; ਮੁਕਤੀ।੧੦।ਬਿਰਧਿ-ਬੁਢਾ। ਭਇਆ-ਹੁੰਦਾ ਹੈ।ਤਨੁ ਛੀਜੈ-ਸਰੀਰ ਕਮਜੋਰ ਹੋ ਜਾਂਦਾ ਹੈ।ਦੇਹੀ-ਸਰੀਰ।ਰਾਮੁ-ਵਾਹਿਗੁਰੂ ਨੂੰ।ਅੰਤਿ-ਅੰਤ ਸਮੇਂ।ਸਨੇਹੀ-ਮਿਤ੍ਰ ।ਵਿਸਾਰਿ-ਭੁਲਾ ਕੇ।ਮੁਹਿ ਕਾਲੈ-ਕਾਲੇ ਮੂੰਹ ਨਾਲ; ਕਾਲੇ ਮੂੰਹ ਵਾਲੇ ਜਮਾਂ ਨਾਲ।ਖੁਆਰਾ-ਬੇਇਜਤ ਹੁੰਦਾ ਹੈ।੧੧।

ਨਾਮੁ ਵਿਸਾਰਿ ਚਲੈ ਕੂੜਿਆਰੋ ॥ ਆਵਤ ਜਾਤ ਪੜੈ ਸਿਰਿ ਛਾਰੋ ॥ ਸਾਹੁਰੜੈ ਘਰਿ ਵਾਸੁ ਨ ਪਾਏ, ਪੇਈਅੜੈ ਸਿਰਿ ਮਾਰਾ ਹੇ ॥੧੨॥ ਖਾਜੈ ਪੈਝੈ ਰਲੀ ਕਰੀਜੈ ॥ ਬਿਨੁ ਅਭ ਭਗਤੀ ਬਾਦਿ ਮਰੀਜੈ ॥ ਸਰ ਅਪਸਰ ਕੀ ਸਾਰ ਨ ਜਾਣੈ, ਜਮ ਮਾਰੇ ਕਿਆ ਚਾਰਾ ਹੇ ॥੧੩॥ ਪਰਵਿਰਤੀ ਨਰਵਿਰਤਿ ਪਛਾਣੈ ॥ ਗੁਰ ਕੈ ਸੰਗਿ ਸਬਦਿ ਘਰੁ ਜਾਣੈ ॥ ਕਿਸ ਹੀ ਮੰਦਾ ਆਖਿ ਨ ਚਲੈ, ਸਚਿ ਖਰਾ ਸਚਿਆਰਾ ਹੇ ॥੧੪॥ ਸਾਚ ਬਿਨਾ ਦਰਿ ਸਿਝੈ ਨ ਕੋਈ ॥ ਸਾਚ ਸਬਦਿ ਪੈਝੈ ਪਤਿ ਹੋਈ ॥ ਆਪੇ ਬਖਸਿ ਲਏ ਤਿਸੁ ਭਾਵੈ, ਹਉਮੈ ਗਰਬੁ ਨਿਵਾਰਾ ਹੇ ॥੧੫॥ ਗੁਰ ਕਿਰਪਾ ਤੇ ਹੁਕਮੁ ਪਛਾਣੈ ॥ ਜੁਗਹ ਜੁਗੰਤਰ ਕੀ ਬਿਧਿ ਜਾਣੈ ॥ ਨਾਨਕ ਨਾਮੁ ਜਪਹੁ ਤਰੁ ਤਾਰੀ, ਸਚੁ ਤਾਰੇ ਤਾਰਣਹਾਰਾ ਹੇ ॥੧੬॥੧॥੭॥ (ਹੇ ਭਾਈ!) ਝੂਠਾ ਮਨੁੱਖ ਪ੍ਰਭੂ ਦਾ ਨਾਮ ਭੁਲਾ ਕੇ (ਸੰਸਾਰ ਤੋਂ ਖਾਲੀ ਹੱਥ) ਚਲੇ ਜਾਂਦਾ ਹੈ।ਆਉਂਦਿਆਂ ਜਾਂਦਿਆਂ (ਜੰਮਦਿਆਂ ਮਰਦਿਆਂ ਉਸ ਦੇ) ਸਿਰ ਉਤੇ ਸੁਆਹ ਹੀ ਪੈਂਦੀ ਹੈ।ਸਹੁਰੇ ਘਰ (ਪ੍ਰਲੋਕ ਘਰ) ਵਿਚ ਉਹ ਵਾਸਾ ਨਹੀਂ ਪਾ ਸਕਦਾ, ਪੇਕੇ ਘਰ (ਸੰਸਾਰ ਵਿਚ ਰਹਿ ਕੇ ਵੀ ਉਹ) ਸਿਰ ਉਤੇ ਲਾਹਣਤਾਂ ਦੀ ਮਾਰ ਹੀ ਖਾਂਦਾ ਹੈ।੧੨।(ਮਨੁੱਖ ਚੰਗੇ ਖਾਣੇ) ਖਾਂਦਾ ਹੈ, (ਸੋਹਣੇ ਕਪੜੇ) ਪਹਿਨਦਾ ਹੈ ਅਤੇ ਮੌਜਾਂ ਮਾਣਦਾ ਹੈ।(ਪਰ ਉਹ) ਦਿਲੋਂ ਕੀਤੀ ਭਗਤੀ ਤੋਂ ਬਿਨਾ ਬਿਅਰਥ ਹੀ ਮਰ ਜਾਂਦਾ ਹੈ।(ਉਹ) ਚੰਗੇ ਮੰਦੇ ਦੀ ਸਾਰ ਨਹੀਂ ਜਾਣਦਾ, (ਜਦੋਂ ਜਮ ਉਸ ਨੂੰ) ਮਾਰੇਗਾ, (ਤਾਂ ਜਮਾਂ ਅੱਗੇ ਇਸ ਦਾ) ਕੀ ਜੋਰ ਚਲ ਸਕੇਗਾ? (ਕੋਈ ਪੇਸ਼ ਨਹੀ ਚੱਲੇਗੀ)।੧੩।(ਜਿਹੜਾ ਮਨੁੱਖ) ਗ੍ਰਿਹਸਤੀ ਜੀਵਨ ਵਿਚ ਰਹਿ ਕੇ ਦੁਨੀਆਂ ਤੋਂ ਤਿਆਗ ਦੀ ਹਾਲਤ ਜਾਣਦਾ ਹੈ {ਗੁਰਮੁਖਿ ਸਰ ਅਪਸਰ ਬਿਧਿ ਜਾਣੈ।ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ੯੪੧}।(ਉਹ) ਗੁਰੂ ਦੀ ਸੰਗਤ ਵਿਚ ਰਹਿ ਕੇ ਗੁਰੂ ਦੇ ਸ਼ਬਦ ਵਿਚ ਜੁੜ ਕੇ (ਅਪਣੇ ਅਸਲੀ) ਘਰ ਨੂੰ ਜਾਣ ਲੈਂਦਾ ਹੈ।(ਫਿਰ ਉਹ ਗੁਰਮੁਖ) ਕਿਸੇ ਨੂੰ ਮੰਦਾ ਬੋਲ ਬੋਲ ਕੇ ਨਹੀਂ ਚਲਦਾ, (ਕਿਉਂਕਿ ਉਹ) ਸੱਚੇ ਨਾਮ ਵਿਚ ਜੁੜ ਕੇ ਖਰਾ ਸਚਿਆਰ ਬਣ ਗਿਆ ਹੈ।੧੪।(ਹੇ ਭਾਈ!) ਸੱਚੇ ਨਾਮ ਤੋਂ ਬਿਨਾ ਪ੍ਰਭੂ ਦੇ ਦਰ ਤੇ ਕੋਈ ਮਨੁੱਖ ਮੁਕਤ ਨਹੀਂ ਹੁੰਦਾ।ਸੱਚੇ ਸ਼ਬਦ ਵਿਚ ਜੁੜਿਆਂ (ਰੱਬੀ ਦਰਗਾਹ ਵਿਚ) ਸਿਰੋਪਾ ਪਹਿਨਾਇਆ ਜਾਂਦਾ (ਮਾਣ ਮਿਲਦਾ) ਹੈ ਅਤੇ (ਇਸ ਲੋਕ ਵਿਚ ਵੀ) ਇੱਜਤ ਹੁੰਦੀ ਹੈ।(ਜਿਹੜਾ ਮਨੁੱਖ ਧਨ ਦਾ) ਹੰਕਾਰ ਤੇ ਜਾਤ ਦਾ ਹੰਕਾਰ

ਦੂਰ ਕਰਦਾ ਹੈ, ਉਹ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ ਅਤੇ ਉਸ ਨੂੰ ਪ੍ਰਭੂ ਬਖਸ਼ ਲੈਂਦਾ ਹੈ।੧੫। (ਜੋ ਮਨੁੱਖ) ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਦੇ ਹੁਕਮ ਨੂੰ ਪਛਾਣਦਾ ਹੈ। (ਉਹ) ਜੁਗਾਂ ਜੁਗਾਂਤਰਾਂ ਤੋਂ ਚਲੀ ਆ ਰਹੀ ਜੀਵਨ ਜਿਉਣ ਦੀ ਵਿਧੀ ਜਾਣ ਲੈਂਦਾ ਹੈ (ਪਰ ਅਪਣੀ ਵਿਧੀ ਅਗਲੀ ਤੁਕ ਵਿਚ ਦਸਦੇ ਹਨ)। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਹੇ ਭਾਈ!) ਪ੍ਰਭੂ ਦਾ ਨਾਮ ਜਪੋ, (ਨਾਮ ਰੂਪ) ਬੇੜੀ ਤੇ ਚੜ੍ਹ ਕੇ (ਭਵਜਲ ਨੂੰ) ਤਰ ਜਾਓ, ਤਾਰਨ ਵਾਲਾ ਸਚਾ ਪ੍ਰਭੂ ਤੁਹਾਨੂੰ ਤਾਰ ਦੇਵੇਗਾ।੧੬।੧।੭।

ਜੁਗਹ ਜੁਗੰਤਰਿ = ਜੀਵਨ ਦੀ ਵਿਧੀ (ਜੁਗਤੀ)। ਸਮੇਂ ਸਮੇਂ ਦੀ ਰਹਿਣੀ ਦੇ ਤਰੀਕੇ ਜਾਣਦਾ ਹੈ, ਭਾਵ ਉਸ ਨੂੰ ਪਤਾ ਹੁੰਦਾ ਹੈ ਕਿ ਕਿਸੇ ਜੁਗ ਵਿਚ ਭਗਤੀ ਮਾਰਗ ਪ੍ਰਚੱਲਤ ਸੀ, ਕਿਸੇ ਵਿਚ ਗਿਆਨ ਮਾਰਗ। (ਸ਼ਬਦਾਰਥ); ਜੁਗਾਂ ਜੁਗਾਂ ਵਿਚ ਜੋ ਪ੍ਰਭੂ ਵਿਆਪਕ ਹੈ, ਉਹ ਪੁਰਖ ਉਸ ਪ੍ਰਭੂ ਦੀ ਪ੍ਰਾਪਤੀ ਦੀ ਵਿਧੀ ਜਾਣਦਾ ਹੈ (ਫ.ਸ.; ਸੰ.ਸ.; ਟਕਸਾਲ)।

ਪਦਾਰਥ = ਵਿਸਾਰਿ–ਭੁਲਾ ਕੇ। ਕੂੜਿਆਰੋ–ਝੂਠਾ ਮਨੁੱਖ। ਆਵਤ ਜਾਤ–ਜੰਮਦਿਆਂ ਮਰਦਿਆਂ। ਪੜੈ ਛਾਰੋ–ਸੁਆਹ ਪੈਂਦੀ ਹੈ। ਸਿਰਿ –ਸਿਰ ਉਤੇ। ਸਾਹੁਰੜੈ ਘਰਿ–ਸਹੁਰੇ ਘਰ (ਪ੍ਰਲੋਕ) ਵਿਚ। ਪੇਈਅੜੇ–ਇਸ ਲੋਕ ਵਿਚ। ਸਿਰਿ ਮਾਰਾ ਹੇ–ਸਿਰ ਉਤੇ ਮਾਰ ਖਾਂਦਾ ਹੈ ।੧੨। ਖਾਜੈ–ਖਾਂਦਾ ਹੈ। ਪੈਝੈ–ਪਹਿਨਦਾ ਹੈ। ਰਲੀ ਕਰੀਜੈ–ਮੌਜਾਂ ਮਾਣਦਾ ਹੈ। ਅਭ ਭਗਤੀ–ਦਿਲੋਂ ਕੀਤੀ ਭਗਤੀ। ਬਾਦਿ–ਬਿਅਰਥ ।ਮਰੀਜੈ–ਮਰ ਜਾਂਦਾ ਹੈ। ਸਰ ਅਪਸਰ ਕੀ–ਚੰਗੇ ਮੰਦੇ ਦੀ। ਸਾਰ–ਸਮਝ; ਪਰਖ। ਚਾਰਾ–ਜੋਰ; ਪੇਸ਼।੧੩। ਪਰਵਿਰਤੀ–ਗ੍ਰਿਹਸਤ ਵਿਚ ਰਹਿੰਦਿਆਂ। ਨਿਰਵਿਰਤੀ–ਸੰਸਾਰ ਤੋਂ ਤਿਆਗ ਵਾਲੀ ਅਵਸਥਾ। ਸਬਦਿ–ਸ਼ਬਦ ਵਿਚ ਜੁੜ ਕੇ। ਘਰੁ–ਅਸਲੀ ਘਰ ਨੂੰ। ਪਛਾਣੈ–ਜਾਣਦਾ ਹੈ। ਕਿਸ ਹੀ–ਕਿਸੇ ਨੂੰ ਵੀ। ਸਚਿ–ਸੱਚੇ ਨਾਮ ਵਿਚ ਜੁੜ ਕੇ। ਖਰਾ–ਚੰਗਾ।੧੪। ਦਰਿ–ਪ੍ਰਭੂ ਦੇ ਦਰ ਤੇ। ਸਿਝੈ–ਮੁਕਤ; ਸਫਲ। ਪੈਝੈ–ਸਿਰੋਪਾ ਪਹਿਨਾਇਆ ਜਾਂਦਾ ਹੈ। ਪਤਿ–ਇੱਜਤ। ਤਿਸੁ ਭਾਵੈ–ਉਸ ਪ੍ਰਭੂ ਨੂੰ ਚੰਗਾ ਲਗਦਾ ਹੈ। ਗਰਬੁ–ਹੰਕਾਰ। ਨਿਵਾਰਾ ਹੇ–ਦੂਰ ਕਰ ਲੈਂਦਾ ਹੈ।੧੫। ਤੇ–ਤੋਂ; ਨਾਲ। ਜੁਗਹ ਜੁਗੰਤਰਿ ਕੀ–ਹਰੇਕ ਜੁਗ ਦੇ ਅੰਦਰ ਦੀ। ਬਿਧਿ–ਜੁਗਤੀ; ਤਰੀਕਾ। ਤਰੁ–ਤਰ ਜਾਓ (ਸੰਸਾਰ ਸਮੁੰਦਰ ਨੂੰ)। ਤਾਰੀ–ਬੇੜੀ। ਸਚੁ–ਸੱਚਾ ਪ੍ਰਭੂ। ਤਾਰੇ–ਤਾਰ ਦੇਵੇਗਾ।੧੬।੧।੭।

ਸਾਰੰਸ਼ = ਹਰੀ ਪਹਿਲਾਂ ਨਿਰਗੁਣ ਸੀ, ਫਿਰ ਸਰਗੁਣ ਹੋ ਕੇ ਸੰਸਾਰ ਪੈਦਾ ਕੀਤਾ, ਜੀਵ ਪੈਦਾ ਹੋਏ। ਜੰਮਣ ਵੇਲੇ ਤਾਂ ਮਨੁੱਖ ਉਚਾ ਆਦਰਸ਼ ਲੈ ਕੇ ਆਉਂਦਾ ਹੈ, ਪਰ ਸੰਸਾਰ ਦੀ ਮਾਇਆ ਵਿਚ ਪੈ ਕੇ ਉਹ ਆਦਰਸ਼ ਭੁੱਲ ਜਾਂਦਾ ਹੈ ਅਤੇ ਦੁਰਮਤਿ ਵਿਚ ਪੈ ਕੇ ਹਰੀ ਨੂੰ ਨਹੀਂ ਸਿਮਰਦਾ। ਗੁਰੂ ਕਪਾਟ ਖੋਲ੍ਹਦਾ ਹੈ ਤੇ ਹੁਕਮ ਪਛਾਣ ਕੇ ਸੱਚ ਵਿਚ ਲਗਦਾ ਹੈ। (ਸ਼ਬਦਾਰਥ)

ਮਾਰੂ ਮਹਲਾ ੧ ॥ ਹਰਿ ਸਾ ਮੀਤੁ ਨਾਹੀ ਮੈ ਕੋਈ ॥ ਜਿਨਿ ਤਨੁ ਮਨੁ ਦੀਆ ਸੁਰਤਿ ਸਮੋਈ ॥ ਸਰਬ ਜੀਆ ਪ੍ਰਤਿਪਾਲਿ ਸਮਾਲੇ, ਸੋ ਅੰਤਰਿ ਦਾਨਾ ਬੀਨਾ ਹੇ ॥੧॥ ਗੁਰੁ ਸਰਵਰੁ ਹਮ ਹੰਸੁ ਪਿਆਰੇ ॥ ਸਾਗਰ ਮਹਿ ਰਤਨ ਲਾਲ ਬਹੁ ਸਾਰੇ ॥ ਮੋਤੀ ਮਾਣਕ ਹੀਰਾ ਹਰਿ ਜਸੁ ,ਗਾਵਤ ਮਨੁ ਤਨੁ ਭੀਨਾ ਹੇ ॥੨॥ ਹਰਿ ਅਗਮ ਅਗਾਹੁ ਅਗਾਧਿ ਨਿਰਾਲਾ ॥ ਹਰਿ ਅੰਤੁ ਨ ਪਾਈਐ ਗੁਰ ਗੋਪਾਲਾ ॥ ਸਤਿਗੁਰ ਮਤਿ ਤਾਰੇ ਤਾਰਣਹਾਰਾ, ਮੇਲਿ ਲਏ ਰੰਗਿ ਲੀਨਾ ਹੇ ॥੩॥ ਸਤਿਗੁਰ ਬਾਝਹੁ ਮੁਕਤਿ ਕਿਨੇਹੀ ॥ ਓਹੁ ਆਦਿ ਜੁਗਾਦੀ ਰਾਮ ਸਨੇਹੀ ॥ ਦਰਗਹ ਮੁਕਤਿ ਕਰੇ ਕਰਿ ਕਿਰਪਾ, ਬਖਸੇ ਅਵਗੁਣ ਕੀਨਾ ਹੇ ॥੪॥(ਹੇ ਭਾਈ!) ਮੈਨੂੰ ਹਰੀ ਵਰਗਾ ਮਿਤ੍ਰ ਕੋਈ ਨਹੀਂ ਦਿਸਦਾ। ਜਿਸ ਹਰੀ ਨੇ ਮੈਨੂੰ ਸਰੀਰ ਤੇ ਮਨ ਦਿਤਾ ਹੈ ਅਤੇ (ਮੇਰੇ ਅੰਦਰ) ਸੁਰਤ ਟਿਕਾ ਦਿਤੀ ਹੈ। (ਉਹ) ਸਾਰੇ ਜੀਵਾਂ ਦੀ ਪਾਲਣਾ ਕਰਕੇ ਸਭ ਦੀ ਸੰਭਾਲ ਕਰਦਾ ਹੈ, ਉਹ (ਸਾਡੇ ਅੰਦਰ) ਵਸਦਾ ਹੈ, (ਦਿਲਾਂ ਦੀ) ਜਾਨਣ ਵਾਲਾ ਤੇ ਸਭ ਦੇ ਕਰਮਾਂ ਨੂੰ ਦੇਖਣ ਵਾਲਾ ਹੈ।੧। ਗੁਰੂ ਮਾਨ ਸਰੋਵਰ ਹੈ (ਜਿਸ ਰਾਹੀਂ ਪ੍ਰਭੂ ਮਿਤ੍ਰ ਮਿਲਦਾ ਹੈ), ਅਸੀਂ ਉਸ ਪਿਆਰੇ ਸਰੋਵਰ ਦੇ ਹੰਸ ਹਾਂ। ਗੁਰੂ ਰੂਪ ਸਮੁੰਦਰ ਵਿਚ ਬਹੁਤ ਸਾਰੇ ਦੈਵੀ ਗੁਣ ਰੂਪ ਰਤਨ ਤੇ ਲਾਲ ਹਨ। ਹਰੀ ਦਾ ਜਸ ਰੂਪ ਮੋਤੀ, ਮਾਣਕ ਅਤੇ ਹੀਰੇ ਹਨ, (ਹਰੀ ਜਸ) ਗਾਉਂਦਿਆਂ ਮਨ ਤੇ ਸਰੀਰ ਪ੍ਰਸੰਨ ਹੋ ਜਾਂਦਾ ਹੈ।੨। (ਹੇ ਭਾਈ!) ਹਰੀ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਉਹ ਇੰਦ੍ਰੀਆਂ ਦੀ ਪਕੜ ਤੋਂ ਵੀ ਪਰੇ, ਹੈ, ਬੇਅੰਤ ਹੈ ਅਤੇ ਨਿਰਲੇਪ ਹੈ। ਸ੍ਰਿਸਟੀ ਦੀ ਪਾਲਣਾ ਕਰਨ ਵਾਲੇ ਹਰੀ ਗੁਰੂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਭਵਜਲ ਤੋਂ ਤਾਰਨ ਵਾਲਾ ਪ੍ਰਭੂ ਸਤਿਗੁਰੂ ਦੀ ਸਿੱਖਿਆ ਦੁਆਰਾ ਮਨੁੱਖ ਨੂੰ ਪ੍ਰੇਮ ਵਿਚ ਲੀਨ ਕਰਕੇ ਅਪਣੇ ਨਾਲ ਮਿਲਾ ਲੈਂਦਾ ਹੈ।੩। (ਹੇ ਭਾਈ!) ਸਤਿਗੁਰੂ ਤੋਂ ਬਿਨਾ ਮੁਕਤੀ ਕਾਹਦੀ (ਨਹੀਂ ਮਿਲ ਸਕਦੀ)। ਉਹ ਸਤਿਗੁਰੂ ਸਦਾ ਤੋਂ ਪ੍ਰਭੂ ਦਾ ਪਿਆਰਾ ਹੈ। (ਉਹ ਪ੍ਰਭੂ ਮਨੁੱਖ ਦੇ) ਕੀਤੇ ਔਗਣ ਬਖਸ਼ ਦੇਂਦਾ ਹੈ ਅਤੇ ਕ੍ਰਿਪਾ ਕਰਕੇ ਦਰਗਾਹ ਵਿਚ ਵੀ ਮੁਕਤ ਕਰ ਦੇਂਦਾ ਹੈ।੪।

ਅੰਗ ੧੦੨੮ = ਸਤਿਗੁਰੁ ਦਾਤਾ ਮੁਕਤਿ ਕਰਾਏ ॥ ਸਭਿ ਰੋਗ ਗਵਾਏ ਅੰਮ੍ਰਿਤ ਰਸੁ ਪਾਏ ॥ ਜਮੁ ਜਾਗਾਤਿ ਨਾਹੀ ਕਰੁ ਲਾਗੈ, ਜਿਸੁ ਅਗਨਿ ਬੁਝੀ ਠਰੁ ਸੀਨਾ ਹੇ ॥੫॥ ਕਾਇਆ ਹੰਸ ਪ੍ਰੀਤਿ ਬਹੁ ਧਾਰੀ ॥ ਓਹੁ ਜੋਗੀ ਪੁਰਖੁ ਓਹ ਸੁੰਦਰਿ ਨਾਰੀ ॥ ਅਹਿਨਿਸਿ ਭੋਗੈ ਚੋਜ ਬਿਨੋਦੀ, ਉਠਿ ਚਲਤੈ ਮਤਾ ਨ ਕੀਨਾ ਹੇ ॥੬॥ ਨਾਮ ਦਾ ਦਾਤਾ ਸਤਿਗੁਰੂ ਵਿਕਾਰਾਂ ਤੋਂ ਮੁਕਤ ਕਰਾ ਦੇਂਦਾ ਹੈ। ਅੰਮ੍ਰਿਤ

ਨਾਮ ਦਾ ਰਸ (ਸਾਡੇ ਅੰਦਰ) ਪਾ ਕੇ ਸਾਰੇ ਰੋਗ ਦੂਰ ਕਰ ਦੇਂਦਾ ਹੈ। ਜਿਸ ਮਨੁੱਖ ਦੀ (ਨਾਮ ਰਸ ਨਾਲ) ਤ੍ਰਿਸ਼ਨਾ ਦੀ ਅੱਗ ਬੁਝ ਗਈ ਹੈ ਅਤੇ ਛਾਤੀ ਠੰਢੀ ਹੋ ਗਈ ਹੈ, (ਉਸ ਨੂੰ) ਜਮ ਮਸੂਲੀਏ ਦਾ ਟੈਕਸ ਨਹੀਂ ਲਗਦਾ।੫। ਸਰੀਰ ਅਤੇ ਜੀਵਾਤਮਾ ਨੇ ਆਪਸ ਵਿਚ ਬਹੁਤ ਪ੍ਰੀਤ ਧਾਰੀ ਹੋਈ ਹੈ। (ਪਰ) ਉਹ ਜੀਵਾਤਮਾ ਜੋਗੀ (ਫੇਰੀ ਪਾ ਕੇ ਚਲੇ ਜਾਣ ਵਾਲਾ) ਪੁਰਖ ਹੈ ਅਤੇ ਉਹ ਦੇਹ ਸੁੰਦਰ ਇਸਤ੍ਰੀ ਵਾਂਗ ਹੈ। (ਜੀਵਾਤਮਾ) ਰੰਗ ਰਲੀਆਂ ਮਾਨਣ ਵਾਲਾ ਚੋਜੀ ਬਣ ਕੇ ਦਿਨ ਰਾਤ ਦੇਹੀ ਨੂੰ ਭੋਗਦਾ ਹੈ, (ਪਰ ਮੌਤ ਵੇਲੇ ਇਥੋਂ) ਉਠ ਕੇ ਤੁਰਨ ਲੱਗਿਆਂ ਦੇਹ ਨਾਲ ਸਲਾਹ ਵੀ ਨਹੀਂ ਕਰਦਾ (ਐਵੇਂ ਹੀ ਛਡ ਕੇ ਤੁਰ ਪੈਂਦਾ ਹੈ)।੬।

ਪਦਾਰਥ = ਸਾ-ਵਰਗਾ। ਮੀਤੁ-ਮਿਤ੍ਰ। ਜਿਨਿ-ਜਿਸ ਨੇ। ਤਨੁ-ਸਰੀਰ। ਦੀਆ-ਦਿਤਾ ਹੈ। ਸੁਰਤਿ-ਸੋਝੀ। ਸਮੋਈ-ਟਿਕਾਈ ਹੈ। ਸਰਬ ਜੀਆ-ਸਾਰੇ ਜੀਵਾਂ ਦੀ। ਸਮਾਲੇ-ਸੰਭਾਲਦਾ ਹੈ। ਸੋ-ਉਹ। ਦਾਨਾ-ਦਿਲ ਦੀਆਂ ਜਾਨਣ ਵਾਲਾ। ਬੀਨਾ-ਦੇਖਣ ਵਾਲਾ।੧। ਗੁਰੁ ਸਰਵਰੁ-ਗੁਰੂ ਮਾਨ ਸਰੋਵਰ ਹੈ। ਹਮ-ਅਸੀਂ। ਹੰਸ ਪਿਆਰੇ-ਪਿਆਰੇ (ਸਰੋਵਰ ਰੂਪ ਗੁਰੂ) ਦੇ ਹੰਸ ਹਾਂ। ਸਾਗਰ ਮਹਿ-ਸਮੁੰਦਰ ਵਿਚ। ਬਹੁ ਸਾਰੇ-ਬਹੁਤ ਸਾਰੇ। ਭੀਨਾ ਹੇ-ਪ੍ਰਸੰਨ ਹੋ ਜਾਂਦਾ ਹੈ।੨। ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗਾਹੁ-ਅਥਾਹ; ਬੇਅੰਤ। ਅਗਾਧਿ-ਜਿਸ ਦਾ ਥੱਲਾ ਮਲੂਮ ਨਾ ਹੋ ਸਕੇ। ਨਿਰਾਲਾ-ਨਿਰਲੇਪ। ਮਤਿ-ਸਿੱਖਿਆ ਰਾਹੀਂ। ਰੰਗਿ-ਪ੍ਰੇਮ ਵਿਚ। ਲੀਨਾ-ਲੀਨ ਕਰਕੇ।੩। ਬਾਝਹੁ-ਬਿਨਾ। ਕਿਨੇਹੀ-ਕਿਹੋ ਜਿਹੀ। ਆਦਿ ਜੁਗਾਦੀ-ਸਦਾ ਤੋਂ; ਮੁਢ ਤੋਂ। ਰਾਮ ਸਨੇਹੀ-ਪ੍ਰਭੂ ਦਾ ਪਿਆਰਾ ਹੈ। ਕਰੇ-ਕਰਦਾ ਹੈ। ਬਖਸੇ-ਮਾਫ ਕਰ ਦੇਂਦਾ ਹੈ। ਕੀਨਾ-ਕੀਤੇ ਹੋਏ।੪। ਮੁਕਤਿ ਕਰਾਏ-ਵਿਕਾਰਾਂ ਤੋਂ ਮੁਕਤ ਕਰਾ ਦੇਂਦਾ ਹੈ। ਗਵਾਏ-ਦੂਰ ਕਰਦਾ ਹੈ। ਰਸੁ ਪਾਏ-ਨਾਮ ਰਸ ਪਾ ਕੇ। ਜਾਗਾਤਿ-ਟੈਕਸ ਲੈਣ ਵਾਲਾ। ਕਰੁ-ਟੈਕਸ। ਠਰੁ ਸੀਨਾ ਹੇ-ਛਾਤੀ ਠਰ ਗਈ ਹੈ।੫। ਕਾਇਆ-ਸਰੀਰ। ਹੰਸ-ਜੀਵਾਤਮਾ। ਓਹੁ ਜੋਗੀ-ਉਹ ਜੀਵਾਤਮਾ ਜੋਗੀ ਵਾਂਗ ਫੇਰੀ ਪਾ ਕੇ ਚਲੇ ਜਾਣ ਵਾਲਾ ਹੈ। ਅਹਿ-ਦਿਨ। ਨਿਸਿ-ਰਾਤ। ਚੋਜ ਬਿਨੋਦੀ-ਰੰਗ ਰਲੀਆਂ ਮਾਨਣ ਵਾਲਾ ਚੋਜੀ। ਉਠਿ ਚਲੈ-ਉਠ ਕੇ ਤੁਰਨ ਲੱਗਿਆਂ। ਮਤਾ-ਸਲਾਹ।੬।

ਸ੍ਰਿਸਟਿ ਉਪਾਇ ਰਹੇ ਪ੍ਰਭ ਛਾਜੈ ॥ ਪਉਣ ਪਾਣੀ ਬੈਸੰਤਰੁ ਗਾਜੈ ॥ ਮਨੂਆ ਡੋਲੈ ਦੂਤ ਸੰਗਤਿ ਮਿਲਿ, ਸੋ ਪਾਏ ਜੋ ਕਿਛੁ ਕੀਨਾ ਹੇ ॥੭॥ ਨਾਮੁ ਵਿਸਾਰਿ ਦੋਖ ਦੁਖ ਸਹੀਐ ॥ ਹੁਕਮੁ ਭਇਆ ਚਲਣਾ ਕਿਉ ਰਹੀਐ ॥ ਨਰਕ ਕੂਪ ਮਹਿ ਗੋਤੇ ਖਾਵੈ, ਜਿਉ ਜਲ ਤੇ ਬਾਹਰਿ ਮੀਨਾ ਹੇ ॥੮॥ ਚਉਰਾਸੀਹ ਨਰਕ ਸਾਕਤੁ ਭੋਗਾਈਐ ॥ ਜੈਸਾ ਕੀਚੈ ਤੈਸੋ ਪਾਈਐ ॥ ਸਤਿਗੁਰ ਬਾਝਹੁ ਮੁਕਤਿ ਨ ਹੋਈ, ਕਿਰਤਿ ਬਾਧਾ ਗ੍ਰਸਿ ਦੀਨਾ ਹੇ ॥੯॥ ਖੰਡੇ ਧਾਰਿ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥ ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ, ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥੧੦॥ ਮੀਤ ਸਖੇ ਕੇਤੇ ਜਗ ਮਾਹੀ ॥ ਬਿਨੁ ਗੁਰ ਪਰਮੇਸਰ ਕੋਈ ਨਾਹੀ ॥ ਗੁਰ ਕੀ ਸੇਵਾ ਮੁਕਤਿ ਪਰਾਇਣਿ, ਅਨਦਿਨੁ ਕੀਰਤਨੁ ਕੀਨਾ ਹੇ ॥੧੧॥ ਪ੍ਰਭੂ ਸ੍ਰਿਸਟੀ ਪੈਦਾ ਕਰਕੇ (ਉਸ ਵਿਚ) ਛਾ (ਵਿਆਪਕ ਹੋ) ਰਿਹਾ ਹੈ। ਪੌਣ ਪਾਣੀ ਤੇ ਅੱਗ ਆਦਿਕ ਤੱਤਾਂ ਤੋਂ ਬਣਿਆ ਸਰੀਰ ਗੱਜਦਾ (ਬੋਲਦਾ) ਹੈ; ਪੌਣ ਪਾਣੀ ਤੇ ਅੱਗ ਆਦਿ ਤੱਤਾਂ ਤੋਂ ਜੀਵਾਂ ਦੀ ਰਚਨਾ ਕਰਕੇ (ਪ੍ਰਭੂ ਸਾਰੇ ਜੀਵਾਂ ਅੰਦਰ) ਪ੍ਰਗਟ ਹੋ ਰਿਹਾ ਹੈ। (ਪ੍ਰਭੂ ਨੂੰ ਭੁਲਾ ਕੇ) ਮਨ ਕਾਮਾਦਿਕ ਦੂਤਾਂ ਦੀ ਸੰਗਤ ਵਿਚ ਮਿਲ ਕੇ ਡੋਲਦਾ ਰਹਿੰਦਾ ਹੈ, ਜੋ ਕੁਛ (ਇਸ ਨੇ ਕਰਮ) ਕੀਤਾ ਹੈ, ਉਸ ਦਾ ਫਲ (ਇਹ ਜੀਵ) ਪਾ ਲੈਂਦਾ ਹੈ।੭। ਪ੍ਰਭੂ ਦੇ ਨਾਮ ਨੂੰ ਭੁਲਾ ਕੇ ਕਲੰਕ ਤੇ ਦੁਖਾਂ ਨੂੰ ਸਹਾਰਨਾ ਪੈਂਦਾ ਹੈ। (ਜਦੋਂ ਪ੍ਰਭੂ ਦਾ) ਹੁਕਮ ਹੁੰਦਾ ਹੈ, (ਤਾਂ ਸੰਸਾਰ ਤੋਂ) ਚਲਣਾ ਪੈਂਦਾ ਹੈ, (ਫਿਰ ਕੋਈ ਜੀਵ ਸੰਸਾਰ ਵਿਚ) ਕਿਵੇਂ ਰਹਿ ਸਕਦਾ ਹੈ? (ਨਹੀਂ ਰਹਿ ਸਕਦਾ। ਜੀਵ) ਨਰਕ ਦੇ ਖੂਹ ਵਿਚ ਇਸ ਤਰ੍ਹਾਂ ਗੋਤੇ ਖਾਂਦਾ ਹੈ, ਜਿਵੇ ਪਾਣੀ ਤੋਂ ਬਾਹਰ ਨਿਕਲ ਕੇ ਮੱਛੀ (ਤੜਪਦੀ ਹੈ)।੮। ਚੁਰਾਸੀ ਲੱਖ ਜੂਨਾਂ ਅਤੇ ਨਰਕਾਂ ਦਾ ਦੁਖ ਸਾਕਤ ਮਨੁੱਖ ਨੂੰ ਭੋਗਾਇਆ ਜਾਂਦਾ ਹੈ। ਜਿਹੋ ਜਿਹਾ ਮਨੁੱਖ ਕਰਮ ਕਰਦਾ ਹੈ, ਉਹੋ ਜਿਹਾ ਫਲ ਪਾ ਲੈਂਦਾ ਹੈ। ਸਤਿਗੁਰੂ ਦੀ ਸ਼ਰਣ ਵਿਚ ਪਏ ਤੋਂ ਬਿਨਾ ਮਨੁਖ ਮੁਕਤ ਨਹੀਂ ਹੋ ਸਕਦਾ, ਅਪਣੇ ਕੀਤੇ ਕਰਮਾਂ ਦਾ ਬੱਝਾ ਹੋਇਆ ਮਨੁੱਖ ਜਮਾਂ ਨੇ ਫੜ ਕੇ ਅੱਗੇ ਤੋਰ ਦਿਤਾ ਹੈ।੯। ਅੱਗੋਂ ਜਿਥੋਂ ਰੂਹ ਨੇ ਲੰਘਣਾ ਹੈ, ਉਹ ਗਲੀ ਬਹੁਤ ਭੀੜੀ ਤੇ ਖੰਡੇ ਦੀ ਧਾਰ ਵਰਗੀ ਤਿੱਖੀ ਹੈ। ਉਥੇ ਕੀਤੇ ਕਰਮਾਂ ਦਾ ਲੇਖਾ ਇਉਂ ਲਿਆ ਜਾਂਦਾ ਹੈ, ਜਿਵੇਂ ਤਿਲ ਘਾਣੀ ਵਿਚ ਪੀੜੇ ਜਾਂਦੇ ਹਨ। ਉਥੇ ਮਾਤਾ, ਪਿਤਾ, ਇਸਤ੍ਰੀ ਤੇ ਪੁਤ੍ਰ ਕੋਈ ਵੀ ਸਹਾਈ ਨਹੀਂ ਹੁੰਦਾ, ਹਰੀ ਦੇ ਨਾਮ ਰਸ ਤੋਂ ਬਿਨਾ (ਕਿਸੇ ਨੂੰ ਭੀੜੀ ਗਲੀ ਵਿਚ ਲੰਘਣ ਤੋਂ) ਅਜਾਦ ਨਹੀਂ ਕੀਤਾ ਜਾਂਦਾ।੧੦। ਜਗਤ ਵਿਚ ਮਿਤ੍ਰ ਤੇ ਸਾਥੀ ਕਿਤਨੇ ਹੀ ਬਣ ਜਾਂਦੇ ਹਨ। (ਪਰ) ਗੁਰੂ ਪ੍ਰਮੇਸਰ ਤੋਂ ਬਿਨਾ (ਜਮਾਂ ਤੋਂ ਛੁਡਾਉਣ ਵਾਲਾ) ਕੋਈ ਨਹੀਂ ਹੈ। (ਜਿਸ ਪੁਰਖ ਨੇ) ਗੁਰੂ ਦੀ ਸੇਵਾ ਦੇ ਆਸਰੇ ਹੋ ਕੇ ਹਰ ਰੋਜ ਕੀਰਤਨ ਕੀਤਾ ਹੈ, (ਉਹ) ਮੁਕਤ ਹੋ ਜਾਂਦਾ ਹੈ।੬।

ਪਦਾਰਥ = ਉਪਾਇ-ਪੈਦਾ ਕਰਕੇ। ਛਾਜੈ-ਛਾ (ਵਿਆਪਕ ਹੋ) ਰਿਹਾ ਹੈ। ਬੈਸੰਤਰੁ-ਅੱਗ। ਗਾਜੈ-ਗੱਜਦਾ (ਬੋਲਦਾ) ਹੈ; ਪ੍ਰਗਟ ਹੋ ਰਿਹਾ ਹੈ। ਦੂਤ-ਕਾਮਾਦਿਕ ਵੈਰੀ। ਸੋ-ਉਸ ਦਾ। ਪਾਏ-ਪਾ ਲੈਂਦਾ ਹੈ। ਕੀਨਾ ਹੇ-ਕੀਤਾ ਹੈ।੭। ਵਿਸਾਰਿ-ਭੁਲਾ ਕੇ। ਦੋਖ-ਕਲੰਕ;

ਵਿਕਾਰ। ਸਹੀਐ–ਸਹਿਣਾ ਪੈਂਦਾ ਹੈ। ਕੂਪ–ਖੂਹ। ਤੇ–ਤੋਂ। ਮੀਨਾ–ਮੱਛੀ। ੮। ਚਉਰਾਸੀਹ ਨਰਕ–ਚੁਰਾਸੀ ਲੱਖ ਜੂਨਾਂ ਰੂਪ ਨਰਕ। ਸਾਕਤੁ–ਰੱਬ ਨਾਲੋਂ ਟੁੱਟਿਆ ਮਨੁੱਖ। ਬਾਝਹੁ–ਬਿਨਾ। ਕਿਰਤਿ ਬਾਧਾ–ਕੀਤੇ ਕਰਮਾਂ ਦਾ ਬੱਧਾ ਹੋਇਆ। ੯। ਗ੍ਰਸਿ ਦੀਨਾ ਹੇ–ਫੜ ਕੇ ਅੱਗੇ ਤੋਰ ਦਿਤਾ ਜਾਂਦਾ ਹੈ। ੯। ਖੰਡੇ ਧਾਰ–ਖੰਡੇ ਦੀ ਤੇਜ ਧਾਰ ਵਰਗੀ। ਅਤਿ ਭੀੜੀ–ਬਹੁਤ ਤੰਗ। ਤਿਲ ਜਿਉ ਪੀੜੀ–ਜਿਵੇਂ ਤਿਲ ਪੀੜੇ ਜਾਂਦੇ ਹਨ। ਕਲਤ੍ਰ–ਇਸਤ੍ਰੀ। ਸੁਤ–ਪੁਤ੍ਰ। ਬੇਲੀ–ਸਹਾਈ। ਨ ਕੀਨਾ–ਨਹੀਂ ਕੀਤਾ। ੧੦। ਮੀਤ ਸਖੇ–ਮਿਤ੍ਰ ਤੇ ਸਾਥੀ। ਕੇਤੇ–ਕਿਤਨੇ (ਅਨੇਕਾਂ) ਹੀ। ਜਗ ਮਾਹੀ–ਜਗਤ ਵਿਚ। ਪਰਾਇਣਿ–ਆਸਰਾ। ਅਨਦਿਨੁ–ਹਰ ਰੋਜ। ੧੧।

ਕੂੜੁ ਛੋਡਿ ਸਾਚੇ ਕਉ ਧਾਵਹੁ ॥ ਜੋ ਇਛਹੁ ਸੋਈ ਫਲੁ ਪਾਵਹੁ ॥ ਸਾਚ ਵਖਰ ਕੇ ਵਾਪਾਰੀ ਵਿਰਲੇ, ਲੈ ਲਾਹਾ ਸਉਦਾ ਕੀਨਾ ਹੇ ॥੧੨॥ ਹਰਿ ਹਰਿ ਨਾਮੁ ਵਖਰੁ ਲੈ ਚਲਹੁ ॥ ਦਰਸਨੁ ਪਾਵਹੁ ਸਹਜਿ ਮਹਲਹੁ ॥ ਗੁਰਮੁਖਿ ਖੋਜਿ ਲਹਹਿ ਜਨ ਪੂਰੇ, ਇਉ ਸਮਦਰਸੀ ਚੀਨਾ ਹੇ ॥੧੩॥ ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥ ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ,ਇਉ ਆਤਮ ਰਾਮੈ ਲੀਨਾ ਹੇ ॥੧੪॥ ਨਾਰਦ ਸਾਰਦ ਸੇਵਕ ਤੇਰੇ ॥ ਤ੍ਰਿਭਵਣਿ ਸੇਵਕ ਵਡਹੁ ਵਡੇਰੇ ॥ ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ, ਸਭੁ ਤੇਰੋ ਕਾਰਣੁ ਕੀਨਾ ਹੇ ॥੧੫॥ ਇਕਿ ਦਰਿ ਸੇਵਹਿ ਦਰਦੁ ਵਞਾਏ ॥ ਓਇ ਦਰਗਹ ਪੈਧੇ ਸਤਿਗੁਰੂ ਛਡਾਏ ॥ ਹਉਮੈ ਬੰਧਨ ਸਤਿਗੁਰਿ ਤੋੜੇ, ਚਿਤੁ ਚੰਚਲੁ ਚਲਣਿ ਨ ਦੀਨਾ ਹੇ ॥੧੬॥ ਸਤਿਗੁਰ ਮਿਲਹੁ ਚੀਨਹੁ ਬਿਧਿ ਸਾਈ ॥ ਜਿਤੁ ਪ੍ਰਭੁ ਪਾਵਹੁ ਗਣਤ ਨ ਕਾਈ ॥ ਹਉਮੈ ਮਾਰਿ ਕਰਹੁ ਗੁਰ ਸੇਵਾ, ਜਨ ਨਾਨਕ ਹਰਿ ਰੰਗਿ ਭੀਨਾ ਹੇ ॥੧੭॥੨॥੮॥ (ਹੇ ਭਾਈ!) ਝੂਠ ਨੂੰ ਛਡ ਕੇ ਸੱਚੇ ਨਾਮ ਨੂੰ ਪ੍ਰਾਪਤ ਕਰਨ ਲਈ ਦੌੜ ਭੱਜ ਕਰੋ। (ਫਿਰ) ਜੋ ਵੀ ਇੱਛਾ ਕਰੋਗੇ, ਉਹ ਹੀ ਫਲ ਪਾ ਲਵੋਗੇ। ਸੱਚੇ ਨਾਮ ਰੂਪ ਸੌਦੇ ਦੇ ਵਪਾਰੀ ਵਿਰਲੇ ਮਨੁੱਖ ਹਨ, (ਜਿਨ੍ਹਾਂ ਨੇ ਨਾਮ ਦਾ) ਸੌਦਾ ਕੀਤਾ ਹੈ (ਉਨ੍ਹਾਂ ਨੇ ਮੁਕਤ ਹੋਣ ਦਾ) ਲਾਹਾ ਲੈ ਲਿਆ ਹੈ। ੧੨। (ਹੇ ਭਾਈ!) ਹਰੀ ਦਾ ਨਾਮ ਰੂਪ ਸੌਦਾ ਲੈ ਕੇ (ਰੱਬੀ ਦਰਗਾਹ ਵਿਚ) ਚੱਲੋ। (ਫਿਰ) ਸਹਜੇ ਹੀ ਮਹਿਲ ਤੋਂ ਪ੍ਰਭੂ ਦੇ ਦਰਸ਼ਨ ਪਾ ਲਵੋਗੇ। ਪੂਰਨ ਪੁਰਖ ਗੁਰੂ ਰਾਹੀਂ ਖੋਜ ਕੇ (ਨਾਮ ਰੂਪ ਸੌਦਾ) ਲੱਭ ਲੈਂਦੇ ਹਨ, ਇਉਂ (ਉਨ੍ਹਾਂ ਨੇ ਸਭ ਨੂੰ) ਇਕੋ ਜਿਹਾ ਦੇਖਣ ਵਾਲੇ ਪ੍ਰਭੂ ਨੂੰ ਜਾਣ ਲਿਆ ਹੈ। ੧੩। (ਹੇ ਭਾਈ!) ਪ੍ਰਭੂ ਬੇਅੰਤ ਹੈ, ਗੁਰੂ ਦੀ ਸਿੱਖਿਆ ਦੁਆਰਾ ਕੋਈ ਵਿਰਲੇ (ਮਨੁੱਖ ਉਸ ਨੂੰ) ਪ੍ਰਾਪਤ ਕਰਦੇ ਹਨ। ਗੁਰੂ ਦੇ ਸ਼ਬਦ ਦੁਆਰਾ (ਉਹ ਅਪਣੇ) ਮਨ ਨੂੰ ਸਮਝਾਉਂਦੇ ਹਨ। (ਹੇ ਭਾਈ!) ਸਤਿਗੁਰੂ ਦੀ ਬਾਣੀ ਸੱਤ ਸੱਤ ਕਰਕੇ ਮੰਨ ਲਵੋ, ਇਉਂ ਸਰਬ ਵਿਆਪਕ ਪ੍ਰਭੂ ਵਿਚ ਲੀਨ ਹੋ ਜਾਈਦਾ ਹੈ। ੧੪। (ਹੇ ਪ੍ਰਭੂ!) ਨਾਰਦ ਮੁਨੀ ਤੇ ਸ਼ਾਰਦਾ ਦੇਵੀ ਆਦਿ ਸਾਰੇ ਤੇਰੇ ਸੇਵਕ ਹਨ। ਤਿੰਨਾਂ ਭਵਨਾਂ ਵਿਚ ਜੋ ਵੱਡੇ ਤੋਂ ਵੱਡੇ ਦੇਵਤੇ ਹਨ, (ਉਹ ਸਾਰੇ ਤੇਰੇ) ਸੇਵਕ ਹਨ। ਹੇ ਪ੍ਰਭੂ! ਸਾਰੀ ਤੇਰੀ ਸ਼ਕਤੀ ਹੈ; ਸਾਰੇ ਸੇਵਕਾਂ ਵਿਚ ਤੇਰੀ ਸ਼ਕਤੀ ਵਰਤ ਰਹੀ ਹੈ (ਟਕਸਾਲ), ਤੂੰ ਹਰੇਕ ਜੀਵ ਦਾ ਦਾਤਾ ਹੈ, ਸਾਰਾ ਜਗਤ ਤੇਰਾ ਪੈਦਾ ਕੀਤਾ ਹੋਇਆ ਹੈ। ੧੫। (ਹੇ ਪ੍ਰਭੂ! ਤੇਰੇ) ਦਰ ਤੇ ਕਈ ਸੇਵਕ ਤੇਰੀ ਸੇਵਾ ਭਗਤੀ ਕਰਦੇ ਹਨ, (ਤੂੰ ਉਨ੍ਹਾਂ ਦੇ) ਅਪਣਾ ਦੁਖ ਦਰਦ ਦੂਰ ਕਰ ਦੇਂਦਾ ਹੈਂ। ਸਤਿਗੁਰੂ (ਜਿਨ੍ਹਾਂ ਮਨੁੱਖਾਂ ਤੋਂ) ਵਿਕਾਰ ਛੁਡਾ ਦੇਂਦਾ ਹੈ, ਉਹ ਦਰਗਾਹ ਵਿਚ ਸਨਮਾਨੇ ਜਾਂਦੇ ਹਨ। (ਉਨ੍ਹਾਂ ਦੇ) ਹਉਮੈ ਦੇ ਬੰਧਨ ਸਤਿਗੁਰੂ ਨੇ ਤੋੜ ਦਿਤੇ ਹਨ, (ਉਨ੍ਹਾਂ ਨੇ ਅਪਣੇ) ਚੰਚਲ ਚਿਤ ਨੂੰ (ਵਿਸ਼ੇ ਵਿਕਾਰਾਂ ਵੱਲ) ਚੱਲਣ ਨਹੀਂ ਦਿਤਾ। ੧੬। (ਹੇ ਭਾਈ!) ਸਤਿਗੁਰੂ ਨੂੰ ਮਿਲੋ, (ਗੁਰੂ ਪਾਸੋਂ) ਉਹ ਤਰੀਕਾ ਜਾਣ ਲਵੋ। ਜਿਸ ਨਾਲ (ਤੁਸੀਂ) ਪ੍ਰਭੂ ਨੂੰ ਪਾ ਲਵੋਂ ਅਤੇ ਕਰਮਾਂ ਦੀ ਗਿਣਤੀ ਵੀ ਕੋਈ ਨਾ ਰਹੇ (ਲੇਖਾ ਮੁੱਕ ਜਾਵੇ)। ਅਤੇ ਹਉਮੈ ਨੂੰ ਮਾਰ ਕੇ ਗੁਰੂ ਦੀ ਸੇਵਾ ਕਰੋ, ਦਾਸ ਨਾਨਕ ਆਖਦਾ ਹੈ ਕਿ (ਜੋ ਮਨੁੱਖ ਗੁਰੂ ਦੀ ਸੇਵਾ ਕਰਦਾ ਹੈ, ਉਸ ਦਾ ਮਨ) ਹਰੀ ਦੇ ਪ੍ਰੇਮ ਰੰਗ ਵਿਚ ਭਿੱਜ ਜਾਂਦਾ ਹੈ। ੧੭। ੨। ੮।

ਪਦਾਰਥ = ਸਾਚੇ ਕਉ–ਸੱਚੇ ਨਾਮ ਨੂੰ (ਲੈਣ ਲਈ)। ਧਾਵਹੁ–ਦੌੜ ਭੱਜ ਕਰੋ। ਇਛਹੁ–ਚਾਹੋਗੇ। ਸੋਈ–ਉਹ ਹੀ। ਲਾਹਾ–ਲਾਭ। ਕੀਨਾ ਹੇ–ਕੀਤਾ ਹੈ। ੧੨। ਸਹਜਿ–ਸਹਜੇ ਹੀ। ਮਹਲਹੁ–ਮਹਿਲ ਤੋਂ। ਗੁਰਮੁਖਿ–ਗੁਰੂ ਰਾਹੀਂ। ਖੋਜਿ ਲਹਹਿ–ਖੋਜ ਕੇ ਲੱਭ ਲੈਂਦੇ ਹਨ। ਜਨ ਪੂਰੇ–ਪੂਰਨ ਪੁਰਖ। ਸਮਦਰਸੀ–ਸਭ ਨੂੰ ਇਕ ਬਰਾਬਰ ਦੇਖਣ ਵਾਲਾ ਪ੍ਰਭੂ। ਚੀਨਾ ਹੇ–ਜਾਣ ਲਿਆ ਹੈ। ੧੩। ਗੁਰਮਤਿ–ਗੁਰੂ ਦੀ ਸਿੱਖਿਆ ਲੈ ਕੇ। ਕੋ–ਕੋਈ (ਵਿਰਲਾ ਮਨੁੱਖ)। ਸਬਦਿ–ਸ਼ਬਦ ਦੁਆਰਾ। ਕਉ–ਨੂੰ। ਮਾਨਹੁ–ਮੰਨੋ। ਆਤਮ ਰਾਮੈ–ਸਾਰੇ ਜੀਵਾਂ ਦੀ ਆਤਮਾ ਵਿਚ ਵਸਣ ਵਾਲਾ ਪ੍ਰਭੂ। ਲੀਨਾ ਹੇ–ਲੀਨ ਹੋ ਜਾਈਦਾ ਹੈ। ੧੪। ਨਾਰਦ–ਨਾਰਦ ਮੁਨੀ। ਸਾਰਦ–ਸਰਸ੍ਵਤੀ ਦੇਵੀ। ਤ੍ਰਿਭਵਣਿ–ਤਿੰਨਾਂ ਭਵਨਾਂ ਵਿਚ। ਵਡਹੁ ਵਡੇਰੇ–ਵੱਡਿਆਂ ਤੋਂ ਵੱਡੇ ਦੇਵਤੇ। ਕੁਦਰਤਿ–ਸ਼ਕਤੀ; ਜਗਤ ਰਚਨਾ। ਸਿਰਿ ਸਿਰਿ–ਹਰੇਕ ਜੀਵ ਦਾ। ਕਾਰਣੁ–ਜਗਤ ਰਚਨਾ। ਕੀਨਾ ਹੇ–(ਪੈਦਾ) ਕੀਤਾ ਹੈ। ੧੫। ਇਕਿ–ਕਈ (ਅਨੇਕਾਂ)। ਦਰਿ–ਪ੍ਰਭੂ ਦੇ ਦਰ ਉਤੇ। ਸੇਵਹਿ–ਸੇਵਾ ਭਗਤੀ ਕਰਦੇ ਹਨ। ਵਞਾਏ–ਦੂਰ ਕਰ ਦੇਂਦਾ ਹੈਂ। ਓਇ–ਉਹ (ਮਨੁੱਖ)। ਪੈਧੇ–ਸਨਮਾਨੇ ਜਾਂਦੇ ਹਨ। ਸਤਿਗੁਰਿ–ਸਤਿਗੁਰੂ ਨੇ। ਚਲਣ ਨ ਦੀਨਾ–ਚੱਲਣ (ਭਟਕਣ) ਨਹੀਂ ਦਿਤਾ। ੧੬। ਚੀਨਹੁ–ਜਾਣ ਲਵੋ। ਬਿਧਿ–ਤਰੀਕਾ। ਸਾਈ–ਉਹ। ਜਿਤੁ–ਜਿਸ ਨਾਲ। ਗਣਤ–ਕਰਮਾਂ

ਦੀ ਗਿਣਤੀ।ਕਾਈ-ਕੋਈ।ਜਨ-ਦਾਸ।ਹਰਿ ਰੰਗਿ-ਹਰੀ ਦੇ ਪ੍ਰੇਮ ਰੰਗ ਵਿਚ।ਭੀਨਾ-ਭਿੱਜ ਜਾਂਦਾ ਹੈ।੧੭।੨।੮।

ਮਾਰੂ ਮਹਲਾ ੧ ॥ ਅਸੁਰ ਸੰਘਾਰਣ ਰਾਮੁ ਹਮਾਰਾ ॥ ਘਟਿ ਘਟਿ ਰਮਈਆ ਰਾਮੁ ਪਿਆਰਾ ॥ ਨਾਲੇ ਅਲਖੁ ਨ ਲਖੀਐ ਮੂਲੇ, ਗੁਰਮੁਖਿ ਲਿਖੁ ਵੀਚਾਰਾ ਹੇ ॥੧॥ (ਹੇ ਭਾਈ!) ਸਾਡਾ ਸਰਬ ਵਿਆਪਕ ਪ੍ਰਮਾਤਮਾ ਕਾਮਾਦਿਕ ਦੈਂਤਾਂ ਨੂੰ ਮਾਰਨ ਵਾਲਾ ਹੈ।ਪਿਆਰਾ ਪ੍ਰਭੂ ਹਰੇਕ ਜੀਵ ਦੇ ਹਿਰਦੇ ਵਿਚ ਰਮਿਆ ਹੋਇਆ ਹੈ।ਉਹ ਅਲੱਖ ਪ੍ਰਭੂ ਸਾਡੇ ਨਾਲ ਹੀ ਵਸਦਾ ਹੈ, (ਪਰ ਉਹ) ਪੂਰੀ ਤਰ੍ਹਾਂ ਸਮਝ ਵਿਚ ਉਕਾ ਹੀ ਨਹੀਂ ਆਉਂਦਾ, ਗੁਰੂ ਦੁਆਰਾ (ਉਸ ਦਾ) ਵਿਚਾਰ ਹਿਰਦੇ ਵਿਚ ਲਿਖ ਲੈ (ਫਿਰ ਉਹ ਪ੍ਰਾਪਤ ਹੋਵੇਗਾ)।੧।

ਅੰਗ ੧੦੨੯ = ਗੁਰਮੁਖਿ ਸਾਧੂ ਸਰਣਿ ਤੁਮਾਰੀ ॥ ਕਰਿ ਕਿਰਪਾ ਪ੍ਰਭਿ ਪਾਰਿ ਉਤਾਰੀ ॥ ਅਗਨਿ ਪਾਣੀ ਸਾਗਰੁ ਅਤਿ ਗਹਰਾ, ਗੁਰੁ ਸਤਿਗੁਰੁ ਪਾਰਿ ਉਤਾਰਾ ਹੇ ॥੨॥ ਮਨਮੁਖ ਅੰਧੁਲੇ ਸੋਝੀ ਨਾਹੀ ॥ ਆਵਹਿ ਜਾਹਿ ਮਰਹਿ ਮਰਿ ਜਾਹੀ ॥ ਪੂਰਬਿ ਲਿਖਿਆ ਲੇਖੁ ਨ ਮਿਟਈ, ਜਮ ਦਰਿ ਅੰਧੁ ਖੁਆਰਾ ਹੇ ॥੩॥ ਇਕਿ ਆਵਹਿ ਜਾਵਹਿ, ਘਰਿ ਵਾਸੁ ਨ ਪਾਵਹਿ ॥ ਕਿਰਤ ਕੇ ਬਾਧੇ ਪਾਪ ਕਮਾਵਹਿ ॥ ਅੰਧੁਲੇ ਸੋਝੀ ਬੂਝ ਨ ਕਾਈ, ਲੋਭੁ ਬੁਰਾ ਅਹੰਕਾਰਾ ਹੇ ॥੪॥ ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ ॥ ਪਰ ਪਿਰ ਰਾਤੀ ਖਸਮੁ ਵਿਸਾਰਾ ॥ ਜਿਉ ਬੇਸੁਆ ਪੂਤ ਬਾਪੁ ਕੋ ਕਹੀਐ, ਤਿਉ ਫੋਕਟ ਕਾਰ ਵਿਕਾਰਾ ਹੇ ॥੫॥ ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥ ਨਰਕਿ ਪਚਹਿ ਅਗਿਆਨ ਅੰਧੇਰੇ ॥ ਧਰਮਰਾਇ ਕੀ ਬਾਕੀ ਲੀਜੈ, ਜਿਨਿ ਹਰਿ ਕਾ ਨਾਮੁ ਵਿਸਾਰਾ ਹੇ ॥੬॥ ਹੇ ਪ੍ਰਭੂ! ਜੋ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਤੇਰੀ ਸ਼ਰਣ ਵਿਚ ਆਉਂਦਾ ਹੈ, ਉਹ ਸਾਧੂ ਹੈ।(ਗੁਰੂ ਦੀ ਸ਼ਰਣ ਵਿਚ ਆਏ ਮਨੁੱਖ ਨੂੰ) ਪ੍ਰਭੂ ਨੇ ਕ੍ਰਿਪਾ ਕਰਕੇ ਭਵਜਲ ਤੋਂ ਪਾਰ ਉਤਾਰ ਦਿਤਾ ਹੈ।(ਹੇ ਭਾਈ!) ਸੰਸਾਰ ਬਹੁਤ ਡੂੰਘੇ ਸਮੁੰਦਰ ਵਾਂਗ ਹੈ, (ਇਸ ਵਿਚ) ਵਿਸ਼ਿਆਂ ਦਾ ਪਾਣੀ ਅਤੇ ਤ੍ਰਿਸ਼ਨਾ ਦੀ ਅੱਗ ਹੈ, (ਸੰਸਾਰ ਸਾਗਰ ਤੋਂ) ਪੂਜਨੀਕ ਸਤਿਗੁਰੂ ਪਾਰ ਉਤਾਰ ਦੇਂਦਾ ਹੈ।੨।(ਹੇ ਭਾਈ!) ਅਗਿਆਨੀ ਮਨੁੱਖਾਂ ਨੂੰ ਕੋਈ ਸਮਝ ਨਹੀਂ ਹੈ।(ਉਹ ਸੰਸਾਰ ਵਿਚ) ਆਉਂਦੇ ਜਾਂਦੇ (ਜੰਮਦੇ ਮਰਦੇ) ਹਨ, ਮਰਦੇ ਹਨ ਤੇ ਮਰ ਕੇ ਪ੍ਰਲੋਕ ਨੂੰ ਚਲੇ ਜਾਂਦੇ ਹਨ।ਪਹਿਲੇ ਜਨਮਾਂ ਦੇ ਕੀਤੇ ਮਾੜੇ ਕਰਮਾਂ ਦੇ ਸੰਸਕਾਰਾਂ ਦਾ ਲਿਖਿਆ ਲੇਖ (ਮਨਮੁਖਾਂ ਦੇ ਮਨ ਵਿਚੋਂ) ਮਿਟਦਾ ਨਹੀਂ, ਅਗਿਆਨੀ ਮਨੁੱਖ ਜਮ ਦੇ ਦਰ ਉਤੇ ਖੁਆਰ ਹੁੰਦਾ ਹੈ।੩।ਕਈ ਜੀਵ ਆਉਂਦੇ ਜਾਂਦੇ (ਜੰਮਦੇ ਮਰਦੇ) ਹਨ, (ਉਹ ਅਪਣੇ ਅਸਲੀ) ਘਰ ਵਿਚ ਵਾਸਾ ਨਹੀਂ ਪਾ ਸਕਦੇ ਹਨ।ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦੇ ਬੱਧੇ ਹੋਏ ਪਾਪ ਕਮਾਉਂਦੇ ਹਨ।ਲੋਭ ਤੇ ਹੰਕਾਰ ਬੁਰਾ ਹੈ, (ਇਸ ਵਿਚ ਫਸੇ) ਅੰਨ੍ਹੇ (ਅਗਿਆਨੀ) ਮਨੁੱਖ ਨੂੰ ਕੋਈ ਸੂਝ ਬੂਝ ਨਹੀਂ।੪।(ਹੇ ਭਾਈ! ਜਿਸ ਇਸਤ੍ਰੀ ਨੇ) ਪਰਾਏ ਮਨੁੱਖ ਦੇ ਪ੍ਰੇਮ ਵਿਚ ਮਗਨ ਹੋ ਕੇ ਅਪਣੇ ਖਸਮ ਨੂੰ ਭੁਲਾ ਦਿਤਾ ਹੈ, ਉਸ ਇਸਤ੍ਰੀ ਦਾ ਅਪਣੇ ਪਤੀ ਤੋਂ ਬਿਨਾ ਕੀਤਾ ਸ਼ਿੰਗਾਰ ਕਿਸ ਕੰਮ ਹੈ? ਭਾਵ ਬਿਅਰਥ ਹੈ।ਜਿਵੇਂ ਵੇਸਵਾ ਦੇ ਪੁਤ੍ਰ ਦਾ ਪਿਓ ਕੌਣ ਕਹੀਏ? (ਉਸ ਦਾ ਪਿਓ ਕੋਈ ਨਹੀਂ ਹੁੰਦਾ), ਤਿਵੇਂ ਪ੍ਰਭੂ ਨੂੰ ਨਾ ਮੰਨਣ ਵਾਲੇ ਮਨੁੱਖ ਦੇ ਸਾਰੇ ਕੰਮ ਫਜ਼ੂਲ ਤੇ ਨਿਕੰਮੇ ਹੁੰਦੇ ਹਨ।੫।(ਮਨਮੁੱਖ) ਪ੍ਰੇਤ ਜੂਨੀ ਦੇ ਪਿੰਜਰ ਵਿਚ ਪੈ ਕੇ ਬਹੁਤ ਦੁਖ ਭੋਗਦੇ ਹਨ। (ਉਹ) ਅਗਿਆਨ ਦੇ ਹਨ੍ਹੇਰੇ ਕਰਕੇ ਨਰਕਾਂ ਵਿਚ ਸੜਦੇ ਹਨ।ਜਿਨ੍ਹਾਂ ਮਨੁੱਖਾਂ ਨੇ ਹਰੀ ਦਾ ਨਾਮ ਭੁਲਾ ਦਿਤਾ ਹੈ, ਧਰਮ ਰਾਜ ਦੇ ਕਰਜੇ ਦੀ ਬਾਕੀ (ਪਾਪ ਕਰਮਾਂ ਦਾ ਚੜ੍ਹਿਆ ਕਰਜਾ ਉਨ੍ਹਾਂ ਤੋਂ) ਲਿਆ ਜਾਂਦਾ ਹੈ (ਉਨ੍ਹਾਂ ਨੂੰ ਸਜਾ ਮਿਲਦੀ ਹੈ)।੬।

ਪਦਾਰਥ = ਅਸੁਰ-(ਕਾਮਾਦਿਕ) ਦੈਂਤ।ਸੰਘਾਰਣ-ਮਾਰਨ ਵਾਲਾ।ਰਾਮੁ-ਪ੍ਰਭੂ।ਰਮਈਆ-ਵਿਆਪਕ।ਘਟਿ ਘਟਿ-ਹਰੇਕ ਜੀਵ ਦੇ ਹਿਰਦੇ ਵਿਚ।ਨਾਲੇ-ਨਾਲ ਹੀ (ਵਸਦਾ) ਹੈ।ਅਲਖ (ਅਲੱਖ ਪੜ੍ਹੋ)-ਜਿਸ ਨੂੰ ਪੂਰੀ ਤਰ੍ਹਾਂ ਜਾਣਿਆ ਨਾ ਜਾ ਸਕੇ।ਨ ਲਖੀਐ-ਨਹੀਂ ਜਾਣਿਆ ਜਾਂਦਾ।ਮੂਲੇ-ਉਕਾ ਹੀ।ਗੁਰਮੁਖਿ-ਗੁਰੂ ਦੀ ਸ਼ਰਣ ਵਿਚ ਪੈ ਕੇ।੧।ਸਾਧੂ-ਮਨ ਨੂੰ ਸਾਧ ਲੈਣ ਵਾਲਾ ਮਨੁੱਖ।ਕਰਿ-ਕਰਕੇ ।ਪ੍ਰਭਿ-ਪ੍ਰਭੂ ਨੇ।ਪਾਰਿ ਉਤਾਰੀ-ਪਾਰ ਉਤਾਰ (ਲੰਘਾ) ਦਿਤਾ ਹੈ।ਅਤਿ ਗਹਰਾ-ਬਹੁਤ ਡੂੰਘਾ।੨।ਮਨਮੁਖ-ਮਨ ਮਰਜੀ ਅਨੁਸਾਰ ਚੱਲਣ ਵਾਲੇ ਮਨੁੱਖ।ਅੰਧੁਲੇ-ਅੰਨ੍ਹੇ (ਅਗਿਆਨੀ)।ਸੋਝੀ-ਸਮਝ।ਆਵਹਿ-ਆਉਂਦੇ (ਜੰਮਦੇ) ਹਨ।ਜਾਹੀ-ਜਾਂਦੇ (ਮਰਦੇ) ਹਨ। ਮਰਹਿ ਮਰਿ ਜਾਹੀ-ਬਾਰ ਬਾਰ ਮਰਦੇ ਜੰਮਦੇ ਰਹਿੰਦੇ ਹਨ।ਪੂਰਬਿ-ਪਹਿਲੇ ਜਨਮਾਂ ਦੇ ਕੀਤੇ ਕਰਮਾਂ ਦਾ।ਜਮ ਦਰਿ-ਜਮਾਂ ਦੇ ਦਰ ਉਤੇ।ਅੰਧੁ-ਅੰਨ੍ਹਾ (ਅਗਿਆਨੀ)।ਖੁਆਰਾ ਹੇ-ਬੁਰਾ ਹਾਲ ਹੁੰਦਾ ਹੈ।੩।ਇਕਿ-ਕਈ (ਅਨੇਕਾਂ)।ਜਾਵਹਿ-ਮਰਦੇ ਹਨ।ਘਰਿ-ਹਰੀ ਦੀ ਹਜੂਰੀ ਵਿਚ।ਕਿਰਤ ਕੇ-ਕੀਤੇ ਕਰਮਾਂ ਦੇ।ਬਾਧੇ-ਬੱਝੇ ਹੋਏ।ਅੰਧੁਲੇ-ਅੰਨ੍ਹੇ (ਮਨਮੁਖ) ਨੂੰ।ਕਾਈ-ਕੋਈ।੪।ਪਿਰ-ਪਤੀ ।ਤਿਸੁ ਧਨ-ਉਸ ਇਸਤ੍ਰੀ ਦਾ।ਪਰ ਪਿਰ-ਪਰਾਏ ਮਨੁੱਖ ਨਾਲ।ਰਾਤੀ-ਪ੍ਰੇਮ ਵਿਚ ਮਗਨ ਹੋ ਕੇ।ਖਸਮੁ-ਅਪਣੇ ਪਤੀ ਨੂੰ।ਕੋ-ਕੌਣ।ਫੋਕਟ-ਫਜ਼ੂਲ।ਕਾਰ-ਕੰਮ।ਵਿਕਾਰਾ-ਨਿਕੰਮੇ।੫।ਪਿੰਜਰ ਮਹਿ-ਸਰੀਰ ਵਿਚ।ਘਨੇਰੇ-ਬਹੁਤ।ਪਚਹਿ-ਸੜਦੇ ਹਨ।ਬਾਕੀ-(ਪਾਪ ਕਰਮਾਂ ਦੇ ਕਰਜੇ ਦਾ) ਬਕਾਇਆ।ਜਿਨਿ-ਜਿਨ੍ਹਾਂ ਨੇ।ਵਿਸਾਰਾ ਹੇ-ਭੁਲਾ ਦਿਤਾ ਹੈ।੬।

ਸੂਰਜੁ ਤਪੈ ਅਗਨਿ ਬਿਖੁ ਝਾਲਾ ॥ ਅਪਤੁ ਪਸੂ ਮਨਮੁਖੁ ਬੇਤਾਲਾ ॥ ਆਸਾ ਮਨਸਾ ਕੂੜੁ ਕਮਾਵਹਿ, ਰੋਗੁ ਬੁਰਾ ਬੁਰਿਆਰਾ ਹੇ ॥੭

॥ ਮਸਤਕਿ ਭਾਰੁ ਕਲਰ ਸਿਰਿ ਭਾਰਾ ॥ ਕਿਉ ਕਰਿ ਭਵਜਲੁ ਲੰਘਸਿ ਪਾਰਾ ॥ ਸਤਿਗੁਰੁ ਬੋਹਿਥੁ ਆਦਿ ਜੁਗਾਦੀ, ਰਾਮ ਨਾਮਿ ਨਿਸਤਾਰਾ ਹੇ ॥੮॥ ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥ ਜਮ ਕੇ ਫਾਹੇ ਸਤਿਗੁਰਿ ਤੋੜੇ, ਗੁਰਮੁਖਿ ਤਤੁ ਬੀਚਾਰਾ ਹੇ ॥੯॥ ਕੂੜਿ ਮੁਠੀ ਚਾਲੈ ਬਹੁ ਰਾਹੀ ॥ ਮਨਮੁਖੁ ਦਾਝੈ ਪੜਿ ਪੜਿ ਭਾਹੀ ॥ ਅੰਮ੍ਰਿਤ ਨਾਮੁ ਗੁਰੂ ਵਡ ਦਾਣਾ, ਨਾਮੁ ਜਪਹੁ ਸੁਖ ਸਾਰਾ ਹੇ ॥੧੦॥ ਸਤਿਗੁਰੁ ਤੁਠਾ ਸਚੁ ਦ੍ਰਿੜਾਏ ॥ ਸਭਿ ਦੁਖ ਮੇਟੇ ਮਾਰਗਿ ਪਾਏ ॥ ਕੰਡਾ ਪਾਇ ਨ ਗਡਈ ਮੂਲੇ, ਜਿਸੁ ਸਤਿਗੁਰੁ ਰਾਖਣਹਾਰਾ ਹੇ ॥੧੧॥ ਖੇਹੂ ਖੇਹ ਰਲੈ ਤਨੁ ਛੀਜੈ ॥ ਮਨਮੁਖੁ ਪਾਥਰੁ ਸੈਲੁ ਨ ਭੀਜੈ ॥ ਕਰਣ ਪਲਾਵ ਕਰੇ ਬਹੁਤੇਰੇ, ਨਰਕਿ ਸੁਰਗਿ ਅਵਤਾਰਾ ਹੇ ॥੧੨॥ (ਹੇ ਭਾਈ!) ਸੂਰਜ ਤਪਦਾ ਹੈ, (ਜਿਸ ਦੀ) ਬਹੁਤ ਤੇਜ ਤੇ ਜਹਿਰੀਲੀ ਧੁੱਪ ਹੈ, (ਉਥੇ) ਅੱਗ ਦੀ ਲਾਟਾਂ ਨਿਕਲਦੀਆਂ ਹਨ। ਮਨਮੁਖ ਪਸ਼ੂ ਹੈ, ਬੇਇੱਜਤ ਹੈ ਅਤੇ ਭੂਤਨਾ ਹੈ। (ਉਹ ਦੁਨੀਆਂ ਦੀਆਂ) ਆਸਾਂ ਤੇ ਮਾਇਕ ਫੁਰਨਿਆਂ ਵਿਚ ਫਸ ਕੇ ਝੂਠ ਕਮਾਉਂਦਾ ਹੈ, ਮੰਦ ਕਰਮੀ ਦਾ (ਇਹ) ਰੋਗ ਬੁਰਾ ਹੈ।੭। (ਜਿਸ ਮਨੁੱਖ ਨੇ) ਸਿਰ ਉਤੇ ਪਾਪ ਰੂਪ ਕੱਲਰ ਦਾ ਭਾਰਾ ਬੋਝ ਚੁੱਕਿਆ ਹੋਇਆ ਹੈ। (ਉਹ ਭਾਰ ਸਮੇਤ) ਭਵਜਲ ਤੋਂ ਕਿਵੇਂ ਕਰਕੇ ਪਾਰ ਲੰਘੇਗਾ (ਨਹੀਂ ਲੰਘ ਸਕੇਗਾ)। ਸਤਿਗੁਰੂ ਆਦਿ ਕਾਲ ਤੋਂ ਜਹਾਜ ਹੈ, ਜੋ ਪ੍ਰਭੂ ਦੇ ਨਾਮ ਵਿਚ ਜੋੜ ਕੇ (ਸਿੱਖ ਦਾ ਭਵਜਲ ਤੋਂ) ਪਾਰ ਉਤਾਰਾ ਕਰ ਦੇਂਦਾ ਹੈ।੮। (ਹੇ ਭਾਈ! ਮਨੁੱਖ ਨੂੰ) ਜਗਤ ਵਿਚ ਪੁਤ੍ਰ ਦਾ ਮੋਹ ਅਤੇ ਇਸਤ੍ਰੀ ਦਾ ਪਿਆਰ ਹੁੰਦਾ ਹੈ। (ਇਹ ਸਾਰਾ) ਮਾਇਆ ਦਾ ਮੋਹ ਪਸਰਿਆ ਹੋਇਆ ਹੈ। (ਜਿਨ੍ਹਾਂ ਮਨੁੱਖਾਂ ਨੇ) ਗੁਰੂ ਦੀ ਸ਼ਰਣ ਵਿਚ ਪੈ ਕੇ ਜਗਤ ਦੇ ਮੂਲ ਤੱਤ ਪ੍ਰਭੂ ਨੂੰ ਵਿਚਾਰਿਆ ਹੈ, ਸਤਿਗੁਰੂ ਨੇ (ਉਨ੍ਹਾਂ ਦੇ ਗਲੋਂ) ਜਮਾਂ ਦੇ ਫਾਹੇ ਤੋੜ ਦਿਤੇ ਹਨ।੯। (ਹੇ ਭਾਈ!) ਝੂਠ ਵਿਚ ਠੱਗੀ ਹੋਈ ਦੁਨੀਆਂ (ਇਕ ਪ੍ਰਭੂ ਨੂੰ ਛਡ ਕੇ ਹੋਰ) ਬਹੁਤੇ ਰਸਤਿਆਂ ਤੇ ਤੁਰਦੀ ਹੈ। ਮਨਮੁਖ ਤ੍ਰਿਸ਼ਨਾ ਤੇ ਈਰਖਾ ਦੀ ਅੱਗ ਵਿਚ ਪੈ ਪੈ ਕੇ ਸੜਦਾ ਹੈ। ਨਾਮ ਅੰਮ੍ਰਿਤ ਦਾ ਵੱਡਾ ਦਾਤਾ ਗੁਰੂ ਹੈ, (ਇਸ ਕਰਕੇ) ਨਾਮ ਜਪੋ, ਜੋ ਸ੍ਰੇਸਟ ਸੁਖ ਦੇਣ ਵਾਲਾ ਹੈ।੧੦। (ਹੇ ਭਾਈ! ਜਦੋਂ) ਸਤਿਗੁਰੂ ਪ੍ਰਸੰਨ ਹੁੰਦਾ ਹੈ, ਤਾਂ (ਸਿੱਖਾਂ ਦੇ ਹਿਰਦਿਆਂ ਵਿਚ) ਸੱਚਾ ਨਾਮ ਦ੍ਰਿੜ ਕਰਾਉਂਦਾ ਹੈ। (ਗੁਰੂ ਗਿਆਨ ਦੇ) ਰਸਤੇ ਤੇ ਪਾ ਕੇ ਸਾਰੇ ਦੁਖ ਮੇਟ ਦਿੰਦਾ ਹੈ। ਜਿਸ ਮਨੁੱਖ ਦੀ ਰੱਖਿਆ ਕਰਨ ਵਾਲਾ ਸਤਿਗੁਰੂ ਹੈ, (ਉਸ ਦੇ ਮਨ ਰੂਪ) ਪੈਰ ਵਿਚ (ਈਰਖਾ ਜਾਂ ਹੰਕਾਰ ਰੂਪ) ਕੰਡਾ ਉਕਾ ਹੀ ਨਹੀਂ ਵੱਜਦਾ।੧੧। ਮਿੱਟੀ ਆਦਿ ਪੰਜ ਤੱਤਾਂ ਦਾ ਸਰੀਰ ਜਦੋਂ ਨਾਸ਼ ਹੁੰਦਾ ਹੈ, ਤਾਂ ਮਿੱਟੀ ਵਿਚ ਰਲ ਜਾਂਦਾ ਹੈ। ਮਨਮੁਖ ਪਥਰ ਵਾਂਗ ਕਠੋਰ ਦਿਲ ਵਾਲਾ ਹੈ ਅਤੇ ਪਹਾੜ ਵਾਂਗ ਅਹਿੱਲ ਹੈ, (ਉਹ) ਭਿਜਦਾ ਨਹੀਂ (ਕੋਮਲ ਨਹੀਂ ਹੁੰਦਾ। ਉਹ) ਬਹੁਤ ਵਿਰਲਾਪ ਕਰਦਾ ਹੈ, (ਪਰ ਬਣਦਾ ਕੁਛ ਨਹੀਂ, ਉਹ) ਪਾਪ ਕਰਕੇ ਨਰਕ ਵਿਚ ਤੇ ਪੁੰਨ ਕਰਮਾਂ ਕਰਕੇ ਸੁਰਗ ਜਨਮ ਲੈਂਦਾ ਹੈ।੧੨।

ਪਦਾਰਥ = ਤਪੈ-ਤਪਦਾ ਹੈ। ਬਿਖੁ ਝਾਲਾ-ਜਹਿਰੀਲੀ ਲਾਟਾਂ। ਅਪਤੁ (ਅਪੱਤ ਬੋਲੋ)-ਬੇ ਇੱਜਤ। ਬੇਤਾਲਾ-ਭੂਤਨਾ। ਮਨਸਾ-ਮਨ ਦੇ ਫੁਰਨੇ। ਬੁਰਿਆਰਾ-ਮੰਦ ਕਰਮੀ (ਬੁਰਿਆਈ ਕਰਨ ਵਾਲੇ) ਦਾ।੭। ਮਸਤਕਿ-ਸਿਰ ਉਤੇ। ਕਲਰ-ਪਾਪ ਰੂਪ ਕੱਲਰ ਦੀ ਮਿੱਟੀ ਦਾ। ਭਾਰਾ-ਬੋਝਲ; ਬਹੁਤਾ। ਭਵਜਲੁ-ਸੰਸਾਰ ਸਮੁੰਦਰ ਤੋਂ। ਲੰਘਸਿ ਪਾਰਾ-ਪਾਰ ਲੰਘੇਗਾ। ਬੋਹਿਥੁ-ਜਹਾਜ। ਆਦਿ ਜੁਗਾਦੀ-ਆਦਿ ਕਾਲ (ਮੁੱਢ) ਤੋਂ ਹੀ। ਰਾਮ ਨਾਮਿ-ਵਾਹਿਗੁਗਰੂ ਦੇ ਨਾਮ ਵਿਚ ਜੋੜ ਕੇ। ਨਿਸਤਾਰਾ-ਪਾਰ ਉਤਾਰਾ।੮। ਕਲਤ੍ਰ-ਇਸਤ੍ਰੀ। ਜਗਿ-ਜਗਤ ਵਿਚ। ਹੇਤੁ-ਮੋਹ। ਸਤਿਗੁਰਿ-ਸਤਿਗੁਰੂ ਨੇ। ਗੁਰਮੁਖਿ-ਗੁਰੂ ਦੀ ਸ਼ਰਣ ਵਿਚ ਪੈ ਕੇ। ਤਤੁ-ਜਗਤ ਦਾ ਮੂਲ ਤੱਤ ਪ੍ਰਭੂ।੯। ਕੂੜਿ-ਝੂਠ ਵਿਚ। ਮੁਠੀ-ਲੁੱਟੀ ਹੋਈ। ਬਹੁ ਰਾਹੀ-ਬਹੁਤੇ ਰਸਤਿਆਂ ਤੇ। ਦਾਝੈ-ਸੜਦਾ ਹੈ। ਪੜਿ ਪੜਿ-ਪੈ ਪੈ ਕੇ। ਭਾਹੀ-ਅੱਗ ਵਿਚ। ਵਡ ਦਾਣਾ-ਵੱਡਾ ਦਾਤਾ; ਵੱਡਾ ਸਿਆਣਾ। ਸਾਰਾ-ਸ੍ਰੇਸਟ।੧੦। ਤੁਠਾ-ਪ੍ਰਸੰਨ ਹੁੰਦਾ ਹੈ। ਮਾਰਗਿ-ਰਸਤੇ ਉਤੇ। ਪਾਇ-ਪੈਰ ਵਿਚ। ਨ ਗਡਈ-ਨਹੀਂ ਲਗਦਾ; ਨਹੀਂ ਚੁਭਦਾ। ਮੂਲੇ-ਉਕਾ ਹੀ।੧੧। ਖੇਹੂ-ਮਿੱਟੀ ਤੋਂ ਬਣਿਆ ਸਰੀਰ। ਤਨੁ-ਸਰੀਰ। ਛੀਜੈ-ਮਰ ਜਾਂਦਾ ਹੈ। ਸੈਲੁ-ਪਹਾੜ। ਕਰਣ ਪਲਾਵ-ਤਰਸ ਪੈਦਾ ਕਰਨ ਵਾਲੇ ਵਿਰਲਾਪ। ਬਹੁਤੇਰੇ-ਬਹੁਤ। ਅਵਤਾਰਾ-ਜਨਮ ਲੈਂਦਾ ਹੈ।੧੨।

ਮਾਇਆ ਬਿਖੁ ਭੁਇਅੰਗਮ ਨਾਲੇ ॥ ਇਨਿ ਦੁਬਿਧਾ ਘਰ ਬਹੁਤੇ ਗਾਲੇ ॥ ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ, ਭਗਤਿ ਰਤੇ ਪਤੀਆਰਾ ਹੇ ॥੧੩॥ ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥ ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ, ਨਾਹੀ ਪਾਰਿ ਉਤਾਰਾ ਹੇ ॥੧੪॥ ਕੂਕਰ ਸੂਕਰ ਕਹੀਅਹਿ ਕੂੜਿਆਰਾ ॥ ਭਉਕਿ ਮਰਹਿ ਭਉ ਭਉ ਭਉਹਾਰਾ ॥ ਮਨਿ ਤਨਿ ਝੂਠੇ ਕੂੜੁ ਕਮਾਵਹਿ, ਦੁਰਮਤਿ ਦਰਗਹ ਹਾਰਾ ਹੇ ॥੧੫॥ ਸਤਿਗੁਰੁ ਮਿਲੈ ਤ ਮਨੂਆ ਟੇਕੈ ॥ ਰਾਮ ਨਾਮੁ ਦੇ ਸਰਣਿ ਪਰੇਕੈ ॥ ਹਰਿ ਧਨੁ ਨਾਮੁ ਅਮੋਲਕੁ ਦੇਵੈ, ਹਰਿ ਜਸੁ ਦਰਗਹ ਪਿਆਰਾ ਹੇ ॥੧੬॥ (ਜੀਵ) ਮਾਇਆ ਰੂਪ ਸੱਪਣੀ ਦੇ ਨਾਲ ਰਹਿੰਦੇ ਹਨ (ਮਨ ਦਾ ਪ੍ਰੇਮ ਮਾਇਆ ਵਿਚ ਜਿਆਦਾ ਹੈ)। ਇਸ (ਮਾਇਆ) ਨੇ ਦੁਬਿਧਾ ਪਾ ਕੇ ਬਹੁਤ ਘਰ ਗਾਲ ਦਿਤੇ ਹਨ। ਸਤਿਗੁਰੂ ਤੋਂ ਬਿਨਾ ਪ੍ਰਭੂ ਦੀ ਪ੍ਰੀਤ ਪੈਦਾ ਨਹੀਂ ਹੁੰਦੀ, (ਜੋ ਮਨੁੱਖ ਸਤਿਗੁਰੂ ਦੀ ਸੰਗਤ ਕਰਕੇ) ਭਗਤੀ ਵਿਚ ਰੰਗੇ ਹੋਏ ਹਨ, (ਉਨ੍ਹਾਂ ਦਾ ਪ੍ਰਭੂ ਵਿਚ) ਭਰੋਸਾ ਹੋਇਆ

ਹੈ।੧੩।ਸਾਕਤ ਮਨੁੱਖ ਮਾਇਆ ਦੀ ਪ੍ਰਾਪਤੀ ਲਈ ਬਹੁਤ ਦੌੜ ਭੱਜ ਕਰਦੇ ਹਨ।(ਪਰ ਉਹ) ਪ੍ਰਭੂ ਦੇ ਨਾਮ ਨੂੰ ਭੁਲਾ ਕੇ ਸੁੱਖ ਕਿਥੋਂ ਪਾ ਸਕਦੇ ਹਨ? (ਨਹੀਂ ਪਾ ਸਕਦੇ।ਉਹ) ਤਿੰਨਾਂ ਗੁਣਾਂ ਅੰਦਰ ਫਸ ਕੇ ਆਪ ਤਾਂ ਬਰਬਾਦ ਹੁੰਦੇ ਹੀ ਹਨ ਤੇ ਹੋਰਨਾਂ ਨੂੰ ਵੀ ਬਰਬਾਦ ਕਰਦੇ ਹਨ, (ਉਨ੍ਹਾਂ ਦਾ ਭਵਜਲ ਤੋਂ) ਪਾਰ ਉਤਾਰਾ ਨਹੀਂ ਹੁੰਦਾ।੧੪।ਝੂਠੇ ਮਨੁੱਖ ਕੁੱਤਿਆਂ ਤੇ ਸੂਰਾਂ ਵਰਗੇ ਕਹੇ ਜਾਂਦੇ ਹਨ (ਉਨ੍ਹਾਂ ਦਾ ਸੁਭਾਵ ਕੁੱਤੇ ਤੇ ਸੂਰਾਂ ਵਾਲਾ ਹੁੰਦਾ ਹੈ।ਉਹ ਮਾਇਆ ਵਾਸਤੇ) ਭਉਂਕ ਭਉਂਕ ਕੇ ਭ੍ਰਮਦੇ ਹੋਏ ਭੈ ਭੀਤ ਹੋ ਕੇ ਮਰ ਜਾਂਦੇ ਹਨ (ਬਿਅਰਥ ਘਾਲ ਕਰਦੇ ਹਨ); ਭਟਕ ਭਟਕ ਕੇ ਥੱਕ ਹਾਰ ਜਾਂਦੇ ਹਨ ਤੇ ਭੌਂਕ ਭੌਂਕ ਕੇ ਮਰ ਜਾਂਦੇ ਹਨ।(ਉਹ) ਮਨ ਕਰਕੇ ਤੇ ਸਰੀਰ ਕਰਕੇ ਝੂਠੇ ਹਨ ਤੇ ਝੂਠ ਨੂੰ ਹੀ ਕਮਾਉਂਦੇ ਹਨ ਅਤੇ ਖੋਟੀ ਮੱਤ ਹੋਣ ਕਰਕੇ ਪ੍ਰਭੂ ਦੀ ਦਰਗਹ ਵਿਚ (ਜੀਵਨ ਬਾਜੀ) ਹਾਰ ਜਾਂਦੇ ਹਨ।੧੫।(ਹੇ ਭਾਈ! ਜੇ) ਸਤਿਗੁਰੂ ਮਿਲ ਪਵੇ, ਤਾਂ ਮਨ ਟਿਕ ਜਾਂਦਾ ਹੈ; ਮਨ ਨੂੰ ਆਸਰਾ ਦੇਂਦਾ ਹੈ।ਸ਼ਰਣ ਵਿਚ ਪਏ ਮਨੁੱਖ ਨੂੰ (ਸਤਿਗੁਰੂ) ਰਾਮ ਦਾ ਨਾਮ ਦੇਂਦਾ ਹੈ।(ਸਤਿਗੁਰੂ ਸਿੱਖ ਨੂੰ) ਹਰੀ ਦਾ ਅਮੋਲਕ ਨਾਮ ਧਨ ਦੇਂਦਾ ਹੈ, ਹਰੀ ਦਾ ਜਸ ਕਰਨ ਦੀ ਦਾਤ ਦੇਂਦਾ ਹੈ, (ਜਿਸ ਦੀ ਬਰਕਤ ਨਾਲ ਸਿਖ ਹਰੀ ਨੂੰ) ਦਰਗਾਹ ਵਿਚ ਪਿਆਰਾ ਲਗਦਾ ਹੈ।੧੬।

ਅੰਗ ੧੦੩੦ = ਰਾਮ ਨਾਮੁ ਸਾਧੂ ਸਰਣਾਈ ॥ ਸਤਿਗੁਰ ਬਚਨੀ ਗਤਿ ਮਿਤਿ ਪਾਈ ਨਾਨਕ ਹਰਿ ਜਪਿ ਹਰਿ ਮਨ ਮੇਰੇ, ਹਰਿ ਮੇਲੇ ਮੇਲਣਹਾਰਾ ਹੇ ॥੧੭॥੪॥੯॥ (ਹੇ ਭਾਈ!) ਸਾਧੂ ਗੁਰੂ ਦੀ ਸ਼ਰਣ ਵਿਚ ਪਿਆਂ ਪ੍ਰਭੂ ਦਾ ਨਾਮ ਮਿਲਦਾ ਹੈ।ਸਤਿਗੁਰੂ ਦੇ ਬਚਨਾਂ ਦੁਆਰਾ ਮੁਕਤੀ ਦੀ ਮਰਿਆਦਾ ਪਾਈ ਜਾਂਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੇ ਮਨ! ਹਰੀ ਦਾ ਨਾਮ ਜਪਿਆ ਕਰ, (ਨਾਮ ਜਪਣ ਨਾਲ) ਮੇਲਣ ਵਾਲਾ ਪ੍ਰਭੂ (ਤੈਨੂੰ ਅਪਣੇ) ਨਾਲ ਮਿਲਾ ਲਵੇਗਾ।੧੭।੩।੯।

ਪਦਾਰਥ = ਬਿਖੁ–ਜਹਿਰੀਲੀ ਮਾਇਆ।ਭੁਇਅੰਗਮ–ਸੱਪਣੀ।ਨਾਲੇ–ਨਾਲ (ਸਾਥ)।ਇਨਿ–ਇਸ ਨੇ।ਗਾਲੇ–ਗਾਲ (ਬਰਬਾਦ ਕਰ) ਦਿਤੇ।ਬਾਝਹੁ–ਬਿਨਾ।ਨ ਉਪਜੈ–ਪੈਦਾ ਨਹੀਂ ਹੁੰਦੀ।ਰਤੇ–ਰੰਗੇ ਹੋਏ ਹਨ।ਪਤੀਆਰਾ–ਭਰੋਸਾ; ਨਿਸ਼ਚਾ।੧੩।ਸਾਕਤ–ਰੱਬ ਤੋਂ ਟੁੱਟਿਆ ਮਨੁੱਖ।ਕਉ–ਲਈ।ਧਾਵਹਿ–ਦੌੜ ਭੱਜ ਕਰਦੇ ਹਨ।ਵਿਸਾਰਿ–ਭੁਲਾ ਕੇ।ਕਹਾ–ਕਿੱਥੋਂ।ਤ੍ਰਿਹੁ ਗੁਣ ਅੰਤਰਿ–ਮਾਇਆ ਦੇ ਤਿੰਨ ਗੁਣਾਂ ਅੰਦਰ ਫਸ ਕੇ।ਖਪਹਿ–ਨਾਸ਼ ਹੁੰਦੇ ਹਨ।ਖਪਾਵਹਿ–ਹੋਰਨਾਂ ਨੂੰ ਨਾਸ਼ ਕਰਦੇ ਹਨ।੧੪।ਕੂਕਰ–ਕੁੱਤੇ।ਸੂਕਰ–ਸੂਰ। ਕੂੜਿਆਰਾ–ਝੂਠੇ ਮਨੁੱਖ।ਭਉਕਿ–ਭਉਂਕਿ ਕੇ।ਮਰਹਿ–ਮਰਦੇ ਹਨ।ਭਉ ਭਉ ਭਉ–ਭਉਂਕ ਭਉਂਕਿ ਕੇ; ਭਟਕ ਭਟਕ ਕੇ।ਭਉਹਾਰਾ –ਭੈ ਭੀਤ ਹੋ ਕੇ।ਮਨਿ–ਮਨ ਕਰਕੇ।ਤਨਿ–ਸਰੀਰ ਕਰਕੇ।ਦੁਰਮਤਿ–ਖੋਟੀ ਮੱਤ ਹੋਣ ਕਰਕੇ।ਹਾਰਾ–ਹਾਰ ਜਾਂਦੇ ਹਨ।੧੫।ਮਨੂਆ –ਮਨ।ਟੇਕੈ–ਟਿਕ ਜਾਂਦਾ ਹੈ; ਆਸਰਾ ਦੇਂਦਾ ਹੈ।ਰਾਮ–ਸਰਬ ਵਿਆਪਕ ਵਾਹਿਗੁਰੂ।ਪਰੇਕੈ–ਪਏ ਹੋਏ ਨੂੰ।੧੬।ਸਾਧੂ–ਗੁਰੂ। ਬਚਨੀ–ਬਚਨਾਂ ਦੁਆਰਾ।ਗਤਿ ਮਿਤਿ–ਮੁਕਤੀ ਪ੍ਰਾਪਤੀ ਦੀ ਮਰਿਆਦਾ।ਮਨ ਮੇਰੇ–ਹੇ ਮੇਰੇ ਮਨ!।੧੭।੩।੯।